ਮੁੱਲ ₹ 5/-



ਸ਼ਹਾਦਤ ਦਾ ਸੰਦਰਭ

ਜੂਨ 2011

# ਜਾਗ੍ਰਤੀ



ਅਲਵਿਦਾ ਸਰਦਾਰਨੀ ਸੁਰਿੰਦਰ ਕੌਰ ਬਾਦਲ

## ਫੂਲਨ ਕੀ ਬਰਖਾ ਬਰਸਾਵੈ...

ਸੇਵਾ ਅਧਿਕਾਰ ਕਾਨੂੰਨ

## ਪਰਜਾ ਦੀ ਤਾਜਪੋਸ਼ੀ

- ਦਫ਼ਤਰਾਂ ਵਿੱਚ ਆਮ ਆਦਮੀ ਦੀ ਟੌਹਰ
- ਲਾਰੇ-ਲੱਪੇ ਦੇ ਦਿਨ ਟੱਪੇ
- ਕੰਮਾਂ ਦੇ ਨਿਪਟਾਰੇ ਲਈ ਸਮਾਂ ਮਿਥਿਆ
- ਟਰਕਾਉਣ ਵਾਲੇ ਅਫ਼ਸਰਾਂ ਲਈ ਸਜ਼ਾ

ਜਪ੍ਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਇਓ ॥



# ਗੁਰ ਅਰਜਨ ਵਿਟਹੁ ਕੁਰਬਾਣੀ

ਬਾਣੀ ਦੇ ਬੋਹਿਥ, ਸ਼ਬਦ ਗੁਰੂ ਸ੍ਰੀ ਸਾਹਿਬ ਜੀ ਦੇ ਸੰਕਲਨ ਕਰਤਾ,
ਸ਼ਹੀਦਾਂ ਦੇ ਸਿਰਤਾਜ, ਪੰਚਮ ਪਾਤਸ਼ਾਹ

## ਸ੍ਰੀ ਗੁਰੂ ਅਰਜਨ ਦੇਵ ਜੀ
## ਦੇ ਸ਼ਹੀਦੀ ਦਿਹਾੜੇ 'ਤੇ

ਪੰਜਾਬ ਸਰਕਾਰ ਉਹਨਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੀ ਹੈ।



# ਜਾਗ੍ਰਤੀ

ਜਿਲਦ : 58 ਜੂਨ 2011 ਅੰਕ : 6

**ਮੁੱਖ ਕਾਰਜਕਾਰੀ ਅਧਿਕਾਰੀ**
ਡੀ. ਐਸ. ਮਾਂਗਟ
**ਐਡੀਟਰ-ਇਨ-ਚੀਫ਼**
ਏ. ਐਸ. ਪਰਾਸ਼ਰ
**ਡਿਪਟੀ ਐਡੀਟਰ**
ਅਸ਼ੋਕ ਸ਼ਰਮਾ

**ਕਵਰ ਡਿਜ਼ਾਈਨ**
ਸੂਰੀਆ

**ਪ੍ਰਕਾਸ਼ਕ**
ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ

**ਸੰਪਰਕ ਕਰਨ ਲਈ ਪਤਾ :**
ਐਡੀਟਰ-ਇਨ-ਚੀਫ਼, ਜਾਗ੍ਰਤੀ,
ਕਮਰਾ ਨੰ: 7, ਪੰਜਵੀਂ ਮੰਜ਼ਿਲ,
ਪੰਜਾਬ ਸਿਵਲ ਸਕੱਤਰੇਤ,
ਚੰਡੀਗੜ੍ਹ।



ਪਰਚੇ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ/ ਐਡੀਟਰ-ਇਨ-ਚੀਫ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ, ਛਾਂਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਅਦਾਲਤੀ ਕਾਰਵਾਈ ਚੰਡੀਗੜ੍ਹ ਵਿੱਚ ਹੀ ਮੰਨਣਯੋਗ ਹੋਵੇਗੀ।



ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ, ਛਾਪਕ ਤੇ ਪ੍ਰਕਾਸ਼ਕ ਨੇ ਪਨਮੀਡੀਆ ਰਾਹੀਂ ਛਪਵਾ ਕੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਲਈ ਜਾਗ੍ਰਤੀ, ਪੰਜਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ, ਤੋਂ ਜਾਰੀ ਕੀਤਾ।

**ਐਮ. ਪੀ. ਪ੍ਰਿੰਟਰਜ਼**
ਬੀ-220, ਇੰਡਸਟਰੀਅਲ
ਏਰੀਆ, ਫੇਜ਼-2,
ਨੋਇਡਾ - 201305 (ਯੂ. ਪੀ.)


## ਸੰਪਾਦਕੀ

# ਰਾਜ ਨਹੀਂ, ਸੇਵਾ

ਮਾਰਚ 2007 ਵਿੱਚ ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੀ ਵਾਗ ਡੋਰ ਸੰਭਾਲਣ ਵੇਲੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ 'ਰਾਜ ਨਹੀਂ, ਸੇਵਾ' ਦਾ ਜਿਹੜਾ ਸੰਕਲਪ ਸਾਹਮਣੇ ਲਿਆਂਦਾ ਸੀ, ਉਸ ਦੀ ਸ਼ੁਰੂਆਤ ਤਾਂ 2009 ਵਿੱਚ 'ਸਮਾਜਿਕ ਵਿਕਾਸ ਤੇ ਗਵਰਨੈਂਸ ਸੁਧਾਰ ਕਮਿਸ਼ਨ' ਬਣਾਉਣ ਨਾਲ ਹੀ ਹੋ ਗਈ ਸੀ। ਮੌਜੂਦਾ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਇਹ ਮਨ ਬਣਾ ਲਿਆ ਸੀ ਕਿ ਆਮ ਲੋਕਾਂ ਨੂੰ ਸਰਕਾਰੀ ਦਫ਼ਤਰਾਂ 'ਚੋਂ ਆਪਣੇ ਕੰਮ ਕਰਵਾਉਣ ਵਿੱਚ ਜਿਸ ਤਰ੍ਹਾਂ ਦੀਆਂ ਵੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ, ਉਹ ਹਰ ਸੂਰਤ ਵਿੱਚ ਦੂਰ ਹੋਣੀਆਂ ਚਾਹੀਦੀਆਂ ਹਨ। ਕਮਿਸ਼ਨ ਦੀਆਂ ਸਿਫ਼ਾਰਸ਼ਾਂ ਨੂੰ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸਿੱਧੀ ਨਿਗਰਾਨੀ ਹੇਠ ਅਮਲ ਵਿੱਚ ਲਿਆਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਹਾਲ ਹੀ ਵਿੱਚ ਐਫੀਡੇਵਿਟਾਂ ਤੋਂ ਜਨਤਾ ਦੀ ਖ਼ਲਾਸੀ ਕਰਾ ਕੇ ਸਰਕਾਰ ਨੇ ਵੱਡਾ ਕੰਮ ਕੀਤਾ ਹੈ। ਇਨ੍ਹਾਂ ਐਫੀਡੇਵਿਟਾਂ ਕਰਕੇ ਨਾ ਸਿਰਫ਼ ਕੰਮ ਦੇ ਨਿਪਟਾਰੇ ਵਿੱਚ ਦੇਰੀ ਹੁੰਦੀ ਸੀ, ਸਗੋਂ ਇਨ੍ਹਾਂ ਨੂੰ ਬਣਵਾਉਣ ਵਿੱਚ ਧਨ ਅਤੇ ਸਮਾਂ ਦੋਵੇਂ ਬਰਬਾਦ ਹੁੰਦੇ ਸਨ। ਇਹ ਤਕਲੀਫ਼ ਭਰਿਆ ਕੰਮ ਤਾਂ ਹੈ ਹੀ ਸੀ, ਲੁੱਟ-ਖਸੁੱਟ ਦਾ ਰਾਹ ਵੀ ਖੋਲ੍ਹਦਾ ਸੀ ਕਿਉਂਕਿ ਫਸੇ ਬੰਦੇ ਕੋਲ ਭ੍ਰਿਸ਼ਟਾਚਾਰ ਦਾ ਰਾਹ ਅਪਨਾਉਣ ਤੋਂ ਬਿਨਾ ਕੋਈ ਚਾਰਾ ਹੀ ਨਹੀਂ ਸੀ ਰਹਿ ਜਾਂਦਾ। ਸੁਭਾਵਿਕ ਹੈ ਕਿ ਲੋਕ ਹੁਣ ਇਸ ਝੰਜਟ ਤੋਂ ਛੁਟਕਾਰਾ ਮਿਲਣ ਨਾਲ ਸੁਖ ਦਾ ਸਾਹ ਲੈਣਗੇ। ਉਨ੍ਹਾਂ ਦੇ ਆਪਣੇ ਲਿਖਤੀ ਬਿਆਨ 'ਤੇ ਹੁਣ ਐਫੀਡੇਵਿਟ ਵਾਂਗ ਹੀ ਮੰਨਿਆ ਜਾਣ ਲੱਗੇਗਾ। ਇਹ ਗੱਲ ਉਨ੍ਹਾਂ ਨੂੰ ਆਪਣੇ ਅੰਦਰ ਸ਼ਕਤੀਸ਼ਾਲੀ ਹੋ ਗਏ ਹੋਣ ਦਾ ਅਹਿਸਾਸ ਕਰਵਾਏਗੀ। ਦਫ਼ਤਰਾਂ ਅੰਦਰਲੀ ਲਾਲਫ਼ੀਤਾਸ਼ਾਹੀ ਅਤੇ ਭ੍ਰਿਸ਼ਟਾਚਾਰੀ ਮਾਹੌਲ ਤੋਂ ਖ਼ਫ਼ਾ ਹੋਣ ਵਾਲੀ ਜਨਤਾ ਕਦੋਂ ਨਹੀਂ ਚਾਹੇਗੀ ਕਿ ਸਰਕਾਰੀ ਦਫ਼ਤਰਾਂ ਅੰਦਰ ਕੰਮ-ਕਾਜ ਠੀਕ ਠਾਕ ਤੇ ਸਮਾਂ-ਬੱਧ ਹੋਣ ਲੱਗ ਪਵੇ। ਆਮ ਬੰਦਾ ਇਹ ਸੋਚਣ ਲੱਗ ਪਿਆ ਸੀ ਕਿ ਰੱਬ ਕਰੇ, ਸਰਕਾਰੀ ਦਫ਼ਤਰਾਂ ਨਾਲ ਉਸਦਾ ਵਾਹ ਨਾ ਹੀ ਪਵੇ। ਸਰਕਾਰੀ ਦਫ਼ਤਰ ਜਾਣ ਵੇਲੇ ਉਹ ਠਾਣੇ ਜਾਣ ਜਿੰਨਾ ਡਰਨ ਲੱਗ ਪਿਆ ਸੀ। ਪ੍ਰਸ਼ਾਸਕੀ ਸੁਧਾਰਾਂ ਦੇ ਇਸ ਅਮਲ ਵਿੱਚ ਹੁਣ ਠਾਣੇ ਵੀ ਲੋਕਾਂ ਲਈ ਡਰਾਉਣੇ ਨਹੀਂ ਹੋਣਗੇ। ਹਾਕਮਾਂ ਨੇ ਉਸ ਦਾ ਦਰਦ ਮਹਿਸੂਸ ਕਰ ਕੇ ਹੁਣ ਉਸ ਦੀ ਇਹ ਸਮੱਸਿਆ ਹੱਲ ਕਰਨ ਦਾ ਬੰਦੋਬਸਤ ਕਰ ਦਿੱਤਾ ਹੈ।

ਸਰਕਾਰ ਵੱਲੋਂ ਲਿਆਂਦਾ ਜਾ ਰਿਹਾ 'ਸੇਵਾ ਅਧਿਕਾਰ ਕਾਨੂੰਨ' ਰਾਜ ਦੇ ਲੋਕਾਂ ਨੂੰ ਸਰਕਾਰੀ ਅਫ਼ਸਰਾਂ ਤੇ ਮੁਲਾਜ਼ਮਾਂ ਦੇ ਅਸਲੀ ਮਾਲਕ ਬਣਾਉਣ ਵੱਲ ਕ੍ਰਾਂਤੀਕਾਰੀ ਕਦਮ ਸਾਬਤ ਹੋਵੇਗਾ। ਉਪ ਮੁੱਖ ਮੰਤਰੀ ਦੇ ਸ਼ਬਦਾਂ ਵਿੱਚ 'ਰਾਜ ਦੇ ਅਸਲੀ ਮਾਲਕ ਲੋਕ ਹੀ ਹਨ ਤੇ ਹੁਣ ਉਹ ਵੇਲਾ ਆ ਗਿਆ ਹੈ ਜਦੋਂ ਅਫ਼ਸਰਸ਼ਾਹੀ ਨੂੰ ਇਨ੍ਹਾਂ ਅਸਲੀ ਮਾਲਕਾਂ ਦਾ ਸਾਹਮਣਾ ਕਰਨਾ ਪਵੇਗਾ।' ਇਸ ਕਾਨੂੰਨ ਦੇ ਤਹਿਤ ਇਹ ਖ਼ੁਲਾਸਾ ਕਰ ਦਿੱਤਾ ਗਿਆ ਹੈ ਕਿ ਸਰਕਾਰੀ ਦਫ਼ਤਰਾਂ ਵਿੱਚੋਂ ਹੋਣ ਵਾਲਾ ਕਿਹੜਾ ਕੰਮ ਕਿੰਨੇ ਦਿਨਾਂ ਵਿੱਚ ਹੋਵੇਗਾ ਤੇ ਇਹ ਕੰਮ ਕਰਨ ਦੀ ਜ਼ਿੰਮੇਂਵਾਰੀ ਕਿਹੜੇ ਅਫ਼ਸਰ ਦੀ ਹੋਵੇਗੀ। ਇਸ ਕਾਨੂੰਨ ਦੇ ਤਹਿਤ ਲੋਕਾਂ ਨੂੰ ਅਫ਼ਸਰ ਕੋਲੋਂ ਪੁੱਛਣ ਦਾ ਅਧਿਕਾਰ ਹੋਵੇਗਾ ਕਿ ਉਨ੍ਹਾਂ ਦਾ ਕੰਮ ਜੇ ਸਮੇਂ ਸਿਰ ਪੂਰਾ ਨਹੀਂ ਕਰਕੇ ਦਿੱਤਾ ਗਿਆ ਤਾਂ ਇਸ ਦੀ ਕੀ ਵਜ੍ਹਾ ਹੈ? ਤਸੱਲੀ ਨਾ ਹੋਣ ਦੀ ਸੂਰਤ ਵਿੱਚ ਉਹ ਵਿਅਕਤੀ ਉਸ ਤੋਂ ਉਪਰਲੇ ਅਧਿਕਾਰੀ ਕੋਲ ਮਾਮਲਾ ਉਠਾ ਸਕੇਗਾ। ਕਸੂਰਵਾਰ ਨਿਕਲਣ 'ਤੇ ਸਬੰਧਿਤ ਅਫ਼ਸਰ ਨੂੰ ਪੰਜ ਸੌ ਤੋਂ ਲੈ ਕੇ ਪੰਜ ਹਜ਼ਾਰ ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਪਾਰਦਰਸ਼ੀ ਤੇ ਜਵਾਬਦੇਹੀ ਵਾਲਾ ਪ੍ਰਸ਼ਾਸਨਿਕ ਢਾਂਚਾ ਉਸਾਰਨ ਦਾ ਇਹ ਕੰਮ ਪੰਜਾਬ ਵਿੱਚ ਪਹਿਲੀ ਵਾਰੀ ਹੋ ਰਿਹਾ ਹੈ।

ਪੰਜਾਬ ਹੁਣ ਆਪਣੀ ਇਸ ਲੋਕ-ਹਿਤ ਕਾਰਵਾਈ ਨਾਲ ਉਨ੍ਹਾਂ ਰਾਜਾਂ ( ਬਿਹਾਰ, ਮੱਧ ਪ੍ਰਦੇਸ਼ ਤੇ ਯੂ ਪੀ ) ਵਿੱਚ ਸ਼ਾਮਲ ਹੋ ਰਿਹਾ ਹੈ ਜਿਨ੍ਹਾਂ ਨੇ ਜਨਤਾ ਨੂੰ ਅਫ਼ਸਰਸ਼ਾਹੀ ਦੇ ਅਸਲੀ ਮਾਲਕ ਬਣਾਉਣ ਲਈ ਇਸ ਤਰ੍ਹਾਂ ਦੇ ਕਾਨੂੰਨ ਬਣਾ ਲਏ ਹਨ। ਕਿਉਂਕਿ ਇਸ ਕਾਨੂੰਨ ਨਾਲ ਅਫ਼ਸਰਸ਼ਾਹੀ ਸਿੱਧੇ ਤੌਰ 'ਤੇ ਲੋਕਾਂ ਅੱਗੇ ਜਵਾਬਦੇਹ ਹੋ ਜਾਂਦੀ ਹੈ, ਇਸ ਲਈ ਇਸ 'ਤੇ ਪ੍ਰਤੀਕਰਮ ਉਠਣੇ ਵੀ ਸੁਭਾਵਿਕ ਹਨ। ਪਰ ਇਹ ਗੱਲ ਸਵੀਕਾਰ ਕਰਨ ਵਿੱਚ ਕੋਈ ਸੰਕੋਚ ਨਹੀਂ ਹੋਣਾ ਚਾਹੀਦਾ ਕਿ ਇਸ ਤਰ੍ਹਾਂ ਦੀ ਕਾਰਵਾਈ ਨਾਲ ਪਹਿਲੀ ਵਾਰ ਹੋਵੇਗਾ ਕਿ ਜਿਹੜੇ ਲੋਕਾਂ ਦੇ ਬਲ 'ਤੇ ਸਾਰੀ ਜਮਹੂਰੀਅਤ ਟਿਕੀ ਹੋਈ ਹੈ, ਉਹ ਆਪਣੇ ਆਪ ਨੂੰ ਸਹੀ ਮਾਅਨਿਆਂ ਵਿੱਚ ਤਾਕਤਵਾਰ ਸਮਝਣ ਲੱਗਣਗੇ। ਜਮਹੂਰੀਅਤ ਨੂੰ ਮਜ਼ਬੂਤ ਕਰਨਾ ਸਿਆਸਤਦਾਨਾਂ ਅਤੇ ਅਫ਼ਸਰਸ਼ਾਹੀ ਦੋਹਾਂ ਦੀ ਹੀ ਜ਼ਿੰਮੇਂਵਾਰੀ ਹੈ। ਇਸ ਲਈ ਹਰ ਸੰਭਵ ਯਤਨ ਹੋਣਾ ਚਾਹੀਦਾ ਹੈ ਕਿ ਇਸ ਨਵੇਂ 'ਪਾਰਦਰਸ਼ੀ ਤੇ ਜਵਾਬਦੇਹੀ' ਵਾਲੇ ਪ੍ਰਸ਼ਾਸਨ ਵਿੱਚ ਖ਼ਾਮੀਆਂ ਲੱਭਣ ਦੀ ਬਜਾਏ ਪੂਰੇ ਮਨ ਨਾਲ ਇਸ ਨੂੰ ਹਕੀਕਤ ਬਣਾਇਆ ਜਾਵੇ।

ਅਵਲਿ ਅਲਹੁ ਨੂਰ ਉਪਾਇਆ ਕੁਦਰਤ ਕੇ ਸਭ ਬੰਦੇ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥



ਮੱਧਕਾਲ ਦੇ ਮਹਾਨ ਸਮਾਜ ਸੁਧਾਰਕ

# ਭਗਤ ਕਬੀਰ ਜੀ

ਦੇ 613ਵੇਂ ਪ੍ਰਕਾਸ਼ ਉਤਸਵ 'ਤੇ

ਪੰਜਾਬ ਸਰਕਾਰ ਸ਼ਰਧਾ ਅਤੇ

ਸਤਿਕਾਰ ਭੇਂਟ ਕਰਦੀ ਹੈ ।






ਸ੍ਰੀ ਗੁਰੂ ਅਰਜਨ ਦੇਵ ਜੀ

28 ਰੂਪ ਸਿੰਘ





ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

42 ਵਿਧਾਤਾ ਸਿੰਘ ਤੀਰ





ਹਰਮਨ ਪਿਆਰੀ ਹੋ ਰਹੀ ਹੈ ਈਕੋ ਕੈਬ


06 ਅਸ਼ੋਕ ਮਲਿਕ





ਵਿਦਿਆਰਥਣਾਂ ਲਈ ਸਾਈਕਲ

24 ਸ਼ਰੁਤੀ ਸੇਤੀਆ ਛਾਬੜਾ







ਸੇਵਾ ਅਧਿਕਾਰ ਕਾਨੂੰਨ ਲਾਲ ਫ਼ੀਤਾਸ਼ਾਹੀ ਤੋਂ ਮੁਕਤੀ

14 ਏ ਐਸ ਪਰਾਸ਼ਰ





ਪੁਸ਼ਪਾਂਜਲੀ

ਫੁਲਨ ਕੀ ਬਰਖਾ ਬਰਸਾਵੈ...

10 |

08 | ਕਨੇਡਾ ਦੀ ਸੰਸਦ ਵਿੱਚ ਅੱਠ ਪੰਜਾਬੀ


09 | ਕਾਲੇ ਸਾਏ ਤੋਂ ਮੁਕਤੀ

13 | ਕਣਕ ਦੇ ਝਾੜ ਦਾ ਕਮਾਲ

23 | ਪਹੁੰਚੇ ਜੋ ਮੰਜ਼ਿਲਾਂ 'ਤੇ

30 | ਪੰਜਾਬੀਅਤ ਤੇ ਸੂਫ਼ੀ ਸੰਤ

ਤੇ ਇਸ ਦੇ ਨਾਲ ਹੋਰ ਦਿਲਚਸਪ ਸਾਹਿਤਕ ਸਾਮੱਗਰੀ


35 | ਬੇਬਾਕ ਸਮਾਜ ਸੁਧਾਰਕ ਸੰਤ ਕਬੀਰ

ਸ਼੍ਰੋਮਣੀ ਕਮੇਟੀ ਚੋਣਾਂ: ਦੇਰੀ ਪਿੱਛੇ ਰਾਜਨੀਤੀ 38 |







36 | ਮਾਂ-ਖੇਡ ਕਬੱਡੀ

ਕਾਲਾ ਧਨ ਅਤੇ ਲੋਕ-ਸੰਘਰਸ਼ 39 |




# ਬਹਿ ਜਾ 'ਰਾਕਟ' ਤੇ...
# ਹਰਮਨ ਪਿਆਰੀ ਹੋ ਰਹੀ ਹੈ ਈਕੋ ਕੈਬ

**ਅਸ਼ੋਕ ਮਲਿਕ**

ਸ਼ਹਿਰੀ ਯੋਜਨਾਕਾਰਾਂ ਅਤੇ ਟਰਾਂਸਪੋਰਟ ਯੋਜਨਾਕਾਰਾਂ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਸਾਈਕਲ-ਰਿਕਸ਼ਾ, ਟਰਾਂਸਪੋਰਟ ਦਾ ਸਾਧਨ ਬਣ ਸਕੇਗਾ। ਫਿਰ ਵੀ ਗ਼ਰੀਬ ਆਦਮੀ ਦੀ ਕਾਰ ਨੇ ਉਨ੍ਹਾਂ ਲੋਕਾਂ ਦਾ ਧਿਆਨ ਖਿੱਚਿਆ ਜੋ ਵਾਤਾਵਰਨ-ਪੱਖੀ ਤੇ ਸਸਤੇ ਆਵਾਜਾਈ ਸਾਧਨ ਦੀ ਤਲਾਸ਼ ਕਰਨ ਵਿੱਚ ਲੱਗੇ ਹੋਏ ਸੀ ਤੇ ਇਸ ਬਹਾਨੇ ਛੋਟੇ ਜਾਂ ਵੱਡੇ ਸ਼ਹਿਰਾਂ ਦੇ ਵਿੱਚ ਵਰਤਿਆ ਜਾ ਸਕੇ। ਇਸਦੀ ਤਕਨੀਕ ਪੁਰਾਣੇ ਸਾਈਕਲ ਵਰਗੀ ਹੈ। ਇਹ ਰਿਕਸ਼ੇ ਖ਼ਰੀਦਣ ਲਈ ਪੈਸੇ ਦਾ ਪ੍ਰਬੰਧ ਖ਼ਰੀਦਦਾਰ ਨੂੰ ਇਧਰੋਂ ਉਧਰੋਂ ਹੀ ਕਰਨਾ ਪੈਂਦਾ ਰਿਹਾ ਹੈ। ਬੈਂਕਾਂ ਤੋਂ ਇਸ ਦੇ ਵਾਸਤੇ ਕਰਜ਼ਾ ਲੈ ਜਾਣ ਦੀ ਕੋਈ ਵਿਵਸਥਾ ਨਹੀਂ ਹਾਲਾਂਕਿ ਇਹ ਦੇਸ਼ ਭਰ ਵਿੱਚ ਲੱਖਾਂ ਲੋਕਾਂ ਨੂੰ ਰੋਜ਼ੀ-ਰੋਟੀ ਮੁਹੱਈਆ ਕਰਵਾ ਰਿਹਾ ਹੈ। ਵਿਡੰਬਨਾ ਇਹ ਹੈ ਕਿ ਭਾਰਤ 'ਚ ਬਣਿਆ ਇਹ ਵਾਹਨ ਬਰਤਾਨੀਆ ਤੇ ਕਈ ਹੋਰ ਦੇਸ਼ਾਂ ਨੂੰ ਵੀ ਭੇਜਿਆ ਜਾ ਰਿਹਾ ਹੈ।

ਸਾਈਕਲ ਰਿਕਸ਼ਾ ਖ਼ਰੀਦਣ ਦੀ ਪਹੁੰਚ ਵਿੱਚ ਹੋਣ ਦੀ ਬਦੌਲਤ ਇਹ ਪਿੰਡਾਂ ਤੇ ਸ਼ਹਿਰਾਂ ਦੀਆਂ ਸੜਕਾਂ 'ਤੇ ਆਮ ਚਲਦਾ ਵੇਖਿਆ ਜਾਂਦਾ ਹੈ। ਫਿਰ ਵੀ ਇਸ ਦੇ ਚਾਲਕਾਂ ਨੂੰ ਸੜਕਾਂ 'ਤੇ ਇਸਨੂੰ ਚਲਾਉਂਦਿਆਂ ਕਾਫ਼ੀ ਸਰੀਰਿਕ ਕਸ਼ਟ ਝੱਲਣਾ ਪੈਂਦਾ ਹੈ। ਸਰਹੱਦੀ ਸ਼ਹਿਰ ਫ਼ਾਜ਼ਿਲਕਾ ਨੇ ਵਾਤਾਵਰਨ-ਪੱਖੀ ਇਸ ਵਾਹਨ ਨੂੰ ਬੜੇ ਜੋਸ਼ ਨਾਲ ਅਪਣਾਇਆ। ਹੋਰ ਸ਼ਹਿਰਾਂ ਵਿੱਚ ਵੀ ਇਹ ਵਾਹਨ ਕਈਆਂ ਨੇ ਖਰੀਦਿਆ। ਈਕੋਕੈਬ, ਜੋ ਪ੍ਰਦੂਸ਼ਣ-ਰਹਿਤ ਵਾਹਨ ਹੈ, ਨੂੰ ਗਰੈਜੂਏਟ ਵੇਲਫ਼ੇਅਰ ਐਸੋਸੀਏਸ਼ਨ ਫ਼ਾਜ਼ਿਲਕਾ ਵੱਲੋਂ 2009 ਦੇ ਸ਼ੁਰੂ ਵਿੱਚ ਵਿਕਸਿਤ ਕੀਤਾ ਗਿਆ, ਇਹ ਆਉਂਦੇ ਕੁਝ ਸਾਲਾਂ 'ਚ ਪੰਜਾਬ ਤੇ ਹਰਿਆਣਾ ਦੇ ਲੱਗਭਗ ਸਾਰੇ ਸ਼ਹਿਰਾਂ 'ਚ ਚੱਲਣ ਲੱਗ ਪਏਗਾ। ਪੰਜਾਬ ਨੇ ਨਵੰਬਰ 2010 'ਚ ਨਵੀਂ ਦਿੱਲੀ ਦੇ ਪ੍ਰਗਤੀ ਮੈਦਾਨ ਵਿੱਚ ਲੱਗੇ ਕੌਮਾਂਤਰੀ ਵਪਾਰ ਮੇਲੇ 'ਚ ਇਹ ਵਾਹਨ ਆਪਣੇ ਮੰਡਪ ਵਿੱਚ ਸ਼ਾਮਲ ਕੀਤਾ।

ਪਟਿਆਲਾ ਤੇ ਪਵਿੱਤਰ ਸ਼ਹਿਰ ਅੰਮ੍ਰਿਤਸਰ ਨੇ ਲੱਕੜ ਤੇ ਸਟੀਲ ਦੇ ਬਣੇ ਰਿਕਸ਼ੇ ਦੇ ਆਧੁਨਿਕ ਰੂਪ ਨੂੰ ਆਪਣੇ ਤਰੀਕੇ ਨਾਲ ਅਪਣਾਇਆ। ਰਾਜ ਸਰਕਾਰ ਨੇ ਸਾਰੇ ਜ਼ਿਲ੍ਹਿਆਂ ਨੂੰ ਕਿਹਾ ਹੈ ਕਿ ਉਹ ਈਕੋਕੈਬ ਦੇ ਫ਼ਾਜ਼ਿਲਕਾ ਮਾਡਲ ਦਾ ਅਧਿਐਨ ਕਰਨ ਤੇ ਵੇਖਣ ਕਿ ਕੀ ਉਹ ਆਪਣੇ ਸ਼ਹਿਰਾਂ ਵਿੱਚ ਇਸਨੂੰ ਅਪਣਾ ਸਕਦੇ ਹਨ?

ਸਾਲ 2006 'ਚ ਮਾਰਚ ਦੇ ਆਖ਼ਿਰੀ ਹਫ਼ਤੇ ਗਰੈਜੂਏਟ ਵੈਲਫ਼ੇਅਰ ਐਸੋਸੀਏਸ਼ਨ ਫ਼ਾਜ਼ਿਲਕਾ ਨੇ ਫ਼ਾਜ਼ਿਲਕਾ ਹੈਰੀਟੇਜ ਫੈਸਟੀਵਲ ਕਰਵਾਇਆ। ਸਾਧੂ ਆਸ਼ਰਮ ਰੋਡ 'ਤੇ 300 ਮੀਟਰ ਦੇ ਖ਼ੇਤਰ ਵਿੱਚ ਪੈਦਲ ਚੱਲਣ ਵਾਸਤੇ ਇਕ ਗਲੀ ਬਣਾਈ। ਇਕ ਅਧਿਐਨ ਤੋਂ ਪਤਾ ਲੱਗਾ ਹੈ ਕਿ ਜੇ ਗਲੀਆਂ ਵਿੱਚ ਕਾਰਾਂ ਨਾ ਚੱਲਣ ਤਾਂ ਨਾ ਸਿਰਫ ਲੋਕਾਂ ਦੇ ਜੀਵਨ-ਮਿਆਰ ਵਿੱਚ ਹੀ ਸੁਧਾਰ ਹੋਵੇਗਾ ਸਗੋਂ ਅਮਨ-ਕਾਨੂੰਨ ਵੀ ਕਾਇਮ ਰੱਖਿਆ ਜਾ ਸਕੇਗਾ। ਕਾਰਾਂ ਨਾ ਚੱਲਣ ਕਰਕੇ ਹਵਾ ਘੱਟ ਪ੍ਰਦੂਸ਼ਿਤ ਹੋਵੇਗੀ। ਖ਼ਰਚਾ ਘਟੇਗਾ ਤੇ ਸੜਕਾਂ 'ਤੇ ਆਵਾਜਾਈ ਸੁਰੱਖ਼ਿਅਤ ਹੋਵੇਗੀ।

ਮਕੈਨੀਕਲ ਇੰਜੀਨੀਅਰਿੰਗ ਦੇ ਸੇਵਾਮੁਕਤ ਪ੍ਰੋਫੈਸਰ ਭੁਪਿੰਦਰ ਸਿੰਘ, ਜੋ ਇਸ ਪ੍ਰੋਜੈਕਟ ਦੇ ਸੰਸਥਾਪਕ ਹਨ, ਨੇ ਕਿਹਾ ਕਿ 'ਜੇਕਰ ਸੜਕਾਂ 'ਤੇ ਕਾਰਾਂ ਨਾ ਚੱਲਣ ਤਾਂ ਸੜਕਾਂ 'ਤੇ ਹਰੇਕ ਲਈ ਕਾਫ਼ੀ ਵਾਧੂ ਰਾਹ ਬਚ ਜਾਵੇਗਾ। ਸੜਕਾਂ ਦੁਆਲੇ ਹਰ ਤਰ੍ਹਾਂ ਦੀਆਂ ਸਟਾਲਾਂ ਲੱਗੀਆਂ ਹੁੰਦੀਆਂ ਹਨ ਜਿਹਨਾਂ 'ਤੇ ਖਾਣ-ਪੀਣ ਦੀਆਂ ਵਸਤਾਂ ਤੋਂ ਲੈ ਕੇ ਦਸਤਕਾਰੀ ਵਸਤਾਂ ਵਿਕਦੀਆਂ ਹਨ ਜਦ ਕਿ ਗਲੀਆਂ ਵਿੱਚ ਕਿਸੇ ਹਾਦਸੇ ਦੇ ਡਰ ਤੋਂ ਮੁਕਤ ਹੋ ਕੇ ਲੋਕ ਖੁਲ੍ਹੇਆਮ ਘੁੰਮ ਫਿਰ ਸਕਦੇ ਹਨ।'

ਗਰੈਜੂਏਟ ਵੈਲਫ਼ੇਅਰ ਐਸੋਸੀਏਸ਼ਨ ਫ਼ਾਜ਼ਿਲਕਾ ਦਾ ਕੰਮ ਇਥੇ ਹੀ ਖ਼ਤਮ ਨਹੀਂ ਹੋਇਆ। ਇਸ ਨੇ ਫ਼ੋਨ 'ਤੇ ਰਿਕਸ਼ਾ ਬੁੱਕ ਕਰਨ ਦੀ ਸਹੂਲਤ ਵੀ ਸ਼ੁਰੂ ਕੀਤੀ ਹੈ। ਫ਼ਾਜ਼ਿਲਕਾ ਸ਼ਹਿਰ ਨੂੰ 5 ਜ਼ੋਨਾਂ ਵਿੱਚ ਵੰਡ ਕੇ ਹਰੇਕ ਜ਼ੋਨ ਵਿੱਚ ਵੱਖਰਾ ਵੱਖਰਾ ਟੈਲੀਫ਼ੋਨ ਲਗਾਇਆ ਗਿਆ ਹੈ।

ਆਈ ਆਈ ਟੀ ਦਿੱਲੀ ਦੇ ਗਰੈਜੂਏਟ ਨਵਦੀਪ ਅਸੀਜਾ ਦਾ ਕਹਿਣਾ ਹੈ ਕਿ 'ਅਸੀਂ ਨਹੀਂ ਚਾਹੁੰਦੇ ਕਿ ਇਹ ਗਰੀਬ ਆਦਮੀ ਦੀ ਸਵਾਰੀ ਹੀ ਸਮਝੀ ਜਾਵੇ। ਇਸੇ ਲਈ ਅਸੀਂ ਇਸਦਾ ਨਾਂ ਈਕੋਕੈਬ ਰੱਖਿਆ ਹੈ। ਇਸ ਸਰਹੱਦੀ ਸ਼ਹਿਰ 'ਚ ਇਕ ਲੱਖ ਤੋਂ ਵੀ ਘੱਟ ਅਬਾਦੀ ਹੈ ਤੇ ਇਹ ਦੇਸ਼ ਅਤੇ ਵਿਸ਼ਵ ਦਾ ਪਹਿਲਾ ਸ਼ਹਿਰ ਬਣ ਗਿਆ ਹੈ ਜਿਸਨੇ ਫ਼ੋਨ 'ਤੇ ਰਿਕਸ਼ਾ ਮੰਗਵਾਉਣ ਦੀ ਸਹੂਲਤ ਮੁਹੱਈਆ ਕਰਵਾਈ ਹੈ। ਸ਼ਹਿਰੀ ਜੀਵਨ ਦੀ ਗਤੀ ਅਤੇ ਦੂਰੀਆਂ ਵਧਣ ਕਾਰਨ ਅਸੀਂ ਤੇਜ਼ ਰਫ਼ਤਾਰ ਵਾਲੇ ਵਾਹਨ ਜਿਵੇਂ ਕਿ ਕਾਰਾਂ ਰਾਹੀਂ ਸਫ਼ਰ ਕਰਨ ਨੂੰ ਤਰਜੀਹ ਦੇਣ ਲੱਗੇ




### ਬਜ਼ੁਰਗਾਂ ਲਈ ਖਾਸ ਈਕੋ ਕੈਬ

ਬਜ਼ੁਰਗਾਂ ਵਾਸਤੇ ਖਾਸ ਤਰ੍ਹਾਂ ਦਾ ਰਿਕਸ਼ਾ ਤਿਆਰ ਕੀਤਾ ਹੈ। ਇਸ ਦਾ ਪਲੇਟਫਾਰਮ ਹੇਠਾਂ ਬਣਾਇਆ ਗਿਆ ਹੈ ਤਾਂ ਕਿ ਜੋੜਾਂ ਦੇ ਦਰਦ ਨਾਲ ਪੀੜ੍ਹਤ ਬਜ਼ੁਰਗ ਇਸ ਵਿੱਚ ਅਸਾਨੀ ਨਾਲ ਚੜ੍ਹ-ਉਤਰ ਸਕਣ। ਪੰਜਾਬ ਸਰਕਾਰ ਦੇ ਮੁੱਖ ਸਕੱਤਰ ਸ਼੍ਰੀ ਐਸ ਸੀ ਅਗਰਵਾਲ ਨੇ ਇਹੋ ਜਿਹੇ ਪੰਜ ਰਿਕਸ਼ਿਆਂ ਦਾ ਲੋਕਅਰਪਣ ਕੀਤਾ ਸੀ।

ਹਾਂ, ਭਾਵੇਂ ਸਾਡਾ ਸਫ਼ਰ ਬਹੁਤਾ ਲੰਬਾ ਵੀ ਨਾ ਹੋਵੇ। ਸਿੱਟੇ ਵਜੋਂ ਭੀੜ-ਭੜੱਕਾ ਤੇ ਪ੍ਰਦੂਸ਼ਣ ਵਧਦਾ ਹੈ। ਫ਼ਾਜ਼ਿਲਕਾ ਵਿੱਚ ਤੁਸੀਂ ਫ਼ੋਨ ਕਰਕੇ 10 ਮਿੰਟ ਦੇ ਵਿੱਚ ਵਿੱਚ ਰਿਕਸ਼ਾ ਆਪਣੇ ਘਰ ਬੁਲਾ ਸਕਦੇ ਹੋ।'

## ਫ਼ੋਨ 'ਤੇ ਰਿਕਸ਼ਾ ਦੀ ਸਹੂਲਤ

ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਆਪਣੇ ਇਕ ਹਾਲੀਆ ਫ਼ੈਸਲੇ ਵਿੱਚ ਪੰਜਾਬ ਤੇ ਹਰਿਆਣਾ ਸਰਕਾਰਾਂ ਨੂੰ ਕਿਹਾ ਹੈ ਕਿ ਉਹ ਫ਼ੋਨ 'ਤੇ ਰਿਕਸ਼ਾ ਕਰਨ ਦੀ ਸਹੂਲਤ ਲਾਗੂ ਕਰਨ ਨੂੰ ਆਪਣੇ ਏਜੰਡੇ ਵਿੱਚ ਸ਼ਾਮਲ ਕਰਨ। ਇਸ ਸਬੰਧੀ ਖ਼ਬਰਾਂ ਛਪਣ ਤੇ ਕੁਝ ਪਟੀਸ਼ਨਾਂ ਦਾਇਰ ਹੋਣ ਪਿਛੋਂ ਅਦਾਲਤ ਨੇ ਕਿਹਾ ਕਿ ਜੇ ਅਜਿਹੇ ਵਾਤਾਵਰਨ-ਪੱਖੀ ਰਿਕਸ਼ੇ ਫ਼ਾਜ਼ਿਲਕਾ ਵਿੱਚ ਚੱਲ ਸਕਦੇ ਹਨ ਤਾਂ ਬਾਕੀ ਸ਼ਹਿਰਾਂ ਵਿੱਚ ਕਿਉਂ ਨਹੀਂ? ਗਰੈਜੂਏਟ ਵੈਲਫ਼ੇਅਰ ਐਸੋਸੀਏਸ਼ਨ ਫ਼ਾਜ਼ਿਲਕਾ ਨੇ ਈਕੋਕੈਬਜ਼ ਲਈ ਇਕ ਵੈਬਸਾਈਟ ਵੀ ਸ਼ੁਰੂ ਕੀਤੀ ਹੈ ਜਿਸ 'ਤੇ ਇਸ ਸਬੰਧੀ ਤਕਨੀਕੀ ਜਾਣਕਾਰੀ ਦੇਣ ਤੋਂ ਇਲਾਵਾ ਫ਼ੋਨ 'ਤੇ ਰਿਕਸ਼ਾ ਕਰਨ ਦੀ ਸਹੂਲਤ ਬਾਰੇ ਕੁਝ ਦਿਸ਼ਾ-ਨਿਰਦੇਸ਼ ਵੀ ਦਿੱਤੇ ਜਾਂਦੇ ਹਨ।

ਫ਼ੋਨ 'ਤੇ ਰਿਕਸ਼ਾ ਕਰਨ ਦੀ ਸਹੂਲਤ ਸ਼ੁਰੂ ਕਰਨ ਬਾਰੇ ਨਵਦੀਪ ਅਸੀਜਾ ਨੇ ਦੱਸਿਆ ਕਿ ਰਿਕਸ਼ਾ ਚਾਲਕਾਂ ਦੀ ਵਾਧੂ ਕਮਾਈ ਕਰਨ ਲਈ ਸਕੀਮ 'ਤੇ ਕੰਮ ਕੀਤਾ ਜਾ ਰਿਹਾ ਹੈ ਤੇ ਇਹ ਛੇਤੀ ਹੀ ਲਾਗੂ ਕਰ ਦਿੱਤੀ ਜਾਵੇਗੀ। ਫ਼ਾਜ਼ਿਲਕਾ ਵਿੱਚ 7 ਈਕੋਕੈਬ ਕਾਲ-ਸੈਂਟਰ ਸਥਾਪਿਤ ਕੀਤੇ ਗਏ ਹਨ ਜਿਥੋਂ ਰਿਕਸ਼ਾ ਕਰਨ ਲਈ ਮੁਫ਼ਤ ਟੈਲੀਫ਼ੋਨ ਕੀਤੇ ਜਾ ਸਕਦੇ ਹਨ।

ਹੁਣ ਰਿਕਸ਼ਾ ਚਾਲਕ ਅਣਗੌਲੇ ਨਹੀਂ ਰਹਿਣਗੇ। ਉਨ੍ਹਾਂ ਨੂੰ ਗਰਮੀ ਤੇ ਸਰਦੀ ਦੀਆਂ ਵਰਦੀਆਂ ਮਿਲਣਗੀਆਂ। ਸਾਰੇ ਮੁੱਖ ਪ੍ਰਾਈਵੇਟ ਹਸਪਤਾਲ ਅਤੇ ਡਾਕਟਰ ਉਨ੍ਹਾਂ ਨੂੰ ਕੁਝ ਮੁਫ਼ਤ ਦਵਾਈਆਂ ਤੇ ਡਾਕਟਰੀ ਸਹੂਲਤਾਂ ਦੇਣਗੇ ਤੇ ਉਨ੍ਹਾਂ ਦੇ ਕੁਝ ਲੈਬਾਰਟਰੀ ਟੈਸਟ ਵੀ ਮੁਫ਼ਤ ਹੋਇਆ ਕਰਨਗੇ : ਚਾਰ ਪ੍ਰਮੁੱਖ ਵਕੀਲ ਉਨ੍ਹਾਂ ਨੂੰ ਕਾਨੂੰਨੀ ਸਹਾਇਤਾ ਮੁਹੱਈਆ ਕਰਾਉਣਗੇ। ਫ਼ਾਜ਼ਿਲਕਾ ਦੇ ਵੱਖ ਵੱਖ ਜ਼ੋਨਾਂ ਵਿੱਚ ਨਗਰ ਕੌਂਸਲ ਵੱਲੋਂ ਸਥਾਈ ਈਕੋਕੈਬ ਸਟੈਂਡ ਬਣਾਏ ਗਏ ਹਨ। ਕੁਝ ਪੜ੍ਹੇ ਲਿਖੇ ਰਿਕਸ਼ਾ ਚਾਲਕਾਂ ਨੂੰ ਕੰਪਿਊਟਰ ਦੀ ਸਿਖਲਾਈ ਵੀ ਦਿੱਤੀ ਜਾਵੇਗੀ। ਇਸ ਲਈ ਸ਼ਹਿਰ ਵਿੱਚ 2 ਕੰਪਿਊਟਰ ਸੈਂਟਰ ਖੋਲ੍ਹੇ ਗਏ ਹਨ। ਹਰਿਆਣਾ ਦੇ ਪਾਣੀਪਤ, ਸਮਾਲਖਾ ਅਤੇ ਗੋਹਾਣਾ ਸ਼ਹਿਰਾਂ ਵਿੱਚ ਈਕੋਕੈਬਜ਼ ਜਲਦੀ ਹੀ ਸ਼ੁਰੂ ਕੀਤੇ ਜਾਣ ਦੀ ਸੰਭਾਵਨਾ ਹੈ।

## ਪ੍ਰਮਾਣ ਪੱਤਰ

ਸੈਰ ਸਪਾਟਾ ਵਿਭਾਗ ਦੀ ਪ੍ਰਮੁੱਖ ਸਕੱਤਰ ਗੀਤਿਕਾ ਕੱਲ੍ਹਾ ਨੇ ਕਿਹਾ ਕਿ 'ਰਵਾਇਤੀ ਰਿਕਸ਼ਾ ਇਕ ਸਦੀ ਤੋਂ ਵੱਧ ਸਮੇਂ ਤੋਂ ਭਾਰਤ ਵਿੱਚ ਆਵਾਜਾਈ ਦਾ ਸਸਤਾ ਤੇ ਪਹੁੰਚਯੋਗ ਸਾਧਨ ਰਿਹਾ ਹੈ। ਈਕੋਕੈਬਜ਼ ਦੇ ਫ਼ਾਜ਼ਿਲਕਾ ਮਾਡਲ-ਜੋ ਕਿ ਰਵਾਇਤੀ ਰਿਕਸ਼ੇ ਦਾ ਸੁਧਰਿਆ ਰੂਪ ਹੈ, ਨੂੰ ਪਵਿੱਤਰ ਸ਼ਹਿਰ ਅੰਮ੍ਰਿਤਸਰ ਤੇ ਰਾਜ ਦੇ ਹੋਰ ਭਾਗਾਂ ਵਿੱਚ ਸ਼ੁਰੂ ਕਰਨ ਦਾ ਸੈਰ ਸਪਾਟਾ ਵਿਭਾਗ ਨੂੰ ਮਾਣ ਹੈ ਤੇ ਇਸ ਸਕੀਮ ਦੀ ਸਫ਼ਲਤਾ ਦੀ ਕਾਮਨਾ ਕਰਦੇ ਹਾਂ।'

ਚੈਕੋਸਲੋਵਾਕੀਆ ਦੇ ਇਕ ਮੈਗਜ਼ੀਨ 'ਕਾਰਬਸਟਰ' ਨੇ ਫ਼ਾਜ਼ਿਲਕਾ ਨੂੰ ਘੱਟ ਊਰਜਾ ਖ਼ਪਤ ਕਰਨ ਵਾਲਾ ਸ਼ਹਿਰ ਚੁਣਿਆ ਹੈ। ਇਹ ਮਾਣ ਇਸ ਸ਼ਹਿਰ ਨੂੰ ਈਕੋਕੈਬਸ ਕਰਕੇ ਮਿਲਿਆ ਹੈ। ਅੰਮ੍ਰਿਤਸਰ ਤੇ ਪਟਿਆਲਾ ਵਿੱਚ ਚੰਗਾ ਹੁੰਗਾਰਾ ਮਿਲਣ ਪਿੱਛੋਂ ਪੰਜਾਬ ਸਰਕਾਰ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਕਿਹਾ ਹੈ ਕਿ ਉਹ ਵੀ ਆਪਣੇ ਜ਼ਿਲ੍ਹਿਆਂ ਵਿੱਚ ਈਕੋਕੈਬ ਸ਼ੁਰੂ ਕਰਨ। ਇਹ ਸਕੀਮ ਲਾਗੂ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਤਿੰਨ ਮਹੀਨੇ ਦਾ ਸਮਾਂ ਦਿੱਤਾ ਗਿਆ ਹੈ। ਅੰਮ੍ਰਿਤਸਰ ਤੇ ਪਟਿਆਲਾ ਦੇ ਡਿਪਟੀ ਕਮਿਸ਼ਨਰਾਂ ਨੂੰ ਸੂਚਿਤ ਕੀਤਾ ਗਿਆ ਹੈ ਕਿ ਇਹ ਸਕੀਮ ਭਾਰਤੀ ਰਿਜ਼ਰਵ ਬੈਂਕ ਦੀ 4 ਫੀਸਦੀ ਰਿਆਇਤੀ ਵਿਆਜ ਦਰ ਦੀ ਸਕੀਮ ਦੇ ਘੇਰੇ ਵਿੱਚ ਆ ਸਕਦਾ ਹੈ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਾ ਕਹਿਣਾ ਹੈ ਕਿ ਰਿਕਸ਼ਾ ਕੈਬ 11256 ਰੁਪਏ ਵਿੱਚ ਪੈਂਦੀ ਹੈ ਤੇ ਖ਼ਰੀਦਦਾਰ ਕੋਲੋਂ ਸਿਰਫ 500 ਰੁਪਏ ਲਏ ਜਾਂਦੇ ਹਨ। ਪੰਜਾਬ ਸਰਕਾਰ ਵੱਲੋਂ ਅਦਾਲਤ ਵਿੱਚ ਦਾਇਰ ਕੀਤੇ ਗਏ ਇਕ ਹਲਫ਼ੀਆ ਬਿਆਨ ਅਨੁਸਾਰ 'ਸਾਰੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨਾਲ ਸੰਪਰਕ ਕਰਕੇ ਉਕਤ ਕੀਮਤ 'ਤੇ ਲੋੜੀਂਦੇ ਈਕੋ ਰਿਕਸ਼ਾ ਕੈਬ ਮੰਗਵਾ ਸਕਦੇ ਹਨ। ਸਾਰੇ ਡਿਪਟੀ ਕਮਿਸ਼ਨਰਾਂ ਨੂੰ ਇਹ ਕੰਮ ਤਿੰਨ ਮਹੀਨੇ ਦੇ ਅੰਦਰ ਅੰਦਰ ਕਰਨਾ ਪਵੇਗਾ।' ਪੰਜਾਬ ਹੈਰੀਟੇਜ ਐਂਡ ਟੂਰਿਜ਼ਮ ਪ੍ਰੋਮੋਸ਼ਨ ਬੋਰਡ ਇਸ ਸਕੀਮ ਲਈ ਡਿਪਟੀ ਕਮਿਸ਼ਨਰਾਂ ਨੂੰ ਵਿੱਤੀ ਮੱਦਦ ਵੀ ਦੇਵੇਗਾ। ਪੰਜਾਬ ਸੈਰ ਸਪਾਟਾ ਵਿਭਾਗ ਦੀ ਪਿਛਲੇ 130 ਸਾਲਾਂ ਦੌਰਾਨ ਰਿਕਸ਼ੇ ਦੀ ਬਣਤਰ ਵਿੱਚ ਆਈਆਂ ਤਬਦੀਲੀਆਂ ਬਾਰੇ ਇਕ ਅਜਾਇਬ ਘਰ ਸਥਾਪਿਤ ਕਰਨ ਦੀ ਵੀ ਯੋਜਨਾ ਹੈ।

ਈਕੋਕੈਬ ਰਵਾਇਤੀ ਰਿਕਸ਼ੇ ਤੋਂ 20 ਕਿਲੋ ਦੇ ਕਰੀਬ ਘੱਟ ਭਾਰਾ ਹੁੰਦਾ ਹੈ। ਗਰੈਜੂਏਟ ਵੈਲਫ਼ੇਅਰ ਐਸੋਸੀਏਸ਼ਨ ਫ਼ਾਜ਼ਿਲਕਾ ਦੀ ਤਜਵੀਜ਼ ਅਨੁਸਾਰ ਪ੍ਰਸਤਾਵਿਤ ਅਜਾਇਬ ਘਰ ਵਿੱਚ ਤਿੰਨ ਭਾਗ ਹੋਣਗੇ ਜਿਨ੍ਹਾਂ ਵਿੱਚ ਹੱਥ ਨਾਲ ਰੋੜ੍ਹਨ ਵਾਲੇ ਰਿਕਸ਼ਿਆਂ ਦੇ ਮਾਡਲ ਤੋਂ ਲੈ ਕੇ ਆਧੁਨਿਕ ਈਕੋਕੈਬ ਸ਼ਾਮਲ ਕੀਤੇ ਜਾਣਗੇ। ਕੁਲ੍ਹ ਮਿਲਾ ਕੇ ਇਥੇ ਰਿਕਸ਼ਿਆਂ ਦੇ 25 ਮਾਡਲ ਰੱਖੇ ਜਾਣਗੇ। ਦਿੱਲੀ ਦੇ ਰਿਕਸ਼ਾ ਉਤਪਾਦਕ ਸੰਦੀਪ ਅਰੋੜਾ ਇਸ ਪ੍ਰੋਜੈਕਟ ਲਈ ਹੈਰੀਟੇਜ ਰਿਕਸ਼ੇ ਮੁਹੱਈਆ ਕਰਾਉਣਗੇ। ਆਧੁਨਿਕ ਫੈਕਟਰੀਆਂ ਰੋਜ਼ਾਨਾ 20 ਰਿਕਸ਼ੇ ਤਿਆਰ ਕਰਦੀਆਂ ਹਨ। ਸੰਦੀਪ ਅਰੋੜਾ, ਜਿਨ੍ਹਾਂ ਦੇ ਪਿਤਾ ਵੀ ਇਹੋ ਕਾਰੋਬਾਰ ਕਰਦੇ ਸਨ, ਦਸਦੇ ਹਨ ਕਿ ਇਕ ਸਮਾਂ ਸੀ ਜਦੋਂ ਇਕ ਰਿਕਸ਼ਾ ਬਣਾਉਣ ਲਈ ਮਹੀਨਾ ਲੱਗ ਜਾਂਦਾ ਸੀ। ਸ਼੍ਰੀ ਅਰੋੜਾ ਨੇ ਸ਼ਸ਼ੀ ਭੂਸ਼ਣ ਸ਼ਰਮਾ, ਜਿਨ੍ਹਾਂ ਦੇ ਪਿਤਾ 1960 ਵਿੱਚ ਦਿੱਲੀ ਵਿੱਚ ਸੇਵਕ ਸਾਈਕਲ ਰਿਕਸ਼ਾ ਕੋਆਪਰੇਟਿਵ ਇੰਡਸਟ੍ਰੀਅਲ ਸੁਸਾਇਟੀ ਲਈ ਰਿਕਸ਼ਾ ਚਲਾਉਂਦੇ ਸਨ, ਪਾਸੋਂ 70 ਸਾਲ ਪੁਰਾਣੇ ਦੋ ਰਿਕਸ਼ੇ ਪ੍ਰਾਪਤ ਕੀਤੇ। 'ਉਦੋਂ ਪੂਰੀ ਦਿੱਲੀ ਵਿੱਚ ਸਿਰਫ 850 ਦੇ ਕਰੀਬ ਰਿਕਸ਼ੇ ਸਨ, ਰਿਕਸ਼ਿਆਂ ਦੇ ਟਾਇਰ ਰਾਸ਼ਨ ਕਾਰਡ ਤੋਂ ਮਿਲਦੇ ਸਨ।

ਕਈ ਸਾਲ ਪਹਿਲਾਂ ਮੈਂ ਇਹ ਕੰਮ ਬੰਦ ਕਰ ਦਿੱਤਾ ਤੇ ਪੁਰਾਣੀਆਂ ਯਾਦਾਂ ਕਾਇਮ ਰੱਖਣ ਲਈ ਇਨ੍ਹਾਂ 'ਚੋਂ ਦੋ ਰਿਕਸ਼ੇ ਰੱਖ ਲਏ। ਮੈਂ ਖ਼ੁਸ਼ੀ ਖ਼ੁਸ਼ੀ ਇਹ ਰਿਕਸ਼ੇ ਅਜਾਇਬ ਘਰ ਲਈ ਦੇ ਦੇਵਾਂਗਾ।' ਇਹ ਗੱਲ ਸ਼੍ਰੀ ਸ਼ਰਮਾ ਨੇ ਆਖੀ। ਸ਼੍ਰੀ ਅਰੋੜਾ, ਮੇਰਠ, ਕੋਲਕਾਤਾ, ਮੁਰਾਦਾਬਾਦ ਤੇ ਹੋਰ ਪੁਰਾਣੇ ਸ਼ਹਿਰਾਂ 'ਚੋਂ ਪੁਰਾਣੇ ਰਿਕਸ਼ਿਆਂ ਦੇ ਕੁਝ ਮਾਡਲ ਲਿਆਉਣ ਦੀ ਯੋਜਨਾ ਵੀ ਬਣਾ ਰਹੇ ਹਨ। ■

ਗੈਰ-ਰਵਾਇਤੀ ਊਰਜਾ ਸਾਧਨਾ ਬਾਰੇ ਮੰਤਰਾਲਾ ਰਾਜਵੰਸ਼ੀ ਵੱਲੋਂ ਈਜਾਦ ਕੀਤੇ ਗਏ 50 ਰਿਕਸ਼ੇ ਦੇਸ਼ ਭਰ ਵਿੱਚ ਵੱਖ ਵੱਖ ਥਾਂਵਾ 'ਤੇ ਭੇਜਣ ਦੀ ਯੋਜਨਾ ਹੈ। ਇਹ ਰਿਕਸ਼ੇ ਆਈ ਆਈ ਟੀ, ਤਾਜ ਮਹਿਲ ਵਰਗੀਆਂ ਸੈਰ ਸਪਾਟੇ ਦੀਆਂ ਥਾਂਵਾ 'ਤੇ ਵੀ ਭੇਜੇ ਜਾਣਗੇ। ਆਈ ਆਈ ਟੀ ਗਰੈਜੂਏਟ ਤੇ ਫ਼ਲੋਰਿਡਾ ਯੂਨੀਵਰਸਿਟੀ ਤੋਂ ਪੀ ਐਚ ਡੀ ਕਰਨ ਵਾਲੇ ਸ਼੍ਰੀ ਅਨਿਲ, ਰਾਜਵੰਸ਼ੀ, ਜੋ ਕਿ ਅੱਜ ਕੱਲ੍ਹ ਆਈ ਆਈ ਟੀ ਪੋਵੇਈ (ਮੁੰਬਈ) ਵਿੱਚ ਵਿਜ਼ਿਟਿੰਗ ਪ੍ਰੋਫ਼ੈਸਰ ਹਨ, ਨਵੇਂ ਇਲੈਕਟ੍ਰਿਕ ਰਿਕਸ਼ਾ ਦਾ ਡੀਜ਼ਲ ਤੇ ਪੈਟਰੋਲ ਨਾਲ ਚੱਲਣ ਵਾਲੇ ਰਿਕਸ਼ੇ ਨਾਲ ਮੁਕਾਬਲਾ ਕਰਦੇ ਹਨ ਤੇ ਦੱਸਦੇ ਹਨ ਕਿ ਡੀਜ਼ਲ ਪੈਟਰੋਲ ਨਾਲ ਚੱਲਣ ਵਾਲੇ ਰਿਕਸ਼ੇ ਦੇਸ਼ ਭਰ ਦੇ ਸ਼ਹਿਰਾਂ ਵਿੱਚ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ ਤੇ ਸ਼ੋਰ ਵੀ ਕਾਫ਼ੀ ਪਾਉਂਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਰਿਕਸ਼ੇ, ਚਾਲਕ ਦੀ ਸਾਲਾਨਾ ਆਮਦਨ 12 ਤੋਂ 18 ਹਜ਼ਾਰ ਰੁਪਏ ਤੱਕ ਵਧਾ ਸਕਦੇ ਹਨ ਤੇ ਉਨ੍ਹਾਂ ਦੀ ਮਿਹਨਤ ਵੀ ਕਾਫ਼ੀ ਘਟ ਜਾਵੇਗੀ।

# ਪਰਾਈ ਧਰਤ, ਆਪਣਾ ਮਾਣ

## ਕੈਨੇਡਾ ਦੀ ਸੰਸਦ ਵਿੱਚ ਅੱਠ ਪੰਜਾਬੀ

*ਪੰਜਾਬ ਲਈ ਮਾਣ ਵਾਲੀ ਗੱਲ ਹੈ ਕਿ ਕੈਨੇਡਾ ਦੀ ਪਾਰਲੀਮੈਂਟ ਲਈ ਇਸ ਵਾਰ 8 ਪੰਜਾਬੀ ਸੰਸਦ ਮੈਂਬਰ ਚੁਣੇ ਗਏ ਹਨ। ਕੈਨੇਡਾ ਵਿੱਚ ਪੰਜਾਬੀ ਭਾਈਚਾਰੇ ਦੇ ਲੋਕ ਵੱਡੀ ਗਿਣਤੀ ਵਿੱਚ ਰਹਿੰਦੇ ਹਨ ਜੋ ਆਪਣੀ ਮਿਹਨਤ ਤੇ ਸੁਹਿਰਦਤਾ ਨਾਲ ਉਥੋਂ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਹਨ। ਇਹ ਚੋਣ ਸਾਬਤ ਕਰਦੀ ਹੈ ਕਿ ਉਥੋਂ ਦੀ ਜਨਤਾ ਇਨ੍ਹਾਂ ਦੇ ਇਸ ਲਗਾਓ ਦੀ ਕਦਰਦਾਨ ਹੈ। ਇਸ ਵਾਰ ਜਿਹੜੇ ਪੰਜਾਬੀ ਸੰਸਦ ਮੈਂਬਰ ਚੁਣੇ ਗਏ ਹਨ, ਉਨ੍ਹਾਂ ਵਿੱਚ ਸਰਵਸ੍ਰੀ ਪਰਮ ਗਿੱਲ, ਦੀਪਕ ਉਬਰਾਏ, ਦਵਿੰਦਰ ਸ਼ੋਰੀ, ਨੀਨਾ ਗਰੇਵਾਲ, ਜਸਬੀਰ ਸੰਧੂ, ਟਿਮ ਉਪਲ, ਜਿਨੀ ਸਿਮਜ਼ ਤੇ ਬਲਜੀਤ ਗੋਸਲ ਸ਼ਾਮਲ ਹਨ। ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਅੱਠ ਉਮੀਦਵਾਰਾਂ ਦੀ ਜਿੱਤ ਤੋਂ ਇਹ ਸਾਬਤ ਹੋ ਗਿਆ ਹੈ ਕਿ ਪੰਜਾਬੀ ਆਪਣੀ ਮਿਹਨਤ ਨਾਲ ਕਿਸੇ ਵੀ ਖੇਤਰ ਵਿੱਚ ਕਾਮਯਾਬ ਹੋ ਸਕਦੇ ਹਨ। ਇਹ ਮੈਂਬਰ ਹਨ:*


**ਜਾਗ੍ਰਤੀ ਬਿਉਰੋ**



**ਪਰਮ ਗਿੱਲ** ਮੋਗਾ ਜ਼ਿਲ੍ਹੇ ਦੇ ਪਿੰਡ ਪੁਰੇਵਾਲ 'ਚ ਪੈਦਾ ਹੋਏ ਤੇ ਬਾਲ ਅਵਸਥਾ ਵਿੱਚ ਹੀ ਕੈਨੇਡਾ ਚਲੇ ਗਏ। 14 ਸਾਲ ਦੀ ਉਮਰ ਤੋਂ ਹੀ ਟਰਾਂਟੋ 'ਚ ਰਹਿ ਰਹੇ ਹਨ। ਉਨ੍ਹਾਂ ਦੀ ਪੜ੍ਹਾਈ ਵੀ ਇਥੇ ਹੀ ਹੋਈ। ਇਸ ਸਮੇਂ ਉਹ ਪੈਰਾਮਾਉਂਟ ਮੈਨੂਫੈਕਚਰਿੰਗ ਦੇ ਸੀਨੀਅਰ ਮੀਤ ਪ੍ਰਧਾਨ ਹਨ। ਉਹ ਕਈ ਭਾਈਚਾਰਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ । ਕੈਨੇਡੀਅਨ ਆਈਸਾਈਟ ਇੰਟਰਨੈਸ਼ਨਲ ਵੀ ਇਨ੍ਹਾਂ 'ਚ ਸ਼ਾਮਲ ਹੈ। ਉਹ ਮਲੇਸ਼ੀਅਨ-ਸਿੰਗਾਪੁਰ ਕਲਚਰਲ ਐਸੋਸੀਏਸ਼ਨ ਦੇ ਵੀ ਮੈਂਬਰ ਹਨ।



**ਨਰਿੰਦਰ (ਨੀਨਾ)** ਗਰੇਵਾਲ ਚੌਥੀ ਵਾਰ ਸੰਸਦ ਮੈਂਬਰ ਬਣੀ ਹੈ। ਕੈਨੇਡਾ ਜਾਣ ਤੋਂ ਪਹਿਲਾਂ ਉਹ ਜਾਪਾਨ,ਭਾਰਤ ਤੇ ਲਾਈਬੇਰੀਆ ਵਿੱਚ ਵੀ ਰਹੀ। ਉਸ ਨੇ ਇਤਹਾਸ ਤੇ ਅੰਗਰੇਜ਼ੀ ਸਾਹਿਤ ਵਿੱਚ ਗਰੈਜੂਏਸ਼ਨ ਕੀਤੀ ਹੋਈ ਹੈ। ਜਦੋਂ ਤੋਂ ਉਹ ਕੈਨੇਡਾ ਆਈ, ਭਾਈਚਾਰਕ ਸੇਵਾ ਨਾਲ ਉਥੋਂ ਦੇ ਵਿਕਾਸ ਕੰਮਾਂ ਵਿੱਚ ਲੱਗੀ ਹੋਈ ਹੈ।




**ਦੀਪਕ ਉਬਰਾਏ** ਪਹਿਲੀ ਵਾਰ 1997 ਵਿੱਚ ਰੀਫਾਰਮ ਪਾਰਟੀ ਦੀ ਤਰਫੋਂ ਸੰਸਦ ਮੈਂਬਰ ਚੁਣੇ ਗਏ ਸਨ ਤੇ ਫਿਰ 2000 'ਚ ਦੁਬਾਰਾ ਚੁਣੇ ਗਏ। ਉਹ ਡਰਾਈਕਲੀਨਿੰਗ ਦਾ ਕਾਰੋਬਾਰ ਚਲਾਉਂਦੇ ਹਨ।



**ਟਿਮ ਉਪਲ** ਐਡਮੌਂਟਨ ਤੋਂ ਸੰਸਦ ਮੈਂਬਰ ਬਣੇ ਹਨ ਤੇ ਕੰਜ਼ਰਵੇਟਿਵ ਪਾਰਟੀ ਦੀ ਪ੍ਰਤੀਨਿਧਤਾ ਕਰਦੇ ਹਨ। ਸਾਲ 2004 ਵਿੱਚ ਵੀ ਉਹ ਟੀ ਡੀ ਕੈਨੇਡਾ ਟਰੱਸਟ ਦੇ ਰੈਜ਼ੀਡੈਂਸ਼ਲ ਮਾਰਗੇਜ ਮੈਨੇਜਰ ਬਣੇ। ਉਹ ਸਾਊਥ ਐਡਮੌਂਟਨ ਯੂਥ ਗਰੁੱਪ ਦੇ ਸੰਸਥਾਪਕ ਤੇ ਪ੍ਰਧਾਨ ਹਨ ਅਤੇ 2001 ਤੋਂ ਕੈਪੀਟਲ ਹੈਲਥ, ਕਮਿਊਨਿਟੀ ਹੈਲਥ ਕੌਂਸਲ ਦੇ ਮੈਂਬਰ ਹਨ। ਪਿਛਲੇ ਕਈ ਸਾਲਾਂ ਤੋਂ ਉਹ ਸ਼ੇਰਵੁੱਡ ਪਾਰਕ ਚੈਂਬਰ ਆਫ ਕਾਮਰਸ ਦੇ ਸਰਗਰਮ ਮੈਂਬਰ ਹਨ। ਐਡਮੌਂਟਨ ਪੁਲੀਸ ਕਮਿਊਨਿਟੀ ਅਡਵਾਈਜ਼ਰੀ ਕੌਂਸਲ ਦੇ ਵੀ ਉਹ ਮੋਢੀ ਮੈਂਬਰ ਹਨ।



**ਦਵਿੰਦਰ ਸ਼ੋਰੀ** ਪੰਜਾਬ ਦੇ ਬਰਨਾਲਾ ਜ਼ਿਲ੍ਹੇ ਤੋਂ ਹਨ। ਉਹ ਉਤਰ ਪੂਰਬੀ ਕੈਲਗਰੀ ਤੋਂ ਸੰਸਦ ਮੈਂਬਰ ਬਣੇ ਹਨ। ਕੰਜ਼ਰਵੇਟਿਵ ਪਾਰਟੀ ਨਾਲ ਸਬੰਧਿਤ ਸ਼੍ਰੀ ਸ਼ੋਰੀ ਪਹਿਲੀ ਵਾਰ 2008 ਵਿੱਚ ਚੋਣ ਜਿੱਤੇ ਸਨ।



**ਜਸਬੀਰ ਸੰਧੂ** ਨਿਊ ਡੈਮੋਕਰੇਟਿਕ ਪਾਰਟੀ ਵੱਲੋਂ ਉਤਰੀ ਸਰੀ ਹਲਕੇ ਤੋਂ ਇਸੇ ਸਾਲ ਹੋਈਆਂ ਚੋਣਾਂ 'ਚ ਸੰਸਦ ਮੈਂਬਰ ਚੁਣੇ ਗਏ ਹਨ।



**ਜਿਨੀ ਸਿਮਜ਼** ਇਸ ਵਰ੍ਹੇ ਹੋਈਆਂ ਚੋਣਾਂ ਵਿੱਚ ਸੰਸਦ ਮੈਂਬਰ ਚੁਣੀ ਗਈ ਹੈ। ਉਹ ਨਿਊਟਨ-ਨਾਰਥ ਡੈਲਟਾ ਦੀ ਪ੍ਰਤੀਨਿਧਤਾ ਕਰਦੀ ਹੈ ਤੇ ਨਿਊ ਡੈਮੋਕਰੇਟ ਪਾਰਟੀ ਨਾਲ ਸਬੰਧਿਤ ਹੈ।



**ਬਲਜੀਤ ਗੋਸਲ** 22 ਸਾਲਾਂ ਤੋਂ ਬਰੈਂਪਟਨ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਨਵਾਂਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲ੍ਹੇ ਦੇ ਪਿੰਡ ਰਟੈਂਡਾ ਦੇ ਜੰਮਪਲ ਬਲਜੀਤ ਗੋਸਲ 1981 'ਚ ਕੈਨੇਡਾ ਗਏ। ਪਹਿਲਾਂ ਬ੍ਰਿਟਿਸ਼ ਕੋਲੰਬੀਆ 'ਚ ਰਹੇ ਅਤੇ 1983 'ਚ ਬਰੈਂਪਟਨ 'ਚ ਆ ਵੱਸੇ। ਉਹ ਸਾਇੰਸ ਦੇ ਗਰੈਜੂਏਟ ਤੇ ਸਟੇਸ਼ਨਰੀ ਇੰਜੀਨੀਅਰ ਦਾ ਫੋਰਥ ਕਲਾਸ ਸਰਟੀਫਿਕੇਟ ਪਾਸ ਹਨ। 1984 'ਚ ਮੈਕਡੋਨਲ ਡਗਲਸ ਤੇ 1994 'ਚ 'ਦ ਪਰੂਡੈਂਸ਼ਲ ਇਨਸ਼ੋਰੈਂਸ ਕੰਪਨੀ ਨਾਲ ਜੁੜੇ। ਉਹ ਗੁੱਡੀਸਨ ਇਨਸ਼ੋਰੈਂਸ ਐਂਡ ਫਾਈਨੈਂਸ਼ਲ ਸਰਵਿਸਜ਼ ਵਿੱਚ ਚਲੇ ਗਏ। ਇਸ ਵੇਲੇ ਉਹ ਕਈ ਭਾਈਚਾਰਕ ਸੰਸਥਾਵਾਂ ਨਾਲ ਵੀ ਜੁੜੇ ਹੋਏ ਹਨ। ■

# ਕਾਲੇ ਸਾਏ ਤੋਂ ਮੁਕਤੀ

ਸ਼ਰੁਤੀ ਸੇਤੀਆ ਛਾਬੜਾ

ਤਿੰਨ ਦਹਾਕਿਆਂ ਦੇ ਵਕਫ਼ੇ ਪਿੱਛੋਂ 39 ਵਿਅਕਤੀ ਆਪਣੇ ਘਰ ਪਰਤ ਸਕਣਗੇ ਕਿਉਂਕਿ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਨ੍ਹਾਂ ਦੇ ਨਾਂ ਕਾਲੀ ਸੂਚੀ 'ਚੋਂ ਕੱਢ ਦਿੱਤੇ ਹਨ। ਇਨ੍ਹਾਂ ਦੇ ਨਾਂ ਇਸ ਸੂਚੀ ਵਿੱਚ ਦਹਿਸ਼ਤਗਰਦ ਜਾਂ ਉਨ੍ਹਾਂ ਦੇ ਸਮਰਥਕ ਹੋਣ ਕਾਰਨ ਸ਼ਾਮਿਲ ਕੀਤੇ ਗਏ ਸਨ। ਇਨ੍ਹਾਂ ਦੇ ਮੱਥੇ ਤੋਂ ਹੁਣ ਇਹ 'ਕਲੰਕ' ਮਿਟਾ ਦਿੱਤਾ ਗਿਆ ਹੈ।

ਇਹ 39 ਵਿਅਕਤੀ ਉਨ੍ਹਾਂ 142 ਵਿਅਕਤੀਆਂ ਵਿੱਚ ਸ਼ਾਮਿਲ ਸਨ ਜਿਨ੍ਹਾਂ ਦੇ ਨਾਂ ਹਾਲ ਹੀ ਵਿੱਚ ਪੰਜਾਬ ਦੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਦੇ ਅਣਥੱਕ ਯਤਨਾਂ ਦੇ ਸਿੱਟੇ ਵਜੋਂ ਗ੍ਰਹਿ ਮੰਤਰਾਲੇ ਨੇ ਕਾਲੀ ਸੂਚੀ 'ਚੋਂ ਕੱਟ ਦਿੱਤੇ ਹਨ।

ਕਾਲੀ ਸੂਚੀ ਦਾ ਜ਼ਾਇਜ਼ਾ ਲੈਣ ਅਤੇ ਇਸ ਨੂੰ ਜਨਤਕ ਕਰਨ ਦੀ ਸਿੱਖ ਭਾਈਚਾਰੇ ਦੀ ਚਿਰੋਕਣੀ ਮੰਗ ਸੀ। ਗੱਠਜੋੜ ਸਰਕਾਰ ਦੀ ਅਗਵਾਈ ਕਰ ਰਹੇ ਸ਼੍ਰੋਮਣੀ ਅਕਾਲੀ ਦਲ ਦੀ ਇਹ ਮੁੱਖ ਸਿਆਸੀ ਮੰਗ ਸੀ ਤੇ 2007 ਦੀਆਂ ਚੋਣਾਂ ਦੌਰਾਨ ਇਸ ਨੂੰ ਚੋਣ ਵਾਅਦੇ ਵਜੋਂ ਵੀ ਸ਼ਾਮਿਲ ਕੀਤਾ ਗਿਆ ਸੀ।

ਕਈ ਪਰਵਾਸੀ ਭਾਰਤੀ ਸਿੱਖਾਂ ਨੂੰ ਵੱਖ ਵੱਖ ਦੂਤਾਵਾਸਾਂ ਤੋਂ ਵੀਜ਼ੇ ਲੈਣ ਲਈ ਖੱਜਲ ਖ਼ੁਆਰੀ ਦਾ ਸਾਹਮਣਾ ਕਰਨਾ ਪੈਂਦਾ ਸੀ ਕਿਉਂਕਿ ਸਿੱਖ ਭਾਈਚਾਰੇ ਦੇ ਲੋਕਾਂ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਜਾਂਦਾ ਸੀ। ਇਸ ਲਈ ਇਸ ਵਬਾਅ ਨੂੰ ਖ਼ਤਮ ਕਰਨਾ ਲਾਜ਼ਮੀ ਸੀ। ਕਾਲੀ ਸੂਚੀ 'ਚੋਂ ਇਹ ਨਾਂ ਕੱਢਣ ਨਾਲ ਕੁਝ ਲੋਕਾਂ ਦਾ ਦੇਸ਼ ਪਰਤਣ ਲਈ ਰਾਹ ਸਾਫ਼ ਹੋ ਗਿਆ ਹੈ ਤੇ ਸਿੱਖ ਭਾਈਚਾਰੇ ਦੀ ਕੌਮਾਂਤਰੀ ਪੱਧਰ ਤੇ ਸਾਖ਼ ਵੀ ਸੁਧਰੀ ਹੈ

ਜੋ ਲੋਕ ਇਹ ਸੋਚਦੇ ਹਨ ਕਿ ਇਹ ਨਾਂ ਕਾਲੀ ਸੂਚੀ 'ਚੋਂ ਕੱਢਣ ਨਾਲ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਖ਼ਤਰਾ ਪੈਦਾ ਹੋ ਸਕਦਾ ਹੈ, ਉਨ੍ਹਾਂ ਬਾਰੇ ਇਕ ਸੀਨੀਅਰ ਪੁਲੀਸ ਅਧਿਕਾਰੀ ਦਾ ਕਹਿਣਾ ਹੈ "ਇਹ ਬਿਲਕੁਲ ਠੀਕ ਹੈ, ਜਨਤਕ ਤੇ ਕੌਮੀ ਹਿਤਾਂ ਲਈ ਨਿਆਇਕ ਕਾਰਵਾਈ ਜ਼ਰੂਰੀ ਹੁੰਦੀ ਹੈ ਤੇ ਇਹ ਦੇਸ਼ ਤੇ ਭਾਈਚਾਰੇ ਲਈ ਲਾਭਕਾਰੀ ਹੁੰਦੀ ਹੈ।"

ਕਾਲੀ ਸੂਚੀ ਵਿੱਚ ਸੋਧ ਦਾ ਮਾਮਲਾ ਮੁੱਖ ਮੰਤਰੀ ਸ: ਪਰਕਾਸ਼ ਸਿੰਘ ਬਾਦਲ ਵੱਲੋਂ ਫਰਵਰੀ 2010 ਵਿੱਚ ਨਵੀਂ ਦਿੱਲੀ ਵਿਖੇ ਹੋਈ, 'ਮੁੱਖ ਮੰਤਰੀਆਂ ਦੀ ਅੰਦਰੂਨੀ ਸੁਰੱਖਿਆ ਬਾਰੇ ਕਾਨਫਰੰਸ' ਦੌਰਾਨ ਉਠਾਇਆ ਗਿਆ ਸੀ। ਇਸ ਤੋਂ ਪਿੱਛੋਂ ਵੀ ਰਾਜ ਸਰਕਾਰ ਇਸ ਸਬੰਧੀ ਕੇਂਦਰ ਨਾਲ ਗੱਲਬਾਤ ਕਰਦੀ ਰਹੀ। ਬਾਅਦ ਵਿੱਚ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਫਰਵਰੀ 2011 ਵਿੱਚ ਵੀ ਇਹ ਮਾਮਲਾ ਉਠਾਇਆ। ਉਦੋਂ ਉਹ ਅੰਦਰੂਨੀ ਸੁਰੱਖਿਆ ਬਾਰੇ ਮੁੱਖ ਮੰਤਰੀਆਂ ਦੀ ਕਾਨਫਰੰਸ ਵਿੱਚ ਪੰਜਾਬ ਦੀ ਪ੍ਰਤੀਨਿੱਧਤਾ ਕਰ ਰਹੇ ਸਨ। ਉਪ ਮੁੱਖ ਮੰਤਰੀ ਨੇ ਕਿਹਾ, "ਮੇਰੀ ਬੇਨਤੀ ਹੈ ਕਿ ਕਾਲੀ ਸੂਚੀ ਦਾ ਮਾਮਲਾ ਪ੍ਰਭਾਵੀ ਢੰਗ ਨਾਲ ਹੱਲ ਕੀਤਾ ਜਾਵੇ। ਸਰਕਾਰ ਅਜਿਹੇ ਸਾਰੇ ਕੇਸਾਂ ਦਾ ਸਮੇਂ ਸਮੇਂ ਜਾਇਜ਼ਾ ਲੈਂਦੀ ਰਹੇ ਅਤੇ ਜਿਹੜੇ ਲੋਕ ਲੋੜੀਂਦੇ ਹੋਣ ਉਨ੍ਹਾਂ ਦੇ ਨਾਂ ਵੈਬਸਾਈਟਾਂ ਤੇ ਪਾਏ ਜਾਣ ਤਾਂ ਕਿ ਬਾਕੀ ਦੇ ਖੱਜਲ ਖ਼ੁਆਰੀ ਤੋਂ ਬਚ ਸਕਣ। ਰਾਜ ਸਰਕਾਰ ਨੂੰ ਬਹੁਤ ਸਾਰੇ ਪਰਵਾਸੀ ਭਾਰਤੀਆਂ ਦੀਆਂ ਅਰਜ਼ੀਆਂ ਪ੍ਰਾਪਤ ਹੁੰਦੀਆਂ ਰਹੀਆਂ ਜਿਨ੍ਹਾਂ ਵਿੱਚ ਮੰਗ ਕੀਤੀ ਗਈ ਹੁੰਦੀ ਸੀ ਕਿ ਕਾਲੀ ਸੂਚੀ ਦਾ ਜਾਇਜ਼ਾ ਲਿਆ ਜਾਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਨੂੰ ਵੀਜ਼ੇ ਲੈਣ ਵਿੱਚ ਬਹੁਤ ਪਰੇਸ਼ਾਨੀ ਪੇਸ਼ ਆਉਂਦੀ ਹੈ। ਸਾਲ 2010 ਵਿੱਚ ਪੰਜਾਬ ਸਰਕਾਰ ਨੇ ਇਸ ਸੂਚੀ ਦਾ ਵਿਆਪਕ ਜਾਇਜ਼ਾ ਲਿਆ ਅਤੇ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਭੇਜ ਦਿੱਤੀਆਂ ਫਿਰ ਵੀ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਭੇਜੀ ਹਾਲੀਆ ਸੂਚੀ ਵਿੱਚ ਸੁਝਾਈਆਂ ਤਬਦੀਲੀਆਂ ਨਹੀਂ ਕੀਤੀਆਂ ਗਈਆਂ। ਇਸ ਲਈ ਸਾਡੀਆਂ ਸਿਫ਼ਾਰਸ਼ਾਂ 'ਤੇ ਦੁਬਾਰਾ ਵਿਚਾਰ ਕੀਤਾ ਜਾਣਾ ਚਾਹੀਦਾ ਹੈ।"




ਇਸ ਮਾਮਲੇ ਤੇ ਕਾਫ਼ੀ ਘੋਖ ਵਿਚਾਰ ਪਿੱਛੋਂ ਪੰਜਾਬ ਸਰਕਾਰ ਨੂੰ 2010 ਵਿੱਚ ਕੰਪੈਕਟ ਡਿਸਕ ਵਿੱਚ ਸ਼ਾਮਿਲ 199 ਵਿਅਕਤੀਆਂ ਦੀ ਸੂਚੀ ਮਿਲੀ ਜਦ ਕਿ ਰਾਜ ਸਰਕਾਰ ਨੇ 185 ਵਿਅਕਤੀਆਂ ਦੀ ਸੋਧੀ ਹੋਈ ਸੂਚੀ ਦਾ ਡਾਟਾ ਤਿਆਰ ਕੀਤਾ। ਬਾਅਦ ਵਿੱਚ ਪਤਾ ਲੱਗਿਆ ਕਿ ਸੂਚੀ ਵਿੱਚ 169 ਨਾਂ ਹੀ ਸਨ ਕਿਉਂਕਿ ਇਸ ਸੂਚੀ ਵਿੱਚ ਕੁਝ ਨਾਵਾਂ ਦਾ ਦੁਹਰਾਓ ਸੀ। ਇਨ੍ਹਾਂ 169 ਵਿਅਕਤੀਆਂ 'ਚੋਂ 28 ਭਗੌੜੇ ਕਰਾਰ ਦਿੱਤੇ ਹੋਏ ਸਨ, 39 ਵਿਰੁੱਧ ਕੋਈ ਕੇਸ ਨਿਪਟਾਰੇ ਹਿੱਤ ਨਹੀਂ ਸੀ, ਸੱਤ ਵਿਅਕਤੀਆਂ ਦੇ ਰਾਜ ਵਿੱਚ ਮੌਜੂਦ ਹੋਣ ਬਾਰੇ ਪਤਾ ਲੱਗਾ, 84 ਵਿਅਕਤੀਆਂ ਦੀ ਪਛਾਣ ਤੇ ਸਿਰਨਾਵੇਂ ਗਲਤ ਪਾਏ ਗਏ ਜਦਕਿ ਸੂਚੀ ਵਿਚਲੇ 11 ਵਿਅਕਤੀ ਹੋਰ ਰਾਜਾਂ ਨਾਲ ਸਬੰਧਤ ਸਨ।

ਇਸ ਵਰ੍ਹੇ ਮਾਰਚ ਮਹੀਨੇ ਵਿੱਚ ਪੰਜਾਬ ਸਰਕਾਰ ਨੂੰ ਦੱਸਿਆ ਗਿਆ ਕਿ ਗ੍ਰਹਿ ਮੰਤਰਾਲੇ ਨੇ ਕਾਲੀ ਸੂਚੀ 'ਚੋਂ 25 ਨਾਂ ਹੀ ਕੱਟੇ ਹਨ। ਫਿਰ ਅਪ੍ਰੈਲ ਵਿੱਚ 117 ਨਾਵਾਂ ਦੀ ਜਾਣਕਾਰੀ ਦਿੱਤੀ ਗਈ। ਪੰਜਾਬ ਸਰਕਾਰ ਕਾਲੀ ਸੂਚੀ ਵਿੱਚ ਸੋਧ ਕਰਨ ਬਦਲੇ ਕੇਂਦਰ ਸਰਕਾਰ ਦਾ ਧੰਨਵਾਦ ਕਰਦੀ ਹੈ। ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ, ਜਿਨ੍ਹਾਂ ਪਾਸ ਰਾਜ ਦਾ ਗ੍ਰਹਿ ਵਿਭਾਗ ਵੀ ਹੈ, ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਉਹ ਸਾਰੇ ਵੇਰਵੇ ਭੇਜੇ ਜਾਣ ਜਿਨ੍ਹਾਂ ਵਿੱਚ ਬਾਕੀ ਦੇ ਨਾਂ ਵੀ ਸ਼ਾਮਿਲ ਹੋਣ ਅਤੇ ਇਹ ਵੇਰਵੇ ਗ੍ਰਹਿ ਮੰਤਰਾਲੇ ਦੀ ਸਰਕਾਰੀ ਵੈਬਸਾਈਟ ਤੇ ਪਾਏ ਜਾਣ ਤਾਂ ਕਿ ਇਸ ਮਾਮਲੇ ਵਿੱਚ ਸਿੱਖਾਂ ਦੀ ਖੱਜਲ ਖ਼ੁਆਰੀ ਰੋਕੀ ਜਾ ਸਕੇ।

ਸ਼੍ਰੀ ਬਾਦਲ ਦੇ ਹਵਾਲੇ ਨਾਲ ਜਾਰੀ ਪ੍ਰੈਸ ਰਿਲੀਜ਼ ਵਿੱਚ ਕਿਹਾ ਗਿਆ ਹੈ "ਇਸ ਤਰ੍ਹਾਂ ਦਾ ਪ੍ਰਬੰਧ ਬਣਾਇਆ ਜਾਣਾ ਚਾਹੀਦਾ ਹੈ ਜਿਸ ਦੇ ਤਹਿਤ ਸਮੇਂ ਸਮੇਂ ਆਪਣੇ ਆਪ ਇਨ੍ਹਾਂ ਸੂਚੀਆਂ ਤੇ ਨਜ਼ਰਸਾਨੀ ਹੁੰਦੀ ਰਹੇ। ਜਿਨ੍ਹਾਂ ਤੇ ਫੌਜਦਾਰੀ ਕੇਸ ਬਣਦੇ ਹੋਣ ਉਨ੍ਹਾਂ ਖ਼ਿਲਾਫ਼ ਕਨੂੰਨੀ ਕਾਰਵਾਈ ਹੋਵੇ ਅਤੇ ਬੇਕਸੂਰ ਵਿਅਕਤੀਆਂ ਦੀ ਖੱਜਲ ਖ਼ੁਆਰੀ ਬੰਦ ਕੀਤੀ ਜਾਵੇ।"

ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਉਨ੍ਹਾਂ ਸਾਰੇ ਲੋਕਾਂ ਤੇ ਸੰਸਥਾਵਾਂ ਦਾ ਧੰਨਵਾਦ ਕੀਤਾ ਹੈ ਜਿਨ੍ਹਾਂ ਨੇ ਕੇਂਦਰ ਤੋਂ ਇਹ ਮੰਗ ਮਨਵਾਉਣ ਲਈ ਰਾਜ ਸਰਕਾਰ ਨੂੰ ਸਹਿਯੋਗ ਦਿੱਤਾ। ■



**ਯਾਦ ਬਣੀ ਤਸਵੀਰ:** ਸਰਦਾਰਨੀ ਸੁਰਿੰਦਰ ਕੌਰ ਬਾਦਲ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਵਾਲੇ ਸੂਬਾ ਸਰਹਿੰਦ ਵਜੀਦ ਖ਼ਾਨ ਨੂੰ ਮੌਤ ਦੇ ਘਾਟ ਉਤਾਰ ਕੇ ਸਰਹਿੰਦ ਫ਼ਤਿਹ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਿੱਖ ਯੋਧਾ ਬਾਬਾ ਫ਼ਤਿਹ ਸਿੰਘ ਦੇ ਵੰਸ਼ਜ ਸਨ।

# ਫੂਲਨ ਕੀ ਬਰਖਾ ਬਰਸਾਵੈ...

**ਜਾਗ੍ਰਤੀ ਬਿਊਰੋ**

24 ਮਈ ਦੀ ਦੁਪਹਿਰ ਨੂੰ ਉਹ ਮਨਹੂਸ ਘੜੀ ਵੀ ਆ ਗਈ ਜਦੋਂ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੀ ਧਰਮਪਤਨੀ ਸਰਦਾਰਨੀ ਸੁਰਿੰਦਰ ਕੌਰ ਬਾਦਲ ਨੇ ਆਪਣਾ 72 ਸਾਲਾਂ ਦਾ ਜੀਵਨ ਪੂਰਾ ਕਰਦਿਆਂ ਆਖ਼ਰੀ ਸਾਹ ਲਿਆ ਤੇ ਇਸ ਦੇ ਨਾਲ ਹੀ ਬਾਦਲ ਪਰਿਵਾਰ ਦੇ ਇਕ ਸੁਨਹਿਰੀ ਅਧਿਆਏ ਦਾ ਅੰਤ ਹੋ ਗਿਆ। ਦੂਜੇ ਹਫ਼ਤੇ ਤੋਂ ਨਜ਼ਰ ਆਉਣ ਹੀ ਲੱਗ ਪਿਆ ਸੀ ਕਿ ਬੀਬੀ ਸੁਰਿੰਦਰ ਕੌਰ ਬਾਦਲ ਆਪਣੀ ਨਾਮੁਰਾਦ ਬੀਮਾਰੀ ਅੱਗੇ ਹਾਰ ਗਏ ਹਨ। ਜੱਦੀ ਪਿੰਡ ਬਾਦਲ ਵਿੱਚ ਅੰਤਿਮ ਸੰਸਕਾਰ ਸਮੇਂ ਜਦੋਂ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਚਿਤਾ ਨੂੰ ਅਗਨੀ ਦਿਖਾਈ ਤਾਂ ਸੋਗ ਵਿੱਚ ਡੁੱਬੇ ਲੋਕਾਂ ਦੇ ਹੜ੍ਹ ਤੋਂ ਪਤਾ ਲੱਗਦਾ ਸੀ ਕਿ ਸਰਦਾਰਨੀ ਸੁਰਿੰਦਰ ਕੌਰ ਬਾਦਲ ਨੇ ਲੋਕਾਂ ਦੇ ਦਿਲਾਂ 'ਤੇ ਕਿਵੇਂ ਰਾਜ ਕੀਤਾ ਹੈ।



ਇਹ ਪਲ ਜੋ ਮੁੜ ਕਦੇ ਨਹੀਂ ਆਉਣੇ

ਸਰਦਾਰਨੀ ਬਾਦਲ ਦੀ ਦੇਹ 'ਤੇ ਫੁੱਲ-ਮਾਲਾਵਾਂ ਚੜ੍ਹਾਉਣ ਵਾਲਿਆਂ ਵਿੱਚ ਪੰਜਾਬ ਦੇ ਰਾਜਪਾਲ ਸ੍ਰੀ ਸ਼ਿਵਰਾਜ ਪਾਟਿਲ, ਹਰਿਆਣਾ ਦੇ ਰਾਜਪਾਲ ਸ੍ਰੀ ਜਗਨ ਨਾਥ ਪਹਾੜੀਆ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਭੁਪਿੰਦਰ ਸਿੰਘ ਹੁੱਡਾ, ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪ੍ਰੋ. ਪ੍ਰੇਮ ਕੁਮਾਰ ਧੂਮਲ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ, ਸਾਬਕਾ ਕੇਂਦਰੀ ਮੰਤਰੀ ਸ੍ਰੀ ਬੂਟਾ ਸਿੰਘ, ਆਲ-ਇੰਡੀਆ ਐਂਟੀ ਟੈਰੋਰਿਸਟ ਫਰੰਟ ਦੇ ਚੇਅਰਮੈਨ ਸ੍ਰੀ ਮਨਿੰਦਰਜੀਤ ਸਿੰਘ ਬਿੱਟਾ, ਕੇਂਦਰੀ ਮੰਤਰੀ ਜਨਾਬ ਫਾਰੂਕ ਅਬਦੁੱਲਾ, ਕੇਂਦਰੀ ਮੰਤਰੀ ਸ੍ਰੀ ਸਚਿਨ ਪਾਇਲਟ, ਸਾਬਕਾ ਕਾਂਗਰਸ ਮੰਤਰੀ ਸ੍ਰੀ ਤੇਜ ਪ੍ਰਕਾਸ਼ ਸਿੰਘ ਅਤੇ ਸ੍ਰੀ ਸੁਨੀਲ ਜਾਖੜ, ਸਾਬਕਾ ਵਿਧਾਇਕ ਸ੍ਰੀ ਅਰਵਿੰਦ ਖੰਨਾ ਅਤੇ ਲੋਕ ਭਲਾਈ ਪਾਰਟੀ ਦੇ ਪ੍ਰਧਾਨ ਸ੍ਰੀ ਬਲਵੰਤ ਸਿੰਘ ਰਾਮੂਵਾਲੀਆ ਸ਼ਾਮਲ ਸਨ।

ਪ੍ਰਸਿੱਧ ਧਾਰਮਿਕ ਤੇ ਅਧਿਆਤਮਕ ਸ਼ਖ਼ਸੀਅਤਾਂ ਵਿੱਚ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ



**ਰਿਣ-ਮੁਕਤੀ ਦੀ ਘੜੀ:** ਮਾਂ ਦੀ ਚਿਤਾ ਨੂੰ ਅਗਨੀ ਦਿਖਾਉਂਦੇ ਹੋਏ ਸੁਖਬੀਰ ਸਿੰਘ ਬਾਦਲ।

ਦੇ ਜਥੇਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁਮਾ, ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ, ਸੰਤ ਮਾਨ ਸਿੰਘ ਪੇਹੋਵਾ ਵਾਲੇ, ਸੰਤ ਅਮਰੀਕ ਸਿੰਘ ਕਾਰ ਸੇਵਾ ਵਾਲੇ, ਬਾਬਾ ਕਸ਼ਮੀਰਾ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਅਤੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਬੀਬੀ ਜਗੀਰ ਕੌਰ (ਦੋਵੇਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ) ਵੀ ਪੁਸ਼ਪਾਂਜਲੀ ਭੇਟ ਕਰਨ ਵਾਲਿਆਂ ਵਿੱਚ ਸ਼ਾਮਲ ਸਨ।

ਸਰਦਾਰਨੀ ਸੁਰਿੰਦਰ ਕੌਰ ਬਾਦਲ ਮੁੱਖ ਮੰਤਰੀ ਸ੍ਰ.ਪਰਕਾਸ਼ ਸਿੰਘ ਬਾਦਲ ਦੇ 50 ਸਾਲਾਂ ਦੇ ਸਿਆਸੀ ਜੀਵਨ ਦੌਰਾਨ ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਬਣ ਕੇ ਰਹੇ। ਪੰਜਾਬੀਆਂ ਦੇ ਖੇਤਰੀ ਅਤੇ ਦਰਿਆਈ ਪਾਣੀਆਂ ਦੇ ਹੱਕਾਂ ਲਈ ਕਦੇ ਮੋਰਚਿਆਂ ਅਤੇ ਕਦੇ 'ਜੇਲ੍ਹ ਭਰੋ ਅੰਦੋਲਨ' ਰਾਹੀਂ ਦਹਾਕਿਆਂ ਤੋਂ ਸੰਘਰਸ਼ ਕਰਦੇ ਆ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਮੁੱਖ ਆਗੂ ਸ. ਬਾਦਲ ਨੇ ਪਰਿਵਾਰਕ ਜ਼ਿੰਮੇਂਵਾਰੀਆਂ ਆਪਣੀ ਪਤਨੀ 'ਤੇ ਛੱਡੀਆਂ ਹੋਈਆਂ ਸਨ ਤੇ ਇਹ ਜ਼ਿੰਮਾਵਾਰੀਆਂ ਸਰਦਾਰਨੀ ਬਾਦਲ ਨੇ ਖਿੜੇ ਮੱਥੇ ਤਨਦੇਹੀ ਨਾਲ ਨਿਭਾਈਆਂ।

ਬਠਿੰਡਾ ਜ਼ਿਲ੍ਹੇ ਦੇ ਪਿੰਡ ਚੱਕ ਫ਼ਤਿਹ ਸਿੰਘ ਵਾਲਾ ਵਿਖੇ ਸ੍ਰ. ਹਰਜੋਗਿੰਦਰ ਸਿੰਘ ਤੇ ਬੀਬੀ ਉਮਰਾਓ ਕੌਰ ਦੇ ਘਰ 26 ਜੂਨ 1938 ਨੂੰ ਪੈਦਾ ਹੋਈ ਬੀਬੀ ਸੁਰਿੰਦਰ ਕੌਰ ਆਪਣੇ ਚਾਰ ਭੈਣ ਭਰਾਵਾਂ ਵਿੱਚੋਂ ਦੂਸਰੇ ਨੰਬਰ 'ਤੇ ਸਨ। ਉਨ੍ਹਾਂ ਦੀ ਵੱਡੀ ਭੈਣ ਬੀਬੀ ਸਵਿੰਦਰ ਕੌਰ ਤੋਂ ਇਲਾਵਾ ਦੋ ਛੋਟੇ ਭਰਾ ਸ੍ਰ: ਇੰਦਰਜੀਤ ਸਿੰਘ ਅਤੇ ਸਵ: ਗੁਰਪ੍ਰੀਤ ਸਿੰਘ ਸਨ । ਪਟਿਆਲਾ ਦੇ ਵਿਕਟੋਰੀਆ ਸਕੂਲ ਤੋਂ ਪੜ੍ਹਾਈ ਮੁਕੰਮਲ ਕਰਨ ਉਪਰੰਤ ਬੀਬੀ ਜੀ ਨੇ ਐਮ. ਏ ਤੱਕ ਦੀ ਵਿੱਦਿਆ ਕੰਨਿਆਂ ਮਹਾਂ ਵਿਦਿਆਲਿਆ, ਜਲੰਧਰ ਤੋਂ ਪ੍ਰਾਪਤ ਕੀਤੀ। ਉਨ੍ਹਾਂ ਦਾ ਵਿਆਹ 1959 ਵਿੱਚ ਹੋਇਆ ਅਤੇ ਉਨ੍ਹਾਂ ਦੇ ਘਰ ਬੀਬਾ ਪਰਨੀਤ ਕੌਰ (1960) ਅਤੇ ਕਾਕਾ ਸੁਖਬੀਰ ਸਿੰਘ (1962) ਨੇ ਜਨਮ ਲਿਆ।

ਵਿਆਹ ਉਪਰੰਤ ਆਰੰਭਿਕ ਸਾਲਾਂ ਦੌਰਾਨ ਬੀਬੀ ਸੁਰਿੰਦਰ ਕੌਰ ਬਾਦਲ ਨੇ ਆਪਣਾ ਸਾਰਾ ਧਿਆਨ ਆਪਣੇ ਬੱਚਿਆਂ ਦੀ ਢੁਕਵੀਂ ਪਰਵਰਿਸ਼ ਅਤੇ ਉਨ੍ਹਾਂ ਨੂੰ ਮਿਆਰੀ ਸਿੱਖਿਆ ਦੇਣ ਵੱਲ ਕੇਂਦਰਿਤ ਕੀਤਾ। ਉਨ੍ਹਾਂ ਨੇ ਆਪਣੇ ਬੱਚਿਆ ਦੇ ਮਨਾਂ ਅੰਦਰ ਬਾਦਲ ਪਰਿਵਾਰ ਦੀਆਂ ਪੀੜ੍ਹੀ-ਦਰ-ਪੀੜ੍ਹੀ ਚਲ ਰਹੀਆਂ ਸਦਾਚਾਰਕ ਕੀਮਤਾਂ ਭਰੀਆਂ।

ਸਰਦਾਰਨੀ ਬਾਦਲ ਦੀ ਜ਼ਿੰਦਗੀ ਦੇ ਅਖ਼ੀਰੀ ਪੰਜ ਸਾਲ ਪੂਰਣ ਸੰਤੁਸ਼ਟੀ ਵਾਲੇ ਰਹੇ ਕਿਉਂਕਿ ਉਨ੍ਹਾਂ ਨੇ ਲੱਖਾਂ ਸ਼ਰਧਾਲੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੰਗਰ ਦੀ ਸੇਵਾ ਨਾਲ ਜੋੜਨ ਵਾਲੀ ਨਵੇਕਲੀ ਮੁਹਿਮ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਿਆ । ਉਨ੍ਹਾਂ ਨੇ ਲੱਖਾਂ ਸ਼ਰਧਾਲੂਆਂ ਨੂੰ ਜੀਵਨ ਵਿੱਚ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦਾ ਮੌਕਾ ਦਿਤਾ।

ਜੀਵਨ ਦੀ ਸਭ ਤੋਂ ਕੌੜੀ ਹਕੀਕਤ ਮੌਤ ਹੈ ਅਤੇ ਨਾ ਚਾਹੁੰਦਿਆਂ ਹੋਇਆਂ ਵੀ ਇਸ ਹਕੀਕਤ ਨੂੰ ਸਵੀਕਾਰ ਕਰਨਾ ਪੈਂਦਾ ਹੈ। ਪਰ ਸਰਦਾਰਨੀ ਬਾਦਲ ਆਪਣੇ ਪਿੱਛੇ ਚੰਗੇ ਜੀਵਨ-ਮੁੱਲਾਂ ਦੀ ਜਿਹੜੀ ਵਿਰਾਸਤ ਛੱਡ ਗਏ ਹਨ, ਉਸ ਸਦਕਾ ਉਨ੍ਹਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ■



ਅੰਤਿਮ ਅਰਦਾਸ ਦੀਆਂ ਰਸਮਾਂ 'ਚ ਸ਼ਾਮਲ ਕੌਮੀ ਤੇ ਖ਼ੇਤਰੀ ਨੇਤਾ ਸ. ਪਰਕਾਸ਼ ਸਿੰਘ ਬਾਦਲ ਤੇ ਸ. ਸੁਖ਼ਬੀਰ ਸਿੰਘ ਬਾਦਲ ਨਾਲ।

## ਅੰਤਿਮ ਅਰਦਾਸ

2 ਜੂਨ ਵੀਰਵਾਰ ਨੂੰ ਮਲੋਟ ਦੀ ਨਵੀਂ ਅਨਾਜ ਮੰਡੀ ਵਿਖੇ ਹੋਈ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀ ਸਮਾਗਮ 'ਚ ਪੰਜਾਬ ਤੇ ਗੁਆਂਢੀ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ 'ਚ ਪੁੱਜੇ ਲੋਕਾਂ ਦੀ ਹਾਜ਼ਰੀ ਇਕ ਵਾਰ ਫਿਰ ਇਸ ਗੱਲ ਦਾ ਪ੍ਰਮਾਣ ਸੀ ਕਿ ਸਰਦਾਰਨੀ ਬਾਦਲ ਕਿਸ ਹੱਦ ਤੱਕ ਉਨ੍ਹਾਂ ਦੇ ਦਿਲਾਂ ਵਿੱਚ ਵੱਸੇ ਹੋਏ ਸਨ। ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਲਾਲ ਕਿਸ਼ਨ ਅਡਵਾਨੀ, ਭਾਜਪਾ ਦੇ ਸਾਬਕਾ ਕੌਮੀ ਪ੍ਰਧਾਨ ਸ੍ਰੀ ਰਾਜਨਾਥ ਸਿੰਘ, ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਨਰਿੰਦਰ ਮੋਦੀ, ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਓਮ ਪ੍ਰਕਾਸ਼ ਚੌਟਾਲਾ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸ੍ਰੀ ਜਗਮੀਤ ਸਿੰਘ ਬਰਾੜ, ਲੋਕ ਭਲਾਈ ਪਾਰਟੀ ਦੇ ਪ੍ਰਧਾਨ ਸ੍ਰੀ ਬਲਵੰਤ ਸਿੰਘ ਰਾਮੂਵਾਲੀਆ, ਭਾਰਤੀ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੇ ਮੈਂਬਰ ਡਾ. ਜੋਗਿੰਦਰ ਦਿਆਲ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, 'ਅਜੀਤ ਪ੍ਰਕਾਸ਼ਨ ਸਮੂਹ' ਦੇ ਪ੍ਰਬੰਧਕੀ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਸਰਦਾਰਨੀ ਬਾਦਲ ਦੀ ਸ਼ਖ਼ਸੀਅਤ ਅਨੂਠੇ ਗੁਣਾਂ ਦਾ ਸੰਗਮ ਸੀ ਤੇ ਉਨ੍ਹਾਂ ਨੇ ਇਕ ਕਰਮਯੋਗੀ ਦੀ ਤਰ੍ਹਾਂ ਹਰ ਪੱਖੋਂ ਸਫਲ ਅਤੇ ਭਰਪੂਰ ਜੀਵਨ ਬਤੀਤ ਕੀਤਾ।

ਇਸ ਤੋਂ ਪਹਿਲਾਂ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਹਜ਼ੂਰੀ ਰਾਗੀ ਭਾਈ ਰਵਿੰਦਰ ਸਿੰਘ ਸਮੇਤ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਨੇ ਗੁਰਸ਼ਬਦ ਦੀ ਕਥਾ ਕੀਤੀ। ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਕੁਲਵਿੰਦਰ ਸਿੰਘ ਨੇ ਵਿਛੜੀ ਰੂਹ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਰਦਾਸ ਕੀਤੀ ਅਤੇ ਹੈੱਡ ਗ੍ਰੰਥੀ ਭਾਈ ਜਸਵਿੰਦਰ ਸਿੰਘ ਨੇ ਹੁਕਮਨਾਮਾ ਲਿਆ। ਅਖੀਰ ਵਿੱਚ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਧਾਰਮਿਕ ਸ਼ਖ਼ਸੀਅਤਾਂ ਦੇ ਅਸ਼ੀਰਵਾਦ ਅਤੇ ਕੌਮੀ ਨੇਤਾਵਾਂ ਦੇ ਪ੍ਰੇਰਨਾਮਈ ਬੋਲਾਂ ਨਾਲ ਸਾਡਾ ਦੁੱਖ ਵੀ ਘਟਿਆ ਹੈ ਅਤੇ ਸਾਨੂੰ ਢਾਰਸ ਵੀ ਬੱਝੀ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਲੈ ਕੇ ਹਰ ਰਾਜਨੀਤਿਕ ਪਾਰਟੀ ਦੇ ਨੇਤਾਵਾਂ ਨੇ ਸਿਆਸੀ ਵਖਰੇਵਿਆਂ ਤੋਂ ਉਪਰ ਉੱਠ ਕੇ ਉਨ੍ਹਾਂ ਦੇ ਪਰਿਵਾਰ ਦਾ ਦੁੱਖ ਵੰਡਾਇਆ ਹੈ।

# ਦੁੱਖ ਦਰਿਆ ਸਮੁੰਦਰੋਂ ਡੂੰਘੇ...

**ਹਰਚਰਨ ਬੈਂਸ**



ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੂੰ ਦਰਦਨਾਕ ਦੌਰ ਵਿੱਚੋਂ ਕਿਸੇ ਮਹਾਨ ਤਰਾਸਦੀ ਦੇ ਮਹਾਂਨਾਇਕ ਵਾਂਗ ਗੁਜ਼ਰਦੇ ਸਭ ਨੇ ਹੀ ਵੇਖਿਆ ਹੈ ਤੇ ਸਬਰ ਅਤੇ ਸਹਿਣਸ਼ਕਤੀ ਦੇ ਇਸ ਪਰਬਤ ਨੂੰ ਕੁਝ ਪਲਾਂ ਲਈ ਡੋਲਦਾ ਦੇਖ ਕੇ ਹਰ ਉਸ ਵਿਅਕਤੀ ਨੂੰ ਅਚੰਭਾ ਦਾ ਵੀ ਜ਼ਰੂਰ ਹੋਇਆ ਹੋਵੇਗਾ ਜਿਸ ਨੇ ਇਹਨਾਂ ਨੂੰ ਉਦੋਂ ਵੀ ਅਡੋਲ ਵੇਖਿਆ ਸੀ ਜਦੋਂ 1998 ਵਿੱਚ ਖ਼ੁਦ ਇਹਨਾਂ ਨੂੰ ਅਜਿਹੀ ਬਿਮਾਰੀ ਨੇ ਆ ਘੇਰਿਆ ਸੀ ਜਿਸ ਤੋਂ ਬਚ ਨਿਕਲਣ ਦੀ ਉਮੀਦ ਕਰ ਸਕਣਾ ਬਹੁਤ ਮੁਸ਼ਕਿਲ ਹੋ ਗਿਆ ਸੀ।

ਪਰ ਇਸ ਵਾਰ ਮਈ ਦੀ ਕੜਕਦੀ ਧੁੱਪ ਵਿੱਚ ਸਹਿਣਸ਼ਕਤੀ ਦੇ ਇਸ ਮਹਾਂਸਾਗਰ ਦੇ ਸੀਨੇ ਉਤੇ ਇੱਕ ਲਹਿਰ ਬਿਜਲੀ ਦੀ ਤੇਜ਼ੀ ਨਾਲ ਆਈ ਅਤੇ ਚਲੀ ਗਈ। ਸ. ਬਾਦਲ ਨੂੰ ਆਪਣੀ ਜੀਵਨ-ਸਾਥਣ ਨੂੰ ਬੇਹੱਦ ਤਕਲੀਫ-ਦੇਹ ਹਾਲਾਤ ਵਿੱਚ ਅਲਵਿਦਾ ਕਹਿਣਾ ਪਿਆ। ਦਰਦ ਦੇ ਇਸ ਮਹਾਂਸਾਗਰ ਵੱਲੋਂ ਹਮੇਸ਼ਾਂ ਹੀ ਹਰ ਚੀਸ ਅੰਦਰੋ ਅੰਦਰ ਪੀ ਕੇ ਛੁਪਾਇਆ ਜਾਂਦਾ ਰਿਹਾ ਹੈ। ਪਿਛਲੇ ਕੋਈ ਤੀਹ ਕੁ ਵਰ੍ਹਿਆਂ ਤੋਂ ਮੈਂ ਉਹਨਾਂ ਉਤੇ ਆਈਆਂ ਅਨੇਕਾਂ ਔਕੜਾਂ ਅਤੇ ਉਹਨਾਂ ਨਾਲ ਲੜਨ ਲਈ ਉਹਨਾਂ ਅੰਦਰਲੇ ਹੌਸਲੇ ਨੂੰ ਕਰੀਬ ਤੋਂ ਤੱਕਿਆ ਹੈ।

ਪਰ ਇਸ ਬਰਸ ਫ਼ਿਜ਼ਾ ਅਲੱਗ ਸੀ ਅਤੇ ਉਸ ਪਿੱਛੇ ਇੱਕ ਲੰਬੀ ਦਾਸਤਾਨ ਹੈ ਜਿਸਨੂੰ ਸ. ਬਾਦਲ ਸ਼ਾਇਦ ਕਦੇ ਨਹੀਂ ਕਹਿਣਗੇ ਅਤੇ ਜੇ ਉਹ ਕਹਿ ਵੀ ਦੇਣ ਤਾਂ ਉਹ ਆਸਾਨੀ ਨਾਲ ਸਮਝ ਹੀ ਨਹੀਂ ਆਏਗੀ। ਸਰਦਾਰਨੀ ਸੁਰਿੰਦਰ ਕੌਰ ਬਾਦਲ ਦੀ ਬਿਮਾਰੀ ਉਸ ਦਾਸਤਾਨ ਦਾ ਇੱਕ ਅਹਿਮ ਅਧਿਆਏ ਹੈ। ਜਦੋਂ ਦੇ ਸਰਦਾਰਨੀ ਬਿਮਾਰ ਹੋਏ, ਉਹਨਾਂ ਦੀ ਤਕਲੀਫ ਸ. ਬਾਦਲ ਦੇ ਚਿਹਰੇ ਉਤੇ ਗਹਿਰੀ ਉਕਰੀ ਨਜ਼ਰ ਆਈ। ਬਾਦਲ ਸਾਹਿਬ ਨੂੰ ਬਚਪਨ ਤੋਂ ਜਾਨਣ ਵਾਲੇ ਕਹਿੰਦੇ ਹਨ ਕਿ ਉਹਨਾਂ ਦੇ ਮਾਤਾ ਜੀ ਦੇ ਵਿਛੋੜੇ ਦੀ ਚੀਸ ਵੀ ਉਹਨਾਂ ਦੇ ਚਿਹਰੇ ਉਤੇ ਇਵੇਂ ਹੀ ਉਭਰੀ ਸੀ।

ਸਰਦਾਰਨੀ ਬਾਦਲ ਦਾ ਇਸ ਤਰ੍ਹਾਂ ਚਲੇ ਜਾਣਾ ਬਾਦਲ ਪਰਿਵਾਰ ਅਤੇ ਸ. ਬਾਦਲ ਦੀ ਆਪਣੀ ਜ਼ਿੰਦਗੀ ਦੀ ਇੱਕ ਨਿੱਜੀ ਘਟਨਾ ਹੈ ਤੇ ਪੀੜਾ ਵੀ ਨਿੱਜੀ। ਇਸਨੂੰ ਪੰਜਾਬ ਦੀ ਹੋਣੀ ਜਾਂ ਸਿਆਸਤ ਦੇ ਸੰਦਰਭ ਵਿੱਚ ਨਹੀਂ ਵੇਖਿਆ ਜਾ ਸਕਦਾ। ਇਸ ਦੇ ਬਾਵਜੂਦ ਸਰਦਾਰਨੀ ਬਾਦਲ ਨੇ ਆਪਣੀ ਜ਼ਿੰਦਗੀ ਅਤੇ ਖਾਸ ਕਰਕੇ ਪਿਛਲੇ ਦਸ ਸਾਲ ਬਾਦਲ ਪਰਿਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮਹਾਨ ਵਿਰਸੇ ਨੂੰ ਸੰਭਾਲਣ ਅਤੇ ਅੱਗੇ ਵਧਾਉਣ ਉਤੇ ਕੇਂਦਰਿਤ ਕੀਤੇ। ਇੱਕ ਸਾਧਾਰਣ ਵਰਕਰ ਜਜ਼ਬਾਤੀ ਪੱਧਰ ਉਤੇ ਬੀਬੀ ਬਾਦਲ ਨਾਲ ਕਿਸ ਸ਼ਿੱਦਤ ਨਾਲ ਜੁੜਿਆ ਮਹਿਸੂਸ ਕਰਦਾ ਸੀ, ਇਹ ਗੱਲ ਚੰਡੀਗੜ੍ਹ ਬੈਠ ਕੇ ਸਮਝਣੀ ਸੰਭਵ ਨਹੀਂ। ਉਸ ਦਿਨ ਪੀ.ਜੀ.ਆਈ. ਵਿੱਚ ਭੁੱਬਾਂ ਮਾਰ ਕੇ ਰੋ ਰਹੀ ਨਰਸ, ਆਪਣੇ ਬੇਟੇ ਦੇ ਮੋਢੇ ਉਤੇ ਸਿਰ ਸੁੱਟ ਕੇ ਕੁਰਲਾ ਰਿਹਾ ਪਰਿਵਾਰਕ ਕਾਮਾ, ਮਾਯੂਸੀ ਦੇ ਆਲਮ ਵਿੱਚ ਡੁੱਬੇ ਪਏ ਸਨ ਸ. ਬਾਦਲ ਨਾਲ ਕੰਮ ਕਰ ਰਹੇ ਉਹ ਸਹਾਇਕ ਜੋ ਆਪਣੇ ਘਰਾਂ ਨਾਲੋਂ ਵੱਧ ਬਾਦਲਾਂ ਦੇ ਘਰ ਵਿੱਚ ਅਪਣੱਤ ਅਤੇ ਹੱਕ ਮਹਿਸੂਸ ਕਰਦੇ ਹਨ, ਜਾਂ ਫਿਰ ਉਹ ਪਿਆਰਾ ਜਿਹਾ ਵਫ਼ਾਦਾਰ ਮੁਸਲਮਾਨ ਲੜਕਾ ਜੋ ਸ਼ਾਇਦ ਇਕੱਲਾ ਅਜਿਹਾ ਵਿਅਕਤੀ ਹੈ ਜਿਹੜਾ ਸ. ਬਾਦਲ ਨੂੰ 'ਹੁਕਮ' ਦੇ ਸਕਦਾ ਹੈ ਕਿ ਸੌਣ ਦਾ ਵਕਤ ਹੋ ਚੁੱਕਾ ਹੈ ਅਤੇ ਜਾਂ ਸਰਦਾਰ ਅਤੇ ਸਰਦਾਰਨੀ ਬਾਦਲ ਵੱਲੋਂ ਬਚਪਨ ਤੋਂ ਪਾਲਿਆ ਉਹ ਡਰਾਈਵਰ ਜੋ ਕਿ ਇਹ ਕਹਿਣ ਦੀ ਹਿੰਮਤ ਰੱਖਦਾ ਸੀ ਕਿ 'ਬੀਬੀ ਜੀ, ਤੁਸੀਂ ਮੈਨੂੰ ਸਾਰਿਆਂ ਦੇ ਸਾਹਮਣੇ ਨਾ ਡਾਂਟਿਆ ਕਰੋ'। ਇਹ ਸਾਰੇ ਭੋਲੇ ਚਿਹਰੇ ਇਨਸਾਨੀ ਰਿਸ਼ਤਿਆਂ ਦੀ ਇੱਕ ਅਜਿਹੀ ਕਹਾਣੀ ਦੱਸਦੇ ਹਨ ਜਿਸਦੀ ਭਾਵੁਕ ਗਹਿਰਾਈ ਦੀ ਕੋਈ ਥਾਹ ਨਹੀਂ।


ਸਹਿਯੋਗ: ਟ੍ਰਿਬਿਊਨ/ਪਵਨ ਸ਼ਰਮਾ

ਮੈਂ ਮਹਿਸੂਸ ਕਰਦਾ ਹਾਂ ਕਿ ਸਰਦਾਰਨੀ ਬਾਦਲ ਦੇ ਚਲੇ ਜਾਣ ਨਾਲ ਸ. ਬਾਦਲ ਦੀ ਸ਼ਖਸੀਅਤ ਦਾ ਵੀ ਕੋਈ ਕੋਨਾ ਗੁੰਮ-ਸੁੰਮ ਹੋ ਗਿਆ ਹੈ ਪਰ ਉਸ ਦੀ ਥਾਂ ਉਹਨਾਂ ਦੇ ਮਨ ਅੰਦਰ ਉਪਜੇ ਇੱਕ ਨਵੇਂ ਰੂਹਾਨੀ ਬਲ ਨੇ ਲੈ ਲਈ ਹੈ ਜਿਸ ਦਾ ਸੋਮਾ ਸ. ਬਾਦਲ ਅੰਦਰ ਗੁਰਬਾਣੀ ਦੇ ਸਿਮਰਨ ਨਾਲ ਵਗਦੇ ਪਿਆਰ ਵਿੱਚੋਂ ਫੁੱਟਦਾ ਪ੍ਰਤੀਤ ਹੁੰਦਾ ਹੈ। ਉਹਨਾਂ ਅੰਦਰ ਆਪਣੇ ਬੇਸ਼ੁਮਾਰ ਪ੍ਰਸ਼ੰਸਕਾਂ ਅਤੇ ਸ਼ੁਭਚਿੰਤਕਾਂ ਪ੍ਰਤੀ ਜ਼ਿੰਮਾਵਾਰੀ ਦਾ ਅਹਿਸਾਸ ਵੀ ਆਪਣੇ ਨਿੱਜੀ ਦੁੱਖ ਨਾਲੋਂ ਕਿਤੇ ਉਪਰ ਹੈ। ਦੁੱਖ ਦੀ ਇਸ ਘੜੀ ਵਿੱਚ ਸੁਖਬੀਰ ਦੇ ਕੋਮਲ ਇਨਸਾਨੀ ਜਜ਼ਬੇ ਵੀ ਸਾਹਮਣੇ ਆਏ ਹਨ ਪਰ ਚੰਗੀ ਗੱਲ ਹੈ ਕਿ ਉਹਨਾਂ ਨੇ ਮਜ਼ਬੂਤ ਆਤਮਿਕ ਤੇ ਨੈਤਿਕ ਬਲ ਵੀ ਦਿਖਾਇਆ ਹੈ।

ਇਹ ਸ. ਬਾਦਲ ਦਾ ਨੈਤਿਕ ਬਲ ਹੀ ਹੈ ਕਿ ਉਹ ਆਪਣੇ ਅੰਦਰਲੇ ਗ਼ਮਗੀਨ ਬਾਦਲ ਨੂੰ ਇੱਕ ਪਾਸੇ ਰੱਖ ਕੇ ਇੱਕ ਨਵੇਂ ਬਾਦਲ ਦੇ ਰੂਪ ਵਿੱਚ ਆਪਣੇ ਲੋਕਾਂ ਦੇ ਕਦਮ ਨਾਲ ਕਦਮ ਮਿਲਾ ਚੱਲਣ ਲਈ ਬਾਹਰ ਆ ਚੁੱਕੇ ਹਨ। ■

***ਮੀਡੀਆ ਸਲਾਹਕਾਰ, ਮੁੱਖ ਮੰਤਰੀ, ਪੰਜਾਬ।***

# ਕਣਕ ਦੇ ਝਾੜ ਦਾ ਕਮਾਲ
# ਪਿਛਲੇ ਦਹਾਕੇ ਦਾ ਰਿਕਾਰਡ ਟੁੱਟਾ

ਜਾਗ੍ਰਤੀ ਬਿਉਰੋ

ਇਸ ਵਾਰ ਹਾਲਾਤ ਸਾਜ਼ਗਾਰ ਨਾ ਹੋਣ ਦੇ ਬਾਵਜੂਦ, ਪੰਜਾਬ ਵਿੱਚ ਕਣਕ ਦੀ ਖ਼ਰੀਦ 110.53 ਲੱਖ ਟਨ ਤੋਂ ਵੀ ਵੱਧ ਹੋਈ ਹੈ ਤੇ ਇਸ ਨਾਲ ਪਿਛਲੇ ਦਹਾਕੇ ਦੇ ਰਿਕਾਰਡ ਟੁੱਟੇ ਹਨ।

ਸਾਲ 2008-09 ਵਿੱਚ ਹੁਣ ਤੱਕ 110.09 ਲੱਖ ਟਨ ਕਣਕ ਖ਼ਰੀਦੀ ਗਈ ਸੀ। ਪੰਜਾਬ ਨੇ 163.34 ਲੱਖ ਮੀਟ੍ਰਿਕ ਟਨ ਦੀ ਉਤਪਾਦਕਤਾ ਦਾ ਅੰਕੜਾ ਹਾਸਲ ਕਰ ਲਿਆ ਸੀ ਜੋ ਕਿ ਸਭ ਤੋਂ ਵੱਧ ਸੀ ਤੇ ਇਹ 46.51 ਕੁਇੰਟਲ ਪ੍ਰਤੀ ਹੈਕਟੇਅਰ ਦੀ ਔਸਤ ਉਪਜ ਦੇ ਬਰਾਬਰ ਸੀ ਜੋ ਕਿ ਸਭ ਤੋਂ ਵੱਧ ਸੀ।

ਇਸ ਰਿਕਾਰਡ ਅਤੇ ਸਮੇਂ ਸਿਰ ਸੁਰੱਖਿਅਤ ਉਤਪਾਦਨ ਦਾ ਸਿਹਰਾ ਖ਼ੇਤੀ ਵਿਭਾਗ ਅਤੇ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗਾਂ ਨੂੰ ਸਾਂਝੇ ਤੌਰ 'ਤੇ ਜਾਂਦਾ ਹੈ। ਇਸ ਵਾਰ ਜਿੱਥੇ ਸਰਦੀ ਦੇਰ ਤੱਕ ਪੈਣ ਕਰਕੇ ਕਣਕ ਦੇ ਸਿੱਟਿਆਂ 'ਚ ਦਾਣਾ ਚੰਗੀ ਤਰ੍ਹਾਂ ਭਰ ਗਿਆ ਉਥੇ ਖੇਤੀ ਵਿਭਾਗ ਨੇ ਕਿਸਾਨਾਂ ਸਮੇਂ ਸਿਰ ਪ੍ਰਮਾਣਤ ਬੀਜ ਅਤੇ ਡੀ.ਏ.ਪੀ. ਖਾਦ ਪੁਚਾ ਦਿੱਤੀ। ਭਰਵੀਂ ਬਾਰਸ਼ ਕਰਕੇ ਵੀ ਕਣਕ ਦਾ ਝਾੜ ਚੰਗਾ ਨਿਕਲ ਆਇਆ। ਇਸ ਦੇ ਨਾਲ ਹੀ ਖ਼ੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਕੀਤੇ ਗਏ ਵਿਆਪਕ ਪ੍ਰਬੰਧਾਂ ਕਾਰਨ ਖ਼ਰੀਦ ਵੀ ਵਧੀਆ ਹੋਈ।

ਪੰਜਾਬ ਵਿੱਚ ਪਹਿਲੀ ਵਾਰੀ ਉਤਪਾਦਨ ਦਾ ਅੰਕੜਾ 160 ਲੱਖ ਮੀਟ੍ਰਿਕ ਟਨ ਨੂੰ ਪਾਰ ਕੀਤਾ ਹੈ। ਇਸ ਵਾਰੀ ਇਹ 163.34 ਲੱਖ ਮੀਟ੍ਰਿਕ ਟਨ ਹੋਣ ਦਾ ਅਨੁਮਾਨ ਹੈ। ਸਾਲ 1999-2000 ਵਿੱਚ ਵੱਧ ਤੋਂ ਵੱਧ ਉਤਪਾਦਨ 159 ਲੱਖ ਮੀਟ੍ਰਿਕ ਟਨ ਸੀ। ਕਣਕ ਦਾ ਉਤਪਾਦਨ ਇਸ ਤੋਂ ਕੁਝ ਲੱਖ ਟਨ ਹੋਰ ਵੀ ਹੋ ਜਾਣਾ ਸੀ ਜੇ ਪੰਜਾਬ ਦੇ ਕੁਝ ਥਾਵਾਂ ਤੇ ਮੀਂਹ ਅਤੇ ਗੜਿਆਂ ਨਾਲ ਫ਼ਸਲ ਖ਼ਰਾਬ ਨਾ ਹੁੰਦੀ।

ਇਸ ਵਾਰੀ ਕਣਕ ਦੀ ਖੇਤੀ ਹੇਠਲਾ ਰਕਬਾ ਵਧ ਕੇ 35.22 ਲੱਖ ਹੈਕਟੇਅਰ ਹੋ ਗਿਆ ਹੈ। ਸਾਲ 1999-2000 ਵਿੱਚ ਇਹ ਰਕਬਾ 34 ਲੱਖ ਸੀ ਜਦੋਂ ਪੰਜਾਬ ਵਿੱਚ ਭਰਵੀਂ ਫਸਲ ਹੋਈ ਸੀ।

ਕਣਕ ਦੀ ਖ਼ਰੀਦ ਆਮ ਤੌਰ ਤੇ 20 ਮਈ ਤੋਂ ਬਾਅਦ ਬੰਦ ਕਰ ਦਿੱਤੀ ਜਾਂਦੀ ਹੈ ਪਰ ਇਸ ਵਾਰੀ ਮੰਡੀਆਂ ਵਿੱਚ ਕਣਕ ਦੀ ਕਾਫ਼ੀ ਆਮਦ ਹੋਣ ਕਰਕੇ ਖਰੀਦ ਦੀ ਮਿਆਦ 31 ਮਈ ਤੱਕ ਵਧਾ ਦਿੱਤੀ ਗਈ। ਇਸ ਵਾਰ ਹੋਏ ਰਿਕਾਰਡ ਉਤਪਾਦਨ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਵੱਲੋਂ ਕੇਂਦਰੀ ਅੰਨ ਭੰਡਾਰ ਵਿੱਚ ਸਭ ਤੋਂ ਵੱਧ ਹਿੱਸਾ ਪਾਇਆ ਹੈ। ਪਿਛਲੇ ਸਾਲ ਕੇਂਦਰੀ ਅੰਨ ਭੰਡਾਰ ਵਿੱਚ 107.55 ਲੱਖ ਮੀਟ੍ਰਿਕ ਟਨ ਹਿੱਸਾ ਪਾਇਆ ਗਿਆ ਸੀ। ਇਸ ਵਾਰ ਇਹ ਅੰਕੜਾ 18 ਮਈ ਨੂੰ ਹੀ ਪੂਰਾ ਹੋ ਚੁੱਕਾ ਸੀ। ■

**ਸਭ ਤੋਂ ਵੱਧ ਉਤਪਾਦਨ**

ਸੰਗਰੂਰ 51.25 ਕੁਇੰਟਲ ਪ੍ਰਤੀ ਹੈਕਟੇਅਰ ਕਣਕ ਦਾ ਝਾੜ ਲੈਣ ਵਾਲਾ ਪੰਜਾਬ ਦਾ ਪਹਿਲਾ ਜ਼ਿਲ੍ਹਾ ਹੈ ਜਦਕਿ ਮੋਗਾ ਜ਼ਿਲ੍ਹਾ ਦੂਜੇ ਨੰਬਰ ਤੇ ਹੈ ਜਿੱਥੇ ਕਣਕ ਦਾ ਝਾੜ 50 ਕੁਇੰਟਲ ਪ੍ਰਤੀ ਹੈਕਟੇਅਰ ਰਿਕਾਰਡ ਕੀਤਾ ਗਿਆ।

**ਪੰਜਾਬ ਵਿੱਚ ਕਣਕ ਦੀ ਖ਼ਰੀਦ ਦੇ ਅੰਕੜੇ ਅਤੇ ਪ੍ਰਤੀਸ਼ਤਤਾ ਦੀ ਸਾਰਣੀ**

| ਸਾਲ | ਵਾਹੀ ਹੇਠਲਾ ਰਕਬਾ* | ਅੰਦਾਜ਼ਨ ਝਾੜ* | ਉਤਪਾਦਨ* | ਕੁੱਲ ਖ਼ਰੀਦ* | ਖ਼ਰੀਦ ਕੇਂਦਰ | ਘੱਟੋ ਘੱਟ ਖ਼ਰੀਦ ਮੁੱਲ (ਪ੍ਰਤੀ ਕੁਇੰਟਲ ਰੁਪਏ) |
|---|---|---|---|---|---|---|
| 2000-2001 | 34.08 | 4.563 | 155.51 | 96.98 | 1589 | 580 |
| 2001-2002 | 34.20 | 4.532 | 154.99 | 105.79 | 1616 | 610 |
| 2002-2003 | 33.75 | 4.200 | 154.99 | 99.03 | 1659 | 620 |
| 2003-2004 | 34.44 | 4.207 | 144.89 | 90.63 | 1531 | 620 (+DR-Rs. 10/-) |
| 2004-2005 | 34.82 | 4.221 | 146.98 | 95.00 | 1549 | 630 |
| 2005-2006 | 34.69 | 4.179 | 144.97 | 92.56 | 1579 | 640 |
| 2006-2007 | 34.67 | 4.210 | 145.96 | 81.19 | 1604 | 650 (ਬੋਨਸ 50/-) |
| 2007-2008 | 34.88 | 4.507 | 157.20 | 79.11 | 1602 | 750 (ਬੋਨਸ 100/-) |
| 2008-2009 | 35.26 | 4.462 | 157.33 | 106.04 | 1624 | 1000 |
| 2009-2010 | 35.00 | 4.350 | 152.25 | 110.09 | 1646 | 1080 |
| 2009-2010 | 35.21 | 4.410 | 154.92 | 102.78 | 1700 | 1100 |

*ਖੇਤੀ ਹੇਠ ਰਕਬਾ ਲੱਖਾਂ ਹੈਕਟੇਅਰ 'ਚ, *ਪ੍ਰਤੀ ਹੈਕਟੇਅਰ ਅੰਦਾਜ਼ਨ ਝਾੜ ਮੀਟ੍ਰਿਕ ਟਨਾਂ 'ਚ, *ਉਤਪਾਦਨ ਤੇ ਖਰੀਦ ਲੱਖਾਂ ਮੀਟ੍ਰਿਕ ਟਨਾਂ 'ਚ

# ਸੇਵਾ ਅਧਿਕਾਰ ਕਾਨੂੰਨ

# ਲਾਲ ਫ਼ੀਤਾਸ਼ਾਹੀ ਤੋਂ ਮੁਕਤੀ

**ਜਦੋਂ ਤੋਂ ਦੇਸ਼ ਅਜ਼ਾਦ ਹੋਇਆ ਹੈ ਉਦੋਂ ਤੋਂ ਇਹ ਪਹਿਲੀ ਵਾਰੀ ਹੈ ਕਿ ਇਕ ਆਮ ਬੰਦੇ ਕੋਲ ਇਹ ਅਧਿਕਾਰ ਹੋਵੇਗਾ ਕਿ ਜਿਹੜਾ ਵੀ ਅਧਿਕਾਰੀ ਮਿੱਥੇ ਹੋਏ ਸਮੇਂ ਅਨੁਸਾਰ ਆਪਣਾ ਕੰਮ ਪੂਰਾ ਕਰਕੇ ਨਹੀਂ ਦਿੰਦਾ ਉਹ ਉਸਨੂੰ ਇਸ ਬਾਰੇ ਪੁੱਛ ਸਕੇਗਾ। ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ 'ਅਸਲੀ ਮਾਲਕ ਰਾਜ ਦੇ ਲੋਕ ਹੀ ਹਨ ਤੇ ਹੁਣ ਉਹ ਵੇਲਾ ਆ ਗਿਆ ਹੈ ਜਦੋਂ ਅਫ਼ਸਰਸ਼ਾਹੀ ਨੂੰ ਇਨ੍ਹਾਂ ਅਸਲੀ ਮਾਲਕਾਂ ਦਾ ਸਾਹਮਣਾ ਕਰਨਾ ਪਵੇਗਾ।'**



**ਏ ਐਸ ਪਰਾਸ਼ਰ**

ਅਜਿਹੇ ਮੌਕੇ ਜਦੋਂ ਕਿ ਜ਼ੋਰਦਾਰ ਸਮਾਜਿਕ ਦਬਾਅ ਦੇ ਬਾਵਜੂਦ ਕੇਂਦਰ ਸਰਕਾਰ ਅਜੇ ਇਸ ਬਾਰੇ ਵਿਚਾਰ ਹੀ ਕਰ ਰਹੀ ਹੈ, ਪੰਜਾਬ ਮੰਤਰੀ ਮੰਡਲ ਨੇ ਰਾਜ ਦੇ ਨਾਗਰਿਕਾਂ ਨੂੰ ਵੱਖ ਵੱਖ ਵਿਭਾਗਾਂ ਵੱਲੋਂ ਬਾਕਾਇਦਾ ਨਿਸ਼ਚਤ ਸਮੇਂ ਅੰਦਰ ਸੇਵਾਵਾਂ ਦੇਣ ਲਈ 'ਸੇਵਾ ਅਧਿਕਾਰ ਕਾਨੂੰਨ' ਨੂੰ ਲਾਗੂ ਕਰਨ ਲਈ ਆਰਡੀਨੈਂਸ ਜਾਰੀ ਕਰਨ ਦੀ ਮਨਜ਼ੂਰੀ ਵੀ ਦੇ ਦਿੱਤੀ ਹੈ। ਚੰਗਾ ਪ੍ਰਸ਼ਾਸਨ ਦੇਣ ਲਈ ਸਰਕਾਰ ਵੱਲੋਂ ਇਸ ਦਿਸ਼ਾ ਵੱਲ ਜਿਹੜੇ ਹੋਰ ਕਦਮ ਉਠਾਏ ਜਾ ਰਹੇ ਹਨ, ਉਨ੍ਹਾਂ ਵਿੱਚ ਇਹ ਇਕ ਬਹੁਤ ਹੀ ਅਹਿਮ ਕੜੀ ਹੋਵੇਗਾ। ਅਕਾਲੀ-ਭਾਜਪਾ ਸਰਕਾਰ ਦੇ ਇਸ ਦਲੇਰਾਨਾ ਕਦਮ ਨਾਲ ਨਾ ਸਿਰਫ਼ ਆਮ ਨਾਗਰਿਕ ਹੀ ਆਪਣੇ ਆਪ ਨੂੰ ਪਹਿਲਾਂ ਨਾਲੋਂ ਵਧੇਰੇ ਤਾਕਤਵਰ ਹੋਇਆ ਮਹਿਸੂਸ ਕਰੇਗਾ ਸਗੋਂ ਭ੍ਰਿਸ਼ਟਾਚਾਰ ਖ਼ਤਮ ਕਰਨ ਲਈ ਸਰਕਾਰ ਵੱਲੋਂ ਕੀਤਾ ਗਿਆ ਬਹੁਤ ਵੱਡਾ ਪ੍ਰਸ਼ਾਸਨਿਕ ਸੁਧਾਰ ਵੀ ਮੰਨਿਆ ਜਾਵੇਗਾ। ਇਸ ਬਾਰੇ ਫੈਸਲਾ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਜਦੋਂ ਤੋਂ ਦੇਸ਼ ਅਜ਼ਾਦ ਹੋਇਆ ਹੈ ਉਦੋਂ ਤੋਂ ਇਹ ਪਹਿਲੀ ਵਾਰੀ ਹੈ ਕਿ ਇਕ ਆਮ ਬੰਦੇ ਕੋਲ ਇਹ ਅਧਿਕਾਰ ਹੋਵੇਗਾ ਕਿ ਜਿਹੜਾ ਵੀ ਅਧਿਕਾਰੀ ਮਿੱਥੇ ਹੋਏ ਸਮੇਂ ਅਨੁਸਾਰ ਆਪਣਾ ਕੰਮ ਪੂਰਾ ਕਰਕੇ ਨਹੀਂ ਦਿੰਦਾ ਉਹ ਉਸਨੂੰ ਇਸ ਬਾਰੇ ਪੁੱਛ ਸਕੇਗਾ। ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ 'ਅਸਲੀ ਮਾਲਕ ਰਾਜ ਦੇ ਲੋਕ ਹਨ। ਹੁਣ ਵੇਲਾ ਆ ਗਿਆ ਹੈ ਜਦੋਂ ਅਫ਼ਸਰਸ਼ਾਹੀ ਨੂੰ ਅਸਲੀ ਮਾਲਕਾਂ ਦਾ ਸਾਹਮਣਾ ਕਰਨਾ ਪਵੇਗਾ।'

ਇਸ ਕਾਨੂੰਨ ਦਾ ਮੰਤਵ ਹੀ ਸਰਕਾਰੀ ਦਫਤਰਾਂ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ ਅਤੇ ਲੋਕਾਂ ਨੂੰ ਸਰਕਾਰੀ ਦਫਤਰਾਂ ਨਾਲ ਸੰਬੰਧਤ ਸੇਵਾਵਾਂ ਬੇਹਤਰ ਤਰੀਕੇ ਨਾਲ ਦੇਣਾ ਹੈ। ਇਸ ਲਈ ਇਹ ਆਰਡੀਨੈਂਸ ਦਫ਼ਤਰ ਦੇ ਹਰ ਕੰਮਕਾਜ ਨੂੰ ਇਕ ਨਿਸ਼ਚਿਤ ਸਮੇਂ ਵਿੱਚ ਕੀਤੇ ਜਾਣ ਲਈ ਮੁਲਾਜ਼ਮ ਨੂੰ ਪਾਬੰਦ ਕਰਦਾ ਹੈ। ਇਹ ਸਾਰੇ ਹੀ ਜਾਣਦੇ ਹਨ ਕਿ ਬਹੁਤੀ ਵਾਰ ਆਮ ਬੰਦੇ ਨੂੰ ਆਪਣਾ ਕੰਮ ਛੇਤੀ ਕਰਾਉਣ ਵਾਸਤੇ ਸਰਕਾਰੀ ਮੁਲਾਜ਼ਮਾਂ ਦੀ ਮੁੱਠੀ ਗਰਮ ਕਰਨੀ ਪੈਂਦੀ ਹੈ। ਇਸ ਰਾਹੀਂ ਇਸ ਕਿਸਮ ਦੇ ਮੁਲਾਜ਼ਮਾਂ ਦੇ ਆਪਹੁਦਰੇਪਣ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਕਾਨੂੰਨ ਯਕੀਨੀ ਬਣਾਏਗਾ ਕਿ ਦਫ਼ਤਰੀ ਫਾਈਲਾਂ ਦਾ ਨਿਪਟਾਰਾ ਕਰਨ ਵੇਲੇ ਮੁਲਾਜ਼ਮ ਬੇਵਜ੍ਹਾ ਦੇਰੀ ਨਾ ਕਰਨ। ਜੇ ਉਹ ਬੇਲੋੜੀ ਦੇਰੀ ਕਰਦੇ ਹਨ ਤਾਂ ਇਸ ਕਾਨੂੰਨ ਦੇ ਤਹਿਤ ਉਨ੍ਹਾਂ ਨੂੰ ਉਕਾ-ਪੁੱਕਾ ਘੱਟ ਤੋਂ ਘੱਟ 500 ਰੁਪਏ ਅਤੇ ਵੱਧ ਤੋਂ ਵੱਧ 5000 ਰੁਪਏ ਜੁਰਮਾਨਾ ਕੀਤਾ ਜਾ ਸਕਦਾ ਹੈ।

ਆਮ ਆਦਮੀ ਨੂੰ ਤਾਕਤਵਰ ਬਣਾਉਣ ਵਾਸਤੇ ਇਸ ਤੋਂ ਪਹਿਲਾਂ ਸੂਚਨਾ ਅਧਿਕਾਰ ਕਾਨੂੰਨ ਬਣਾ ਕੇ ਕਦਮ ਉਠਾਇਆ ਗਿਆ ਸੀ। ਇਸ ਦਾ ਮਨੋਰਥ 'ਸਿਵਿਲ ਸਰਵੈਂਟ' ਸ਼ਬਦ ਨੂੰ ਸਹੀ ਅਰਥ ਦੇਣਾ ਸੀ। ਆਮ ਤੌਰ 'ਤੇ ਇਸ ਪ੍ਰਬੰਧ ਹੇਠ ਬਾਬੂਆਂ ਦੀ ਸਿਖਲਾਈ ਹੀ ਇਸ ਕਿਸਮ ਦੀ ਹੈ ਕਿ ਜਿਹੜੇ ਲੋਕਾਂ ਦੀ ਸੇਵਾ ਵਾਸਤੇ ਉਨ੍ਹਾਂ ਨੂੰ ਨੌਕਰੀਆਂ 'ਤੇ ਲਗਾਇਆ ਗਿਆ ਹੈ, ਉਨ੍ਹਾਂ ਦੇ ਕੋਲੋਂ ਹੀ ਉਹ ਸਾਰਾ ਕੁਝ ਛੁਪਾ ਕੇ ਰੱਖਦੇ ਹਨ। ਜਨਤਕ ਸੇਵਾਵਾਂ ਦੇਣ ਵਿੱਚ ਰਵੱਈਆ ਬਹੁਤ ਮਾਅਨਾ ਰੱਖਦਾ ਹੈ ਜਿਹੜਾ ਕਿ ਸਰਕਾਰੀ ਮੁਲਾਜ਼ਮਾਂ ਵਿੱਚ ਦਿਖਾਈ ਹੀ ਨਹੀਂ ਦਿੰਦਾ। ਜਿਨ੍ਹਾਂ ਨੇ ਜਨਤਾ ਦੇ ਸੇਵਕ ਬਣਨ ਵਾਸਤੇ ਮੁਕਾਬਲੇ ਦੇ ਔਖੇ ਇਮਤਹਾਨ ਪਾਸ ਕੀਤੇ ਹੁੰਦੇ ਹਨ, ਉਹ ਕੁਰਸੀਆਂ 'ਤੇ ਬੈਠ ਕੇ ਮਾਲਕਾਂ ਵਾਂਗ ਵਿਵਹਾਰ ਕਰਨ ਲੱਗ ਜਾਂਦੇ ਹਨ। ਅਫ਼ਸਰ ਬਲਾਕ ਪੱਧਰ ਦੇ ਹੋਣ, ਜ਼ਿਲ੍ਹਾ ਪੱਧਰ ਦੇ ਜਾਂ ਸੂਬਾ ਪੱਧਰ ਦੇ, ਉਨ੍ਹਾਂ ਵਿੱਚੋਂ ਬਹੁਤੇ ਇਹ ਮਹਿਸੂਸ ਕਰਦੇ ਹਨ ਕਿ ਉਹ ਜੋ ਵੀ ਕਰਨਗੇ ਲੋਕ ਉਨ੍ਹਾਂ ਦੇ ਸ਼ੁਕਰਗੁਜ਼ਾਰ ਹੋਣਗੇ ਬੇਸ਼ਕ ਉਨ੍ਹਾਂ ਕੋਲੋਂ ਲੋਕਾਂ ਨੂੰ ਹੋਰ ਵੀ ਉਮੀਦਾਂ ਕਿਉਂ ਨਾ ਹੁੰਦੀਆਂ ਹੋਣ। ਸੂਚਨਾ ਅਧਿਕਾਰ ਐਕਟ ਦੇ ਨਾਲ ਦੇਸ਼ ਦੇ ਨਾਗਰਿਕਾਂ ਨੂੰ ਇਹ ਪਤਾ ਕਰਨ ਦਾ ਹੱਕ ਹਾਸਲ ਹੋ ਗਿਆ ਸੀ ਕਿ ਉਨ੍ਹਾਂ ਦੀ ਫਾਈਲ ਕਿੱਥੇ ਰੁਕੀ ਪਈ ਹੈ।

ਉਸ ਕਾਨੂੰਨ ਨੇ ਸਰਕਾਰੀ ਮੁਲਾਜ਼ਮਾਂ ਅਤੇ ਅਫਸਰਾਂ ਲਈ ਇਹ ਲਾਜ਼ਮੀ ਕਰ ਦਿੱਤਾ ਸੀ ਕਿ ਆਮ ਬੰਦੇ ਨੂੰ ਜਿਹੜੀ ਵੀ ਸੂਚਨਾ ਚਾਹੀਦੀ ਹੈ, ਉਹ ਇਕਦਮ ਦਿੱਤੀ ਜਾਵੇ। ਪਰ ਇਸ ਜਾਣਕਾਰੀ ਦਾ ਬਹੁਤਾ ਜ਼ਿਆਦਾ ਫਾਇਦਾ ਨਾ ਹੋਇਆ ਕਿਉਂਕਿ ਦੁਖੀ ਬੰਦੇ ਕੋਲ ਆਪਣਾ ਦੁੱਖ ਨਿਵਾਰਨ ਲਈ ਦੋ ਹੀ ਰਾਹ ਬਚਦੇ ਹਨ ਕਿ ਜਾਂ ਤਾਂ ਉਹ ਉਚ ਅਧਿਕਾਰੀਆਂ ਕੋਲ ਜਾਵੇ ਤੇ ਜਾਂ ਫਿਰ ਅਦਾਲਤਾਂ ਦਾ ਕੁੰਡਾ ਖੜਕਾਵੇ। ਅਦਾਲਤਾਂ ਕਿਉਂਕਿ ਪਹਿਲਾਂ ਹੀ ਮੁਕੱਦਮਿਆਂ ਨਾਲ ਭਰੀਆਂ ਪਈਆਂ ਹਨ, ਇਸ ਲਈ ਪਿੰਡ ਵਿੱਚ ਟਿਊਬਵੈੱਲ ਲਗਾਉਣ ਜਾਂ ਸਕੂਲ ਇਮਾਰਤ ਦੀ ਉਸਾਰੀ ਕਰਨ ਵਰਗੇ ਮਾਮਲਿਆਂ ਵਿੱਚ ਅਦਾਲਤਾਂ ਤੋਂ ਛੇਤੀ ਰਾਹਤ ਮਿਲਣ ਦੀ ਬਹੁਤੀ ਸੰਭਾਵਨਾ ਨਹੀਂ ਰਹਿ ਜਾਂਦੀ। ਸੇਵਾ ਅਧਿਕਾਰ ਕਾਨੂੰਨ ਬਣਾਇਆ ਹੀ ਇਸ ਲਈ ਜਾ ਰਿਹਾ ਹੈ ਕਿ ਆਮ ਬੰਦੇ ਦਾ ਜੀਵਨ ਸੌਖਾ ਕਰਨ ਲਈ ਇਹ ਪਾੜਾ ਖ਼ਤਮ ਕੀਤਾ ਜਾਵੇ।



ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਬੈਠਕ ਜਿਸ ਵਿੱਚ 'ਸੇਵਾ ਅਧਿਕਾਰ ਕਾਨੂੰਨ' ਸਬੰਧੀ ਆਰਡੀਨੈਂਸ ਨੂੰ ਮਨਜ਼ੂਰੀ ਦਿੱਤੀ ਗਈ।

# ਸੁਣਵਾਈ ਲਈ ਕਮਿਸ਼ਨ

ਉਪ ਮੁੱਖ ਮੰਤਰੀ ਸ. ਸੁਖ਼ਬੀਰ ਸਿੰਘ ਬਾਦਲ ਦੀ ਸਿੱਧੀ ਨਿਗਰਾਨੀ ਹੇਠ ਬਾਦਲ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਨਿਵੇਕਲੇ 'ਪੰਜਾਬ ਸੇਵਾ ਅਧਿਕਾਰ ਕਾਨੂੰਨ' ਦੇ ਤਹਿਤ ਰਾਜ ਦੇ ਲੋਕਾਂ ਨੂੰ ਇਕ ਨਿਸ਼ਚਿਤ ਸਮੇਂ ਸੀਮਾ ਅੰਦਰ ਸਰਕਾਰੀ ਸੇਵਾਵਾਂ ਦੇਣ ਲਈ ਤਿੰਨ-ਮੈਂਬਰੀ ਕਮਿਸ਼ਨ ਕਾਇਮ ਕੀਤੇ ਜਾਣ ਦੀ ਵਿਵਸਥਾ ਹੈ।

ਪੰਜਾਬ ਸੇਵਾ ਅਧਿਕਾਰ ਕਮਿਸ਼ਨ ਦੇ ਨਾਂਅ ਵਾਲੀ ਇਸ ਸੰਸਥਾ ਦਾ ਮੁਖੀ ਚੀਫ ਕਮਿਸ਼ਨਰ ਹੋਵੇਗਾ ਜਿਸ ਦੇ ਨਾਲ ਦੋ ਕਮਿਸ਼ਨਰ ਵੀ ਹੋਣਗੇ। ਇਨ੍ਹਾਂ ਦੀ ਨਿਯੁਕਤੀ ਰਾਜ ਸਰਕਾਰ ਪੰਜਾਬ ਵਿਧਾਨ ਸਭਾ ਅੰਦਰ ਵਿਰੋਧੀ ਧਿਰ ਦੇ ਨੇਤਾ ਦੇ ਮਸ਼ਵਰੇ ਨਾਲ ਕਰੇਗੀ।

ਚੀਫ ਕਮਿਸ਼ਨਰ ਪੰਜਾਬ ਦੇ ਮੁੱਖ ਸਕੱਤਰ ਜਾਂ ਭਾਰਤ ਸਰਕਾਰ ਦੇ ਸਕੱਤਰ ਦੇ ਰੁਤਬੇ ਦਾ ਕੋਈ ਸੇਵਾਮੁਕਤ ਅਧਿਕਾਰੀ ਲਗਾਇਆ ਜਾਏਗਾ। ਇਸੀ ਤਰ੍ਹਾਂ ਕਮਿਸ਼ਨਰ ਅਜਿਹੇ ਵਿਅਕਤੀ ਨੂੰ ਲਾਇਆ ਜਾਵੇਗਾ ਜੋ ਪੰਜਾਬ ਸਰਕਾਰ ਦੇ ਪ੍ਰਿੰਸੀਪਲ ਸਕੱਤਰ ਜਾਂ ਰਾਜ ਦੀਆਂ ਇਸਦੇ ਬਰਾਬਰ ਦੀਆਂ ਸਰਕਾਰੀ ਸੇਵਾਵਾਂ ਵਾਲੇ ਜਿਨ੍ਹਾਂ ਵਿੱਚ ਪੰਜਾਬ ਕਾਡਰ ਦੇ ਕੁਲ ਹਿੰਦ ਸੇਵਾਵਾਂ ਵਾਲੇ ਜਾਂ ਜਨ ਪ੍ਰਸ਼ਾਸਨ ਦੇ ਖੇਤਰ ਤੋਂ ਕੋਈ ਮਾਹਿਰ, ਜਿਸ ਨੇ ਜਨ-ਪ੍ਰਸ਼ਾਸਨ ਵਿਸ਼ੇ ਵਿੱਚ ਪੀ ਐਚ ਡੀ ਕੀਤੀ ਹੋਵੇ ਅਤੇ ਜਿਸ ਕੋਲ ਯੂਨੀਵਰਸਿਟੀ ਵਿੱਚ ਪੜ੍ਹਾਉਣ ਦਾ ਘੱਟੋਘਟ 20 ਸਾਲ ਦਾ ਤਜਰਬਾ ਹੋਵੇ। ਸੇਵਾਮੁਕਤ ਜਾਂ ਮੌਜੂਦਾ ਸਰਵਿਸ ਵਾਲੇ ਕਮਿਸ਼ਨਰ ਦੀ ਨਿਯੁਕਤੀ ਦੇ ਯੋਗ ਹੋਣਗੇ।

ਜੇ ਕੋਈ ਅਧਿਕਾਰੀ ਨਿਸ਼ਚਿਤ ਸਮੇਂ ਵਿੱਚ ਲੋੜੀਂਦੀ ਸਰਕਾਰੀ ਸੇਵਾ ਮੁਹੱਈਆ ਨਹੀਂ ਕਰਦਾ ਤਾਂ ਉਸਨੂੰ 500 ਰੁਪਏ ਤੋਂ ਲੈ ਕੇ 5000 ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ।

## ਨਵੇਂ ਕਾਨੂੰਨ ਦੇ ਤਹਿਤ ਜਿਹੜੀਆਂ ਜਨਤਕ ਸੇਵਾਵਾਂ ਆਉਂਦੀਆਂ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

| ਕੰਮ ਦੀ ਕਿਸਮ | ਪੂਰਾ ਕਰਨ ਦਾ ਸਮਾਂ | ਜ਼ਿੰਮੇਵਾਰ ਅਧਿਕਾਰੀ |
|---|---|---|
| **ਮਾਲ ਵਿਭਾਗ** | | |
| ਪਿੰਡ ਪੱਧਰ 'ਤੇ ਜ਼ਮੀਨ ਦੀ ਜਮ੍ਹਾਂਬੰਦੀ, ਗਿਰਦਾਵਰੀ, ਵਗੈਰਾ ਦੀਆਂ ਨਕਲਾਂ | ਇਕ ਦਿਨ | ਪਟਵਾਰੀ |
| ਜ਼ਮੀਨ ਦੀ ਹੱਦਬੰਦੀ | 21 ਦਿਨ | ਕਾਨੂੰਨਗੋ |
| ਹਰ ਕਿਸਮ ਦੇ ਦਸਤਾਵੇਜ਼ਾਂ ਦੀ ਰਜਿਸਟਰੇਸ਼ਨ ਜਿਵੇਂ ਕਿ ਸੇਲ ਡੀਡ, ਲੀਜ਼ ਡੀਡ, ਜੀਪੀਏ, ਪਾਰਟਨਰਸ਼ਿਪ ਡੀਡ ਵਗੈਰਾ | 1 ਦਿਨ | ਸਬ ਰਜਿਸਟਰਾਰ ਜਾਂ ਜੁਆਇੰਟ ਸਬ ਰਜਿਸਟਰਾਰ (ਸਬ ਤਹਿਸੀਲਾਂ ਵਿੱਚ) ਤਹਿਸੀਲਦਾਰ |
| ਇਤਰਾਜ਼ ਰਹਿਤ ਜਮ੍ਹਾਂਬੰਦੀਆਂ ਦੀ ਤਸਦੀਕ | 15 ਦਿਨ | ਸਰਕਲ ਮਾਲ ਅਫਸਰ |
| ਜ਼ਮੀਨ ਦੀ ਜ਼ਾਤੀ ਵੰਡ (ਜ਼ਮੀਨ ਮਾਲਕਾਂ ਦੀ ਆਪਸੀ ਰਜ਼ਾਮੰਦੀ ਨਾਲ) | 30 ਦਿਨ | ਸਰਕਲ ਮਾਲ ਅਫਸਰ |
| **ਸਥਾਨਕ ਪ੍ਰਸ਼ਾਸਨ ਵਿਭਾਗ** | | |
| ਨਗਰ ਨਿਗਮ ਸ਼ਹਿਰਾਂ ਵਿੱਚ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨ | 7 ਦਿਨ | ਸਬ-ਡਿਵੀਜਨਲ ਇੰਜੀਨੀਅਰ (ਜਨ ਸਿਹਤ) |
| ਨਗਰ ਪਾਲਿਕਾਂ ਕਸਬਿਆਂ ਵਿੱਚ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨ | 7 ਦਿਨ | ਇੰਜੀਨੀਅਰ ਇੰਚਾਰਜ (ਐਮ ਈ ਜਾਂ ਐਸ ਡੀ ਈ) |
| ਇਮਾਰਤੀ ਨਕਸ਼ਿਆਂ/ਸੌਧਾਂ ਦੀ ਮਨਜ਼ੂਰੀ<br>(500 ਗਜ਼ 'ਤੇ ਇਸ ਤੋਂ ਘੱਟ ਵਾਲੇ ਪਲਾਟਾਂ ਲਈ)<br>(500 ਗਜ਼ ਜਾਂ ਇਸ ਤੋਂ ਵੱਧ ਵਾਲੇ ਪਲਾਟਾਂ ਲਈ) | <br>30 ਦਿਨ<br>60 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਇਮਾਰਤ ਮੁਕੰਮਲ ਹੋਣ ਦਾ ਸਰਟੀਫਿਕੇਟ | 15 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਨੋ ਔਬਜੈਕਸ਼ਨ ਸਰਟੀਫਿਕੇਟ/ਡੁਪਲੀਕੇਟ ਅਲਾਟਮੈਂਟ/ਰੀ-ਐਲਾਟਮੈਂਟ ਪੱਤਰ | 21 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਕਨਵੇਐਂਸ (ਰਜਿਸਟਰੀ) ਡੀਡ | 15 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |

## ਜਨਸ਼ਕਤੀ

**ਨਿਸ਼ਚਿਤ ਸਮੇਂ ਵਿੱਚ ਸੇਵਾ ਦੇਣਾ:** ਸੰਬਧਿਤ ਅਫਸਰ ਅਰਜ਼ੀ ਦੇਣ ਵਾਲਿਆਂ ਦਾ ਸਾਰਾ ਵੇਰਵਾ ਇਕ ਰਿਕਾਰਡ ਦੇ ਰੂਪ ਵਿੱਚ ਰੱਖੇਗਾ ਅਤੇ ਵਿਭਾਗ ਦੇ ਸਕੱਤਰ ਦੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਸਲਾਨਾ ਰਿਪੋਰਟ ਵਿੱਚ ਦੱਸੇ ਕਿ ਕੰਮ ਦੀ ਤਾਮੀਲ ਕੀਤੀ ਗਈ ਹੈ।

**ਸਜ਼ਾ:** ਜੇ ਦੂਜੇ ਅਪੀਲ ਅਧਿਕਰਣ ਦੀ ਇਹ ਰਾਏ ਬਣੇ ਕਿ ਸੰਬਧਿਤ ਅਫ਼ਸਰ ਨੇ ਬਿਨਾਂ ਕਿਸੇ ਠੋਸ ਕਾਰਨ ਸਰਕਾਰੀ ਸੇਵਾ ਨਿਸ਼ਚਿਤ ਸਮੇਂ ਵਿੱਚ ਨਹੀਂ ਦਿੱਤੀ ਤਾਂ ਉਹ ਉਸਨੂੰ 500 ਰੁਪਏ ਤੋਂ 5000 ਰੁਪਏ ਤੱਕ ਉਕਾਪੁੱਕਾ ਜੁਰਮਾਨਾ ਕਰ ਸਕੇਗਾ। ਇਹ ਜੁਰਮਾਨਾ 250 ਰੁਪਏ ਪ੍ਰਤੀ ਦਿਨ ਦੇ ਹਿਸਾਬ ਵੀ ਕੀਤਾ ਜਾ ਸਕਦਾ ਹੈ।

**ਸੋਧ:** ਜੁਰਮਾਨਾ ਲਾਏ ਜਾਣ ਦੇ ਸੰਬੰਧ ਵਿੱਚ ਜੇ ਪੀੜਤ ਵਿਅਕਤੀ ਦੀ ਦੂਜੇ ਅਪੀਲ ਅਧਿਕਰਣ ਦੇ ਫੈਸਲੇ ਨਾਲ ਤਸੱਲੀ ਨਹੀਂ ਹੁੰਦੀ ਤਾਂ ਉਹ 60 ਦਿਨਾਂ ਦੇ ਅੰਦਰ (ਕੁਝ ਖ਼ਾਸ ਹਾਲਤਾਂ ਵਿੱਚ ਇਹ ਦਾਅਵਾ 60 ਦਿਨਾਂ ਤੋਂ ਬਾਅਦ ਵੀ ਦਾਇਰ ਕੀਤਾ ਜਾ ਸਕੇਗਾ) ਇਸ 'ਤੇ ਮੁੜ ਵਿਚਾਰ ਕਰਨ ਲਈ ਕਮਿਸ਼ਨ ਜਾਂ ਨਾਮਜ਼ਦ ਕੀਤੇ ਗਏ ਅਧਿਕਾਰੀ ਕੋਲ ਅਰਜ਼ੀ ਪਾ ਸਕਦਾ ਹੈ। ਸੇਵਾਵਾਂ ਦੀ ਸਮੇਂ ਸੀਮਾ ਬਾਰੇ ਲਿਖਤੀ ਜਾਣਕਾਰੀ ਵਿਭਾਗ ਦੇ ਸਕੱਤਰ ਦੀ ਜ਼ਿੰਮੇਵਾਰੀ ਹੋਵੇਗੀ।

**ਕਮਿਸ਼ਨ ਦੀ ਸਥਾਪਨਾ:** ਰਾਜ ਸਰਕਾਰ ਨਵੇਂ ਕਾਨੂੰਨ ਦੇ ਤਹਿਤ ਪੰਜਾਬ ਸੇਵਾ ਅਧਿਕਾਰ ਕਮਿਸ਼ਨ ਕਾਇਮ ਕਰੇਗੀ।

**ਕਮਿਸ਼ਨ ਦੀ ਸੰਰਚਨਾ:** ਕਮਿਸ਼ਨ ਦੇ ਮੁਖੀ ਚੀਫ ਕਮਿਸ਼ਨਰ ਹੋਣਗੇ ਅਤੇ ਉਨ੍ਹਾਂ ਦੇ ਨਾਲ 2 ਕਮਿਸ਼ਨਰ ਹੋਣਗੇ। ਇਨ੍ਹਾਂ ਦੀ ਨਿਯੁਕਤੀ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨਾਲ ਵਿਚਾਰ ਕੇ ਕੀਤੀ ਜਾਵੇਗੀ।

**ਚੀਫ ਕਮਿਸ਼ਨਰ ਦੇ ਅਖ਼ਤਿਆਰ:** ਚੀਫ ਕਮਿਸ਼ਨਰ ਦਾ ਮੁੱਖ ਕੰਮ ਕਮਿਸ਼ਨ ਦੇ ਪੂਰੇ ਕੰਮ ਦੀ ਨਿਗਰਾਨੀ ਕਰਨਾ ਅਤੇ ਇਸਦਾ ਸੰਚਾਲਨ ਕਰਨਾ ਹੈ। ਉਹ ਆਪਣੇ ਅਧਿਕਾਰਾਂ ਦੀ ਵਰਤੋਂ ਐਕਟ ਦੀ ਧਾਰਾ 15 (4) ਤਹਿਤ ਕਰਨਗੇ।

**ਚੀਫ ਕਮਿਸ਼ਨਰ ਅਤੇ ਕਮਿਸ਼ਨਰਾਂ ਦਾ ਸੇਵਾ ਕਾਲ:** ਇਨ੍ਹਾਂ ਦੇ ਅਹੁਦੇ ਦੀ ਮਿਆਦ, ਅਹੁਦਾ ਸੰਭਾਲਣ ਤੋਂ ਪੰਜ ਸਾਲ ਤੱਕ ਜਾਂ 65 ਸਾਲ ਦੀ ਉਮਰ ਹੋ ਜਾਣ ਤੱਕ (ਜੋ ਵੀ ਪਹਿਲਾਂ ਹੋਵੇ) ਹੋਵੇਗੀ। ਚੀਫ਼ ਕਮਿਸ਼ਨਰ ਜਾਂ ਕਮਿਸ਼ਨਰ, ਜਦੋਂ ਵੀ ਚਾਹੁਣ, ਗਵਰਨਰ ਨੂੰ ਆਪਣਾ ਅਸਤੀਫਾ ਭੇਜ ਸਕਦੇ ਹਨ।

**ਕਮਿਸ਼ਨ ਦੀਆਂ ਸਿਫ਼ਾਰਿਸ਼ਾਂ 'ਤੇ ਸਰਕਾਰ ਦੀ ਕਾਰਵਾਈ:** ਰਾਜ ਸਰਕਾਰ ਕਮਿਸ਼ਨ ਦੀਆਂ ਸਿਫ਼ਾਰਿਸ਼ਾਂ ਉਪਰ ਐਕਟ ਦੀ ਧਾਰਾ 15 (1) ਦੇ ਕਲਾਜ਼ ਡੀ, ਈ ਅਤੇ ਐਫ ਦੇ ਤਹਿਤ ਵਿਚਾਰ ਕਰੇਗੀ ਅਤੇ 30 ਦਿਨ ਦੇ ਅੰਦਰ ਜਾਂ ਕਮਿਸ਼ਨ ਨਾਲ ਵਿਚਾਰ ਕਰਕੇ ਇਸ ਤੋਂ ਵੱਧ ਸਮਾਂ ਲੈ ਕੇ ਕਾਰਵਾਈ ਰਿਪੋਰਟ ਭੇਜੇਗੀ।

| ਕੰਮ ਦੀ ਕਿਸਮ | ਪੂਰਾ ਕਰਨ ਦਾ ਸਮਾਂ | ਜ਼ਿੰਮੇਵਾਰ ਅਧਿਕਾਰੀ |
|---|---|---|
| ਨੋ ਡਿਊਜ਼ ਸਰਟੀਫਿਕੇਟ | 7 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਵਿਕਰੀ ਦੇ ਮਾਮਲੇ 'ਚ ਜਾਇਦਾਦ ਦਾ ਮੁੜ ਤਬਾਦਲਾ | 15 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਮੌਤ ਦੀ ਸੂਰਤ ਵਿੱਚ ਜਾਇਦਾਦ ਦਾ ਮੁੜ ਤਬਾਦਲਾ (ਇਤਰਾਜ਼ ਰਹਿਤ) | 45 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਗਿਰਵੀ ਰੱਖਣ ਬਾਰੇ ਇਜਾਜ਼ਤ | 7 ਦਿਨ | ਇੰਪਰੂਵਮੈਂਟ ਟ੍ਰਸਟ ਦਾ ਕਾਰਜਕਾਰੀ ਅਫਸਰ |
| ਇਮਾਰਤੀ ਨਕਸ਼ਿਆਂ/ਸੌਧਾਂ ਦੀ ਮਨਜ਼ੂਰੀ<br>(500 ਗਜ਼ 'ਤੇ ਇਸ ਤੋਂ ਘੱਟ ਵਾਲੇ ਪਲਾਟਾਂ ਲਈ)<br>(500 ਗਜ਼ ਜਾਂ ਇਸ ਤੋਂ ਵੱਧ ਵਾਲੇ ਪਲਾਟਾਂ ਲਈ) | <br>30 ਦਿਨ<br>60 ਦਿਨ | ਨਗਰ ਨਿਗਮ ਦੇ ਟਾਊਨ ਪਲੈਨਰ (ਐਮਟੀਪੀ) ਜਾਂ ਐਸ ਡੀ ਈ/ਐਮ ਈ ਨਗਰ ਪਰੀਸ਼ਦ |
| ਇਮਾਰਤ ਮੁਕੰਮਲ ਹੋਣ ਦਾ ਸਰਟੀਫਿਕੇਟ | 15 ਦਿਨ | -ਉਹੀ- |
| **ਪੇਂਡੂ ਜਲ-ਸਪਲਾਈ ਤੇ ਸਫਾਈ** | | |
| ਪਾਣੀ ਸਪਲਾਈ ਕੁਨੈਕਸ਼ਨ ਦੀ ਮਨਜ਼ੂਰੀ | 7 ਦਿਨ | ਸਬ-ਡਿਵੀਜਨਲ ਇੰਜੀਨੀਅਰ |
| **ਸਿਹਤ** | | |
| ਨਿਗਮ ਸ਼ਹਿਰਾਂ ਵਿੱਚੋਂ ਜਨਮ ਅਤੇ ਮੌਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਨਕਲਾਂ | 2 ਦਿਨ ਚਾਲੂ ਸਾਲ ਲਈ ਤੇ 3 ਦਿਨ ਪਿਛਲੇ ਸਾਲਾਂ ਲਈ | ਜਨਮ ਤੇ ਮੌਤ ਦੇ ਸਥਾਨਕ ਰਜਿਸਟਰਾਰ |
| ਨਗਰਪਾਲਿਕਾ ਕਸਬਿਆਂ ਵਿੱਚ ਜਨਮ ਅਤੇ ਮੌਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ | -ਉਹੀ- | ਜਨਮ ਮੌਤ ਦੇ ਸਥਾਨਕ ਰਜਿਸਟਰਾਰ |
| ਪੇਂਡੂ ਇਲਾਕਿਆਂ ਵਿੱਚ ਜਨਮ ਅਤੇ ਮੌਤ ਸਰਟੀਫਿਕੇਟਾਂ ਦੀਆਂ ਤਸਦੀਕਸ਼ੁਦਾ ਕਾਪੀਆਂ | -ਉਹੀ- | ਜਨਮ ਮੌਤ ਦੇ ਸਥਾਨਕ ਰਜਿਸਟਰਾਰ |
| ਪੋਸਟਮਾਰਟਮ ਰਿਪੋਰਟ ਦੀ ਨਕਲ | 3 ਦਿਨ | ਸਿਵਿਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਜਾਂ ਮੈਡੀਕਲ ਕਾਲਜ ਦੇ ਮੈਡੀਕਲ ਸੁਪਰਿਟੈਂਡੈਂਟ |
| **ਸਮਾਜਿਕ ਸੁਰੱਖਿਆ** | | |
| ਬਜ਼ੁਰਗਾਂ/ਵਿਕਲਾਂਗਾਂ ਤੇ ਵਿਧਵਾਵਾਂ ਦੀ ਸਹੂਲਤ ਲਈ ਸਾਰੀਆਂ ਸਮਾਜਿਕ ਸੁਰੱਖਿਆਵਾਂ | ਪਹਿਲੀ ਵਾਰ 30 ਦਿਨ | ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ |
| ਹਰ ਕਿਸਮ ਦੇ ਵਿਕਲਾਂਗਾਂ ਵਾਸਤੇ ਪਛਾਣ ਪੱਤਰ | 7 ਦਿਨ | ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ |
| **ਅਮਲਾ** | | |
| ਜਾਤੀ, ਹੋਰ ਪਛੜੀਆਂ ਸ਼੍ਰੇਣੀਆਂ, ਆਮਦਨ ਰਿਹਾਇਸ਼ ਵਗੈਰਾ ਦੇ ਸਰਟੀਫਿਕੇਟ | 15 ਦਿਨ | ਤਹਿਸੀਲਦਾਰ |
| **ਖ਼ੁਰਾਕ ਤੇ ਸਿਵਲ ਸਪਲਾਈਜ਼** | | |
| ਰਾਸ਼ਨ ਕਾਰਡ ਬਣਵਾਉਣਾ | 7 ਦਿਨ | ਏ ਐਫ ਐਸ ਓ |

# ਲੋਕ ਮੰਚ

## ਘਰੇਲੂ ਸੁਆਣੀ



ਸ਼੍ਰੀਮਤੀ ਸੰਦੀਪ ਕੌਰ

ਕਿਸੇ ਸਰਕਾਰੀ ਦਫ਼ਤਰ ਵਿੱਚੋਂ ਕੋਈ ਕੰਮ ਕਰਵਾਉਣ ਨਾਲੋਂ ਘਰ ਨੂੰ ਸਾਂਭਣਾ ਕਾਫ਼ੀ ਸੌਖਾ ਹੈ। ਜੇ ਸੇਵਾ ਅਧਿਕਾਰ ਦਾ ਕਾਨੂੰਨ ਲਾਗੂ ਹੋ ਜਾਵੇ ਤਾਂ ਇਸ ਨਾਲ ਸਰਕਾਰੀ ਦਫ਼ਤਰਾਂ ਵਿੱਚ ਕੰਮਕਾਰ ਦੀ ਰਫ਼ਤਾਰ ਵਧੇਗੀ। ਮੈਨੂੰ ਯਾਦ ਹੈ ਕਿ ਮੈਨੂੰ ਆਪਣਾ ਡਰਾਈਵਿੰਗ ਲਾਈਸੈਂਸ ਬਣਵਾਉਣ ਲਈ ਲਾਈਸੈਂਸਿੰਗ ਤੇ ਰਜਿਸਟਰਿੰਗ ਅਥਾਰਟੀ ਦੇ ਦਫ਼ਤਰ ਵਿੱਚ ਕਈ ਗੇੜੇ ਮਾਰਨੇ ਪਏ ਸਨ। ਮੈਨੂੰ ਆਸ ਹੈ ਕਿ ਇਹ ਕਾਨੂੰਨ ਲਾਗੂ ਹੋਣ ਨਾਲ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਿਹਤਰ ਸਰਕਾਰੀ ਸੇਵਾਵਾਂ ਮਿਲ ਸਕਣਗੀਆਂ।

## ਦੁਕਾਨਦਾਰ



ਰਾਜੂ

ਸਰਕਾਰਾਂ ਕਈ ਨਵੇਂ ਕਾਨੂੰਨ ਬਣਾਉਂਦੀਆਂ ਹਨ ਪਰ ਜਦੋਂ ਇਨ੍ਹਾਂ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਉਦੋਂ ਕੋਈ ਫਾਇਦਾ ਨਹੀਂ ਹੁੰਦਾ। ਮੌਜੂਦਾ ਸਰਕਾਰ ਲਈ ਇਹ ਪਰਖ਼ ਹੀ ਹੋਵੇਗੀ। ਇਹ

| ਕੰਮ ਦੀ ਕਿਸਮ | ਪੂਰਾ ਕਰਨ ਦਾ ਸਮਾਂ | ਜ਼ਿੰਮੇਵਾਰ ਅਧਿਕਾਰੀ |
|---|---|---|
| **ਗ੍ਰਹਿ** | | |
| ਹਥਿਆਰਾਂ ਦਾ ਲਾਈਸੰਸ ਨਵਿਆਉਣਾ (ਜੇ ਮਿਆਦ ਖ਼ਤਮ ਹੋਣ ਤੋਂ ਪਹਿਲੇ ਪੇਸ਼ ਕੀਤਾ ਜਾਵੇ) | 15 ਦਿਨ | ਲਾਈਸੈਂਸਿੰਗ ਅਥਾਰਿਟੀ (ਅਡੀਸ਼ਨਲ ਡੀ ਐਮ / ਡੀ ਸੀ ਪੀ) |
| ਹਥਿਆਰਾਂ ਜੋੜਨ ਜਾਂ ਘਟਾਉਣ | 7 ਦਿਨ | -ਉਹੀ- |
| ਅਸਲਾ ਐਕਟ ਤਹਿਤ ਫੁਟਕਲ ਅਰਜ਼ੀਆਂ ਜਿਵੇਂ ਕਿ ਖ਼ਰੀਦ ਸਮਾਂ ਵਗੈਰਾ | 7 ਦਿਨ | -ਉਹੀ- |
| ਪਾਸਪੋਰਟ ਸਮੇਤ ਹਰ ਕਿਸਮ ਦੀ ਪੁਲਿਸ | 21 ਦਿਨ | ਸੀਪੀਆਰਸੀ / ਸਾਂਝ ਕੇਂਦਰ ਇੰਚਰਾਜ ਤਸਦੀਕ |
| ਹਿੰਦੂ ਮੈਰਿਜ ਐਕਟ ਦੇ ਤਹਿਤ ਵਿਆਹ ਦੀ ਰਜਿਸਟਰੇਸ਼ਨ | 2 ਦਿਨ | ਤਹਿਸੀਲਦਾਰ |
| **ਸ਼ਹਿਰੀ ਵਿਕਾਸ** | | |
| ਇਮਾਰਤੀ ਨਕਸ਼ਿਆਂ/ਸੌਧਾਂ ਦੀ ਮਨਜ਼ੂਰੀ<br>(500 ਗਜ਼ 'ਤੇ ਇਸ ਤੋਂ ਘੱਟ ਵਾਲੇ ਪਲਾਟਾਂ ਲਈ)<br>(500 ਗਜ਼ ਜਾਂ ਇਸ ਤੋਂ ਵੱਧ ਵਾਲੇ ਪਲਾਟਾਂ ਲਈ) | <br>30 ਦਿਨ<br>60 ਦਿਨ | ਐਸ ਡੀ ਓ ਬਿਲਡਿੰਗਜ਼ |
| ਇਮਾਰਤ ਮੁਕੰਮਲ ਹੋਣ ਦਾ ਸਰਟੀਫਿਕੇਟ | 15 ਦਿਨ | ਐਸ ਡੀ ਓ ਬਿਲਡਿੰਗਜ਼ |
| ਨੋ ਔਬਜੈਕਸ਼ਨ ਸਰਟੀਫਿਕੇਟ/ ਡੁਪਲੀਕੇਟ ਅਲਾਟਮੈਂਟ/ ਰੀ-ਐਲਾਟਮੈਂਟ ਪੱਤਰ | 21 ਦਿਨ | ਅਸਟੇਟ ਅਫਸਰ/ਅਸਿਸਟੈਂਟ ਅਸਟੇਟ ਅਫਸਰ |
| ਕਨਵੇਐਂਸ (ਰਜਿਸਟਰੀ) ਡੀਡ | 15 ਦਿਨ | -ਉਹੀ- |
| ਨੋ ਡਿਊਜ਼ ਸਰਟੀਫਿਕੇਟ | 7 ਦਿਨ | -ਉਹੀ- |
| ਵਿਕਰੀ ਦੇ ਮਾਮਲੇ 'ਚ ਜਾਇਦਾਦ ਦਾ ਮੁੜ ਤਬਾਦਲਾ | 15 ਦਿਨ | -ਉਹੀ- |
| ਮੌਤ ਦੀ ਸੂਰਤ ਵਿੱਚ ਜਾਇਦਾਦ ਦਾ ਮੁੜ ਤਬਾਦਲਾ (ਇਤਰਾਜ਼ ਰਹਿਤ) | 45 ਦਿਨ | -ਉਹੀ- |
| ਗਿਰਵੀ ਰੱਖਣ ਬਾਰੇ ਇਜਾਜ਼ਤ | 7 ਦਿਨ | -ਉਹੀ- |
| **ਟਰਾਂਸਪੋਰਟ** | | |
| ਵਾਹਨ ਦਾ ਰਜਿਸਟਰੇਸ਼ਨ ਸਰਟੀਫਿਕੇਟ | 21 ਦਿਨ | ਰਜਿਸਟਰਿੰਗ ਅਥਾਰਿਟੀ (ਏਡੀ ਟੀਓ/ਡੀਟੀਓ / ਐਸਡੀਐਮ) |
| ਕਾਰੋਬਾਰੀ ਵਾਹਨ ਦਾ ਫਿਟਨੈਸ ਸਰਟੀਫਿਕੇਟ | 7 ਦਿਨ | ਮੋਟਰ ਵਹੀਕਲ ਇੰਸਪੈਕਟਰ |
| ਕਾਰ ਤੇ ਮੋਟਰਸਾਈਕਲ ਦਾ ਡਰਾਈਵਿੰਗ ਲਾਈਸੰਸ | 21 ਦਿਨ | ਲਾਈਸੰਸਿੰਗ ਅਥਾਰਿਟੀ (ਏਡੀ ਟੀਓ / ਡੀਟੀਓ / ਐਸਡੀਐਮ) |
| ਟੈਕਸ ਕਲੀਅਰੈਂਸ ਦਾ ਸਰਟੀਫਿਕੇਟ (ਅਰਜ਼ੀ ਦੇਣ ਤੋਂ 2 ਸਾਲ ਤੱਕ ਦਾ) | 7 ਦਿਨ | ਡੀ ਟੀ ਓ ਦਫਤਰ ਦਾ ਸੈਕਸ਼ਨ ਅਫਸਰ |
| ਟੈਕਸ ਕਲੀਅਰੈਂਸ ਦਾ ਸਰਟੀਫਿਕੇਟ (2 ਸਾਲ ਤੋਂ ਬਾਅਦ ਵਾਲੇ ਸਮੇਂ ਦਾ) | 21 ਦਿਨ | ਡੀ ਟੀ ਓ ਦਫਤਰ ਦਾ ਸੈਕਸ਼ਨ ਅਫਸਰ |
| ਰੂਟ ਪਰਮਿਟ ਜਾਂ ਨੇਸ਼ਨਲ ਪਰਮਿਟ ਲਈ | 7 ਦਿਨ | ਐਸਿਸਟੈਂਟ ਸੈਕਟਰੀ ਜਾਂ ਸੈਕਟਰੀ, ਆਰਟੀਏ |
| ਖ਼ਰੀਦ ਵੇਚ ਲਈ ਅੰਦਰਾਜ਼ ਜੋੜਨ ਜਾਂ ਹਟਾਉਣ ਲਈ | 3 ਦਿਨ | ਰਜਿਸਟਰਿੰਗ ਅਥਾਰਿਟੀ (ਏਡੀ ਟੀਓ/ ਡੀਟੀਓ / ਐਸਡੀਐਮ) |
| ਵਾਹਨ ਟਰਾਂਸਫਰ (ਜੇ ਰਜਿਸਟਰੇਸ਼ਨ ਉਸੇ ਥਾਂ ਦੀ ਹੋਵੇ) | 7 ਦਿਨ | ਰਜਿਸਟਰਿੰਗ ਅਥਾਰਿਟੀ (ਏਡੀ ਟੀਓ/ ਡੀਟੀਓ / ਐਸਡੀਐਮ) |

ਨੋਟ: ਪਹਿਲਾ ਅਪੀਲ ਅਧਿਕਰਣ – ਸੰਬੰਧਿਤ ਵਿਭਾਗ ਦਾ ਜ਼ਿਲ੍ਹਾ ਮੁਖੀ ਜਾਂ ਜਿਥੋਂ ਸੇਵਾਵਾਂ ਪ੍ਰਾਪਤ ਹੋਣੀਆਂ ਹਨ, ਉਸ ਸਬ ਡਿਵੀਜ਼ਨ ਦਾ ਐਸ ਡੀ ਐਮ
ਦੂਜਾ ਅਪੀਲ ਅਧਿਕਰਣ – ਡਿਪਟੀ ਕਮਿਸ਼ਨਰ
* ਨਿਸ਼ਚਿਤ ਸਮੇਂ ਦਾ ਮਤਲਬ ਕੰਮਕਾਜੀ ਦਿਨ।

ਕਾਨੂੰਨ ਲਾਗੂ ਹੋਣ ਨਾਲ ਸਾਰੇ ਸਰਕਾਰੀ ਅਧਿਕਾਰੀ ਸਮਾਂ-ਬੱਧ ਤਰੀਕੇ ਨਾਲ ਆਪਣਾ ਕੰਮ ਪੂਰਾ ਕਰਨ ਲਈ ਜੁਆਬਦੇਹ ਹੋਣਗੇ। ਹਰੇਕ ਵਿਅਕਤੀ ਨੂੰ ਇਸ ਸਬੰਧ ਵਿੱਚ ਸਰਕਾਰ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ।

## ਸਿੱਖਿਆ ਮਾਹਿਰ



ਪ੍ਰੋ. ਗਿਆਨ ਸਿੰਘ

ਸੇਵਾ ਐਕਟ ਦੇ ਲਾਗੂ ਹੋਣ ਨਾਲ ਸਰਕਾਰ ਦੇ ਕੰਮ ਕਾਰ ਵਿੱਚ ਸੁਧਾਰ ਆ ਜਾਵੇਗਾ। ਇਸ ਨਾਲੋਂ ਹੋਰ ਵਧੀਆ ਗੱਲ ਕਿਹੜੀ ਹੋ ਸਕਦੀ ਹੈ? ਸਰਕਾਰੀ ਦਫ਼ਤਰਾਂ ਵਿੱਚ ਕੰਮ-ਕਾਰ ਵਿੱਚ ਸੁਧਾਰ ਆਉਣ ਨਾਲ ਆਮ ਲੋਕਾਂ ਵਿੱਚ ਇਨ੍ਹਾਂ ਦਫ਼ਤਰਾਂ ਪ੍ਰਤੀ ਵਿਸ਼ਵਾਸ ਵਧੇਗਾ ਤੇ ਜਿਹੜੇ ਨੌਜਵਾਨ ਪਾਰਦਰਸ਼ੀ ਤੇ ਬਿਹਤਰ ਸਰਕਾਰੀ ਸੇਵਾਵਾਂ ਦੇ ਲਾਲਚ ਕਰਕ ਹੀ ਵਿਦੇਸ਼ਾਂ ਵੱਲ ਭੱਜਦੇ ਹਨ, ਉਹ ਵੀ ਆਪਣੇ ਦੇਸ਼ ਵਿੱਚ ਹੀ ਰਹਿਣ ਨੂੰ ਤਰਜੀਹ ਦੇਣ ਲੱਗਣਗੇ।

## ਉਦਯੋਗਪਤੀ



ਪੰਕਜ ਪ੍ਰਭਾਕਰ

ਇਹ ਕਾਨੂੰਨ ਲਾਗੂ ਹੋਣ ਨਾਲ ਉਦਯੋਗਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਇਸ ਕਾਨੂੰਨ ਬਾਰੇ ਜਿੰਨੀ ਕੁ ਮੈਨੂੰ ਜਾਣਕਾਰੀ ਮਿਲੀ ਹੈ, ਉਸ ਤੋਂ ਜਾਪਦਾ ਹੈ ਕਿ ਇਹ ਕਾਨੂੰਨ ਉਦਯੋਗਪਤੀਆਂ ਲਈ ਬੇਹੱਦ ਲਾਹੇਵੰਦ ਹੋਵੇਗਾ ਕਿਉਂਕਿ ਉਨ੍ਹਾਂ ਦੇ ਕਈ ਪ੍ਰੋਜੈਕਟ ਫ਼ਾਈਲਾਂ ਦਾ ਸਮੇਂ ਸਿਰ ਨਿਪਟਾਰਾ ਨਾ ਹੋਣ ਕਾਰਨ ਪੱਛੜ ਜਾਂਦੇ ਹਨ ਜਿਸ ਨਾਲ ਉਨ੍ਹਾਂ ਦਾ ਲੱਖਾਂ ਦਾ ਨੁਕਸਾਨ ਹੋ ਜਾਂਦਾ ਹੈ। ਸਰਕਾਰੀ ਦਫ਼ਤਰ 'ਚ ਫਾਈਲਾਂ ਦਾ ਨਿਪਟਾਰਾ ਸਮਾਂ-ਬੱਧ ਤਰੀਕੇ ਨਾਲ ਹੋਣ ਲੱਗੇਗਾ ਤਾਂ ਕਾਰੋਬਾਰੀਆਂ ਦਾ ਪ੍ਰਸ਼ਾਸਣ 'ਚ ਭਰੋਸਾ ਵੀ ਵਧੇਗਾ। ਸਰਕਾਰ ਦਾ ਇਹ ਕਦਮ ਬਹੁਤ ਤਸੱਲੀ ਦੇਣ ਵਾਲਾ ਹੈ। ■

### ਪੁਲੀਸ ਸੇਵਾਵਾਂ ਸੰਬੰਧੀ ਸੂਚੀ

| ਕੰਮ ਦੀ ਕਿਸਮ | ਕੰਮ ਪੂਰਾ ਕਰਨ ਦਾ ਸਮਾਂ/ਦਿਨ |
|---|---|
| ਐਫ ਆਈ ਆਰ / ਡੀ ਡੀ ਆਰ | ਤੁਰੰਤ/ਆਨ ਲਾਈਨ |
| ਵਿਦੇਸ਼ੀਆਂ ਦੀ ਰਜਿਸਟਰੇਸ਼ਨ (ਆਉਣ 'ਤੇ ਜਾਂ ਜਾਣ ਦੌਰਾਨ) | ਤੁਰੰਤ |
| ਵਿਦੇਸ਼ੀਆਂ ਦੀ ਰਿਹਾਇਸ਼ ਸੰਬੰਧੀ ਪਰਮਿਟ 'ਚ ਵਾਧਾ | 5 ਦਿਨ |
| ਵਾਹਨਾਂ ਲਈ ਨੋ ਔਬਜੈਕਸ਼ਨ ਸਰਟੀਫਿਕੇਟ | 5 ਦਿਨ |
| ਮੇਲੇ, ਪ੍ਰਦਰਸ਼ਨੀ ਅਤੇ ਪ੍ਰਾਯੋਜਿਤ ਸਮਾਗਮ ਲਈ ਨੋ ਔਬਜੈਕਸ਼ਨ ਸਰਟੀਫਿਕੇਟ | 5 ਦਿਨ |
| ਲਾਊਡ ਸਪੀਕਰਾਂ ਦੇ ਇਸਤੇਮਾਲ ਲਈ ਨੋ ਔਬਜੈਕਸ਼ਨ ਸਰਟੀਫਿਕੇਟ | 5 ਦਿਨ |
| ਅਜਨਬੀਆਂ ਦੀ ਤਸਦੀਕ ( ਜਿਸ ਜ਼ਿਲ੍ਹਾ/ ਸੂਬੇ ਨਾਲ ਵਿਅਕਤੀ ਸੰਬੰਧਤ ਹੋਵੇ, ਉਥੋਂ ਤਸਦੀਕ ਆਉਣ ਤੋਂ ਬਾਅਦ) | 5 ਦਿਨ |
| ਆਪਾਤਕਾਲੀਨ ਪਾਸਪੋਰਟ ਤਸਦੀਕ | 5 ਦਿਨ |
| ਸਰਵਿਸ ਤਸਦੀਕ | 10 ਦਿਨ |
| ਆਚਰਣ ਤਸਦੀਕ | 10 ਦਿਨ |
| ਨਵਿਆਉਣ ਵਾਸਤੇ ਹਥਿਆਰ ਸੰਬੰਧੀ ਤਸਦੀਕ | 15 ਦਿਨ |
| ਹਥਿਆਰ-ਡੀਲਰਾਂ ਦਾ ਲਾਈਸੰਸ ਜਾਰੀ ਕਰਨ ਤੇ ਨਵਿਆਉਣ ਲਈ ਨੋ ਔਬਜੈਕਸ਼ਨ ਸਰਟੀਫਿਕੇਟ | 15 ਦਿਨ |
| ਪੈਟਰੋਲ ਪੰਪ ਤੇ ਸਿਨੇਮਾ ਹਾਲ ਬਣਾਉਣ ਲਈ ਨੋ ਔਬਜੈਕਸ਼ਨ ਸਰਟੀਫਿਕੇਟ | 15 ਦਿਨ |
| ਪਾਸਪੋਰਟ ਤਸਦੀਕ | 21 ਦਿਨ |
| ਨਵੇਂ ਹਥਿਆਰ ਲਾਈਸੰਸ ਸੰਬੰਧੀ ਤਸਦੀਕ | 30 ਦਿਨ |
| ਕਿਰਾਏਦਾਰ ਅਤੇ ਨੌਕਰ ਦੀ ਤਸਦੀਕ<br>* ਜੇਕਰ ਸਥਾਨਕ ਨਿਵਾਸੀ ਹੋਵੇ<br>* ਜੇਕਰ ਦੂਜੇ ਜ਼ਿਲੇ ਅਤੇ ਰਾਜ ਨਾਲ ਸੰਬੰਧਿਤ ਹੋਵੇ<br>(ਉਸ ਜ਼ਿਲ੍ਹੇ ਜਾਂ ਰਾਜ ਤੋਂ ਤਸਦੀਕ ਹੋ ਕੇ ਆਉਣ ਤੋਂ ਬਾਅਦ) | <br>30 ਦਿਨ<br>5 ਦਿਨ |
| ਤਸਦੀਕ ਨਾਲ ਸੰਬੰਧਤ ਹੋਰ ਸੇਵਾਵਾਂ | 30 ਦਿਨ |
| ਸੜਕ ਦੁਰਘਟਨਾਵਾਂ ਸੰਬੰਧੀ ਬੇ-ਸੁਰਾਗ ਰਿਪੋਰਟ ਦੀ ਨਕਲ | 45 ਦਿਨ |
| ਚੋਰੀ ਹੋਏ ਵਾਹਨਾਂ ਸੰਬੰਧੀ ਬੇ-ਸੁਰਾਗ ਰਿਪੋਰਟ ਦੀ ਨਕਲ | 45 ਦਿਨ |
| ਚੋਰੀ ਸੰਬੰਧੀ ਬੇ-ਸੁਰਾਗ ਰਿਪੋਰਟ ਦੀ ਨਕਲ | 60 ਦਿਨ |

**ਨੋਟ:** ਸੜਕ ਦੁਰਘਟਨਾਵਾਂ, ਚੋਰੀ ਹੋਏ ਵਾਹਨਾਂ ਅਤੇ ਚੋਰੀ ਦੇ ਮਾਮਲਿਆਂ ਵਿੱਚ 'ਅਜੇ ਤੱਕ ਬੇ-ਸੁਰਾਗ' ਰਿਪੋਰਟ ਦਿੱਤੀ ਜਾਏਗੀ।
**ਸੰਬੰਧਿਤ ਅਧਿਕਾਰੀ** : ਸੰਬੰਧਤ ਥਾਣੇ ਦਾ ਮੁਖੀ
**ਪਹਿਲਾ ਅਪੀਲ ਅਧਿਕਰਣ** : ਡੀ ਐਸ ਪੀ ਜਾਂ ਸੰਬੰਧਤ ਪੁਲੀਸ ਸਬ-ਡਿਵੀਜ਼ਨ ਵਿਖੇ ਕਮਿਊਨਿਟੀ ਪੋਲੀਸਿੰਗ ਸੁਵਿਧਾ ਕੇਂਦਰ ਦਾ ਇੰਚਾਰਜ।
**ਦੂਜਾ ਅਪੀਲ ਅਧਿਕਰਣ**: ਐਸ ਐਸ ਪੀ ਜਾਂ ਸੰਬੰਧਤ ਪੁਲੀਸ ਜ਼ਿਲ੍ਹੇ ਦੇ ਕਮਿਊਨਿਟੀ ਪੋਲੀਸਿੰਗ ਰਿਸੋਰਸ ਸੈਂਟਰ ਦਾ ਅਫਸਰ ਇੰਚਾਰਜ।

# ਨੌਕਰਸ਼ਾਹਾਂ ਦੇ ਖ਼ਦਸ਼ੇ

*ਪੰਜਾਬ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਸੇਵਾ ਅਧਿਕਾਰ ਕਾਨੂੰਨ ਦੇ ਸੰਬੰਧ ਵਿੱਚ ਕੁਝ ਅਫ਼ਸਰਾਂ ਵੱਲੋਂ ਇਤਰਾਜ਼ ਉਠਣੇ ਸ਼ੁਰੂ ਹੋਏ ਹਨ ਹਾਲਾਂਕਿ ਇਸਦਾ ਮਕਸਦ ਰਾਜ ਦੇ ਲੋਕਾਂ ਨੂੰ ਬਿਨਾਂ ਕਿਸੇ ਖੱਜਲਖੁਆਰੀ ਤੋਂ ਮਿੱਥੇ ਸਮੇਂ ਅੰਦਰ ਉਨ੍ਹਾਂ ਦੇ ਕੰਮਾਂ ਦਾ ਨਿਪਟਾਰਾ ਕਰਨਾ ਹੀ ਹੈ। ਪੰਜਾਬ ਆਈਏਐਸ ਆਫੀਸਰਜ਼ ਐਸੋਸੀਏਸ਼ਨ ਨੇ ਇਸ ਸੰਬੰਧ ਵਿੱਚ ਮੁੱਖ ਸਕੱਤਰ ਨੂੰ ਇਕ ਲਿਖਤੀ ਮੈਮੋਰੰਡਮ ਭੇਜਿਆ ਹੈ ਜਦ ਕਿ ਇਕ ਸਾਬਕਾ ਮੁੱਖ ਸਕੱਤਰ ਨੇ ਕਾਨੂੰਨ ਦੀਆਂ ਕਮਜ਼ੋਰ ਕੜੀਆਂ 'ਤੇ ਉਂਗਲ ਧਰੀ ਹੈ। ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੇ ਮੀਡੀਆ ਸਲਾਹਕਾਰ ਸ਼੍ਰੀ ਹਰਚਰਨ ਬੈਂਸ ਨੇ ਇਸ ਆਲੋਚਨਾ ਦਾ ਜੁਆਬ ਦੇ ਕੇ ਇਸ ਨੂੰ ਸਹੀ ਪ੍ਰਸੰਗ ਵਿੱਚ ਰੱਖਣ ਦਾ ਯਤਨ ਕੀਤਾ ਹੈ।*

**ਹਰਚਰਨ ਬੈਂਸ**

ਮੈਨੂੰ ਯਾਦ ਹੈ ਮੈਂ ਕਾਲਜ ਵੇਲੇ ਅਜਿਹੇ ਵਿਅਕਤੀਆਂ ਬਾਰੇ ਪੜ੍ਹਿਆ ਸੀ ਜਿਹੜੇ ਮਸ਼ਹੂਰ ਜਾਂ ਗੁੰਮਨਾਮ ਸੰਸਥਾਵਾਂ ਨੂੰ ਚਲਾਉਂਦੇ ਹੋਏ ਕਿਸੇ ਵੀ ਬਦਲਾਅ ਜਾਂ ਸੁਧਾਰ ਪ੍ਰਤੀ ਅੜੀਅਲ ਰਹਿੰਦੇ ਹਨ। ਕਾਰਨ ਇਹ ਕਿ ਉਹਨਾਂ ਨੇ ਆਪਣੇ ਆਪ ਨੂੰ ਕੁਝ ਖ਼ਾਸ ਵਿਚਾਰਧਾਰਾਵਾਂ ਨਾਲ ਇਸ ਕਦਰ ਜੋੜ ਲਿਆ ਹੁੰਦਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਦੀ ਨੁਕਤਾਚੀਨੀ, ਪਰਿਵਰਤਨ ਜਾਂ ਸੁਧਾਰ ਨੂੰ ਨੇੜੇ ਨਹੀਂ ਲੱਗਣ ਦੇਣਾ ਚਾਹੁੰਦੇ। ਉਹ ਸਮਝਦੇ ਹਨ ਕਿ ਉਹ ਤਾਂ ਗ਼ਲਤ ਹੋ ਹੀ ਨਹੀਂ ਸਕਦੇ। ਨਾਲ ਹੀ, ਇਨ੍ਹਾਂ 'ਚੋਂ ਵੱਧ ਕਾਮਯਾਬ ਆਪਣੀ ਅਸਲ ਵਫ਼ਾਦਾਰੀ ਦਾ ਪਤਾ ਨਹੀਂ ਲੱਗਣ ਦਿੰਦੇ।

ਇਹ ਗੱਲ ਮੈਨੂੰ ਉਸ ਵੇਲੇ ਯਾਦ ਆਈ ਜਦੋਂ ਪੰਜਾਬ ਦੇ ਪ੍ਰਬੰਧਕੀ ਸੁਧਾਰਾਂ, ਖ਼ਾਸ ਕਰਕੇ 'ਸੇਵਾ ਅਧਿਕਾਰ ਕਾਨੂੰਨ', ਬਾਰੇ ਗੈਰ-ਰਸਮੀ ਜਿਹੀ ਗੱਲਬਾਤ ਹੋਣ ਦਾ ਪਤਾ ਲੱਗਾ। ਇਸ ਬਹਿਸ ਵਿੱਚ ਮੁੱਖ ਤੌਰ 'ਤੇ ਸੇਵਾਮੁਕਤ ਨੌਕਰਸ਼ਾਹ ਸ਼ਾਮਲ ਸਨ। ਇਸ ਲਈ ਇਸ ਨੇ ਇਹ ਮਾਮਲਾ ਹੋਰ ਵੀ ਗੰਭੀਰ ਬਣਾ ਦਿੱਤਾ ਕਿਉਂਕਿ ਅਫ਼ਸਰਸ਼ਾਹੀ ਸਾਡੇ ਸਾਰਿਆਂ ਦੇ ਸਿਰਾਂ'ਤੇ ਇਹੋ ਜਿਹੀ ਬਲਾ ਹੈ ਜਿਸ ਤੋਂ ਬਚਣ ਦਾ ਕੋਈ ਰਾਹ ਨਹੀਂ।

ਮੁੜ ਕੇ ਮੁੱਦੇ ਵੱਲ ਆਵਾਂ। ਪੰਜਾਬ ਸਰਕਾਰ ਦੀ ਤਜਵੀਜ਼ ਹੈ ਕਿ ਲੋਕਾਂ ਨੂੰ ਸਰਕਾਰੀ ਸੇਵਾਵਾਂ ਸਮਾਂਬੱਧ ਤਰੀਕੇ ਨਾਲ ਦੇਣ ਵਾਸਤੇ ਕਾਨੂੰਨ ਬਣਾਇਆ ਜਾਵੇ। ਇਹ ਕਾਨੂੰਨ ਬਣਨ ਨਾਲ ਆਮ ਆਦਮੀ ਨੂੰ ਸਰਕਾਰੀ ਸੇਵਾਵਾਂ ਦੇਣ ਤੋਂ ਕੀਤੀ ਜਾਂਦੀ ਆਨਾਕਾਨੀ ਅਤੇ ਉਸਨੂੰ ਇਨਸਾਫ਼ ਮਿਲਣ ਵਿੱਚ ਦੇਰੀ ਖ਼ਤਮ ਹੋ ਜਾਵੇਗੀ ਜਾਂ ਫਿਰ ਕਾਫ਼ੀ ਹੱਦ ਤੱਕ ਰੁਕ ਤਾਂ ਜਾਵੇਗੀ ਹੀ। ਆਮ ਆਦਮੀ 'ਇਤਰਾਜ਼ ਨਹੀਂ' ਸਰਟੀਫਿਕੇਟ ਜਾਰੀ ਕਰਵਾਉਣ, ਜਨਮ ਤਾਰੀਖ/ਮੌਤ ਦਾ ਸਰਟੀਫਿਕੇਟ ਲੈਣ, ਵਿਆਹ, ਮੈਡੀਕਲ, ਵਾਹਨ ਚਲਾਉਣ ਦਾ ਲਾਈਸੰਸ ਲੈਣ ਤੇ ਸੰਪਤੀ ਆਦਿ ਜਿਹੇ ਜਾਂ ਫਿਰ ਪੁਲੀਸ ਪਾਸ ਐਫ ਆਈ ਆਰ ਦਰਜ ਕਰਨ ਜਿਹੇ ਰੁਟੀਨ ਮਾਮਲਿਆਂ ਨਾਲ ਸੰਬੰਧਿਤ ਅਰਜ਼ੀਆਂ 'ਤੇ ਕਾਰਵਾਈ ਲਈ ਲੰਬਾ ਸਮਾਂ ਉਡੀਕ ਕਿਉਂ




ਕਰਦਾ ਰਹੇ ? ਹਰ ਕੋਈ ਚਾਹੁੰਦਾ ਹੈ ਕਿ ਅਜਿਹੇ ਨਿੱਕੇ ਮੋਟੇ ਮਾਮਲਿਆਂ 'ਚ ਸਰਕਾਰੀ ਦਫ਼ਤਰਾਂ ਵਿੱਚ ਉਸਦੀ ਖੱਜਲ-ਖੁਆਰੀ ਖ਼ਤਮ ਹੋਵੇ।

ਉਪ ਮੁੱਖ ਮੰਤਰੀ ਸੁਖ਼ਬੀਰ ਸਿੰਘ ਬਾਦਲ ਨੇ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਉਹ ਇਨ੍ਹਾਂ ਸੁਧਾਰਾਂ ਨੂੰ ਲਾਗੂ ਕਰਨ 'ਚ ਦੇਰੀ ਨਾ ਕਰਨ। ਉਨ੍ਹਾਂ ਸਾਫ਼ ਕਹਿ ਦਿੱਤਾ ਸੀ ਕਿ ਇਹ ਸੁਧਾਰ ਲਾਗੂ ਕਰਨ 'ਚ ਦੇਰੀ ਕਰਨ ਦਾ ਮਤਲਬ 'ਆਪਣੀ ਡਿਊਟੀ ਨਿਭਾਉਣ 'ਚ ਕੋਤਾਹੀ' ਸਮਝਿਆ ਜਾਏਗਾ।

ਇਹ ਕਾਨੂੰਨ ਲਾਗੂ ਕਰਨ ਵਾਸਤੇ ਸਾਨੂੰ ਅਜਿਹਾ ਪ੍ਰਬੰਧ ਤਿਆਰ ਕਰਨਾ ਪਏਗਾ ਜੋ ਆਪਣੇ ਆਪ ਸ਼ਿਕਾਇਤਾਂ ਦਾ ਨਿਪਟਾਰਾ ਕਰਦਾ ਜਾਵੇ। ਇਸ ਨਾਲੋਂ ਵੀ ਜ਼ਰੂਰੀ ਇਹ ਕਿ ਸ਼ਿਕਾਇਤ ਦੀ ਨੌਬਤ ਹੀ ਨਾ ਆਵੇ। ਇਸ ਦਾ ਅਰਥ ਇਹ ਹੋਵੇਗਾ ਕਿ ਅਧਿਕਾਰੀਆਂ ਨੂੰ ਵੱਧ ਕੰਮ ਕਰਨਾ ਪਵੇਗਾ ਜਿਸ ਲਈ ਨਿਸ਼ਚਿਤ ਸਮਾਂ-ਸੀਮਾ ਵਿੱਚ ਕੰਮ ਨਿਪਟਾਉਣ ਲਈ ਓਨੇ ਸਟਾਫ਼ ਦੀ ਲੋੜ ਵੀ ਪਵੇਗੀ। ਜਿਨ੍ਹਾਂ ਦੇ ਦਿਮਾਗ਼ ਵਿੱਚ ਇਹਨਾਂ ਸੁਧਾਰਾਂ ਦਾ ਫੁਰਨਾ ਫੁਰਿਆ ਹੈ, ਕਿਵੇਂ ਹੋ ਸਕਦਾ ਹੈ ਕਿ ਉਹ ਇਸ ਦੇ ਨਫ਼ੇ-ਨੁਕਸਾਨ ਬਾਰੇ ਨਹੀਂ ਜਾਣਦੇ ਹੋਣਗੇ ? ਇਕ ਲੱਖ ਮੁਲਾਜ਼ਮਾਂ ਦੀ ਭਰਤੀ ਕਰਨ, ਸ਼ਿਕਾਇਤ-ਨਿਵਾਰਨ ਅਦਾਰਾ ਕਾਇਮ ਕਰਨ ਤੇ ਇਸਨੂੰ ਲੋਕ ਪਾਲ ਵਾਂਗ ਤਾਕਤਵਾਰ ਬਣਾਉਣ ਲਈ ਇਸ ਕਾਨੂੰਨ ਵਿੱਚ ਲੋੜੀਂਦੀ ਵਿਵਸਥਾ ਕਰਨਾ ਇਸ ਗੱਲ ਦਾ ਸਬੂਤ ਹੈ ਕਿ ਇਹ ਸੁਧਾਰ ਚਾਹੁਣ ਵਾਲਿਆਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਇਹ ਸੁਪਨਾ ਕਿਵੇਂ ਸਾਕਾਰ ਕਰਨਾ ਹੈ।


ਪਰ ਬੱਚਾ ਅਜੇ ਜੰਮਿਆ ਹੀ ਨਹੀਂ ਤੇ ਦਾਈਆਂ ਨੂੰ ਜੰਮਣ-ਪੀੜਾਂ ਵੀ ਸ਼ੁਰੂ ਹੋ ਗਈਆਂ। ਪੰਜਾਬ ਦੇ ਇਕ ਸਾਬਕਾ ਮੁੱਖ ਸਕੱਤਰ ਅਕਸਰ ਪ੍ਰਸ਼ਾਸਕੀ, ਆਰਥਿਕ ਤੇ ਇਥੋਂ ਤੱਕ ਕਿ ਸਿਆਸੀ ਮਾਮਲਿਆਂ 'ਤੇ ਆਪਣੇ ਵਿਚਾਰ ਖੁੱਲ੍ਹ ਕੇ ਪੇਸ਼ ਕਰਦੇ ਰਹਿੰਦੇ ਹਨ। ਇਨ੍ਹਾਂ 'ਚੋਂ ਇਕ ਇਹ ਹੈ ਕਿ ਜਮਹੂਰੀਅਤ ਕਿਸ ਤਰ੍ਹਾਂ ਵਿਧਾਨਪਾਲਿਕਾ ਨੂੰ ਸਿਵਿਲ ਸੇਵਾਵਾਂ ਦੇ 'ਅਖ਼ਤਿਆਰਾਂ' ਨੂੰ ਖੋਰਾ ਲਾਉਣ ਦੀ ਖੁੱਲ੍ਹ ਦੇ ਕੇ ਕਾਰਜਕਾਰਨੀ ਦੀ ਕੁਸ਼ਲਤਾ ਨੂੰ ਕਮਜ਼ੋਰ ਕਰਦੀ ਹੈ। ਉਹ ਇੱਕਲੇ ਹੀ ਨਹੀਂ ਜੋ ਇਹ ਸਮਝਦੇ ਹਨ

ਕਿ ਪ੍ਰਸ਼ਾਸਕੀ ਪਿਰਾਮਿਡ (ਮਿਨਾਰ) ਨੂੰ ਸਿਆਸਤਦਾਨਾਂ ਵੱਲੋਂ ਸਿਰ ਭਾਰ ਉਲਟਾ ਕਰਕੇ ਕਾਰਜਕਾਰੀ ਮੁਖੀਆਂ ਨੂੰ ਕਮਜ਼ੋਰ ਕਰ ਦਿੱਤਾ ਗਿਆ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਸਿਵਿਲ ਸੇਵਾਵਾਂ ਦੇ ਆਪਣੇ ਲੰਬੇ ਕਾਰਜਕਾਲ ਦੌਰਾਨ ਇਸ ਨੌਕਰਸ਼ਾਹ ਨੇ ਆਪਣੇ ਸਿਆਸੀ-ਪ੍ਰਭੂਆਂ ਵੱਲੋਂ ਲਗਾਈ ਇਸ ਢਾਹ ਖ਼ਿਲਾਫ ਕਿੰਨੀ ਕੁ ਵਾਰੀ ਆਵਾਜ਼ ਉਠਾਈ? ਉਹ ਕਹਿੰਦੇ ਹਨ: "ਜਦੋਂ ਹਜ਼ਾਰਾਂ ਅਸਾਮੀਆਂ ਖਾਲੀ ਪਈਆਂ ਹੋਣ, ਫਿਰ ਸਰਕਾਰ ਕਿਵੇਂ ਇਹ ਆਸ ਕਰ ਸਕਦੀ ਹੈ ਕਿ ਮੌਜੂਦਾ ਅਮਲਾ ਮਿਥੇ ਸਮੇਂ 'ਚ ਕੰਮ ਨਿਪਟਾ ਸਕੇਗਾ।" ਬੜੀ ਅਜੀਬ ਗੱਲ ਹੈ। ਇਹੋ ਨੌਕਰਸ਼ਾਹ ਉਦੋਂ ਸਿਵਿਲ ਸੇਵਾਵਾਂ ਦਾ ਮੁਖੀ ਸੀ ਜਦੋਂ ਸਰਕਾਰ ਨੇ "ਪੈਸੇ ਬਚਾਉਣ ਵਾਸਤੇ" ਨਵੀਂ ਭਰਤੀ ਬੰਦ ਕਰ ਦਿੱਤੀ ਸੀ। ਜਿਵੇਂ ਕਿ ਸ਼ਾਇਦ ਏਨਾ ਹੀ ਕਾਫ਼ੀ ਨਹੀਂ ਸੀ, ਮੁਲਾਜ਼ਮਾਂ ਦੀ ਛਾਂਟੀ ਕਰਨ ਦੀ ਮੁਹਿੰਮ ਵੀ ਚਲਾਈ ਗਈ ਸੀ ਤੇ ਚਲਾਈ ਵੀ ਇਸੇ ਅਧਿਕਾਰੀ ਦੀ ਰਹਿਨੁਮਾਈ 'ਚ ਗਈ ਸੀ। ਸਰਕਾਰ ਦੇ ਦਿਮਾਗ਼ 'ਚ ਪੈਸਾ ਹੀ ਹਾਵੀ ਹੋ ਗਿਆ ਸੀ। ਪ੍ਰਬੰਧਕੀ ਸੁਧਾਰਾਂ ਵਿਰੁੱਧ ਦਲੀਲ ਵਿੱਚ ਕੁਝ ਇਸ ਤਰ੍ਹਾਂ ਕਿਹਾ ਗਿਆ ਹੈ: " ਕੁਝ ਤਕਲੀਫ਼-ਦੇਹ ਕਾਨੂੰਨਾਂ ਨਾਲ ਪੈਦਾ ਹੋਈ ਸਮੱਸਿਆ ਨਵੇਂ ਕਾਨੂੰਨ ਬਣਾਉਣ ਨਾਲ ਹੱਲ ਨਹੀਂ ਹੋ ਸਕਦੀ। ਤੁਸੀਂ ਤੁਰੰਤ ਨਵੀਂ ਭਰਤੀ ਕਰਨ ਤੋਂ ਬਿਨਾਂ ਸੇਵਾ-ਸੁਧਾਰ ਯਕੀਨੀ ਨਹੀਂ ਬਣਾ ਸਕਦੇ ਤੇ ਨਵੀਂ ਭਰਤੀ ਕਰਨ ਤੋਂ ਪਹਿਲਾਂ ਤੁਹਾਨੂੰ ਰਾਜ ਦੀ ਵਿੱਤੀ ਹਾਲਤ ਠੀਕ ਕਰਨੀ ਪਵੇਗੀ। ਜੇ ਪ੍ਰਸ਼ਾਸਨ ਕੁਸ਼ਲ ਨਹੀਂ ਤਾਂ ਵਿੱਤੀ ਹਾਲਤ ਵੀ ਨਹੀਂ ਸੁਧਰ ਸਕਦੀ। ਸੁਧਾਰਾਂ ਤੋਂ ਬਿਨਾਂ ਕੁਸ਼ਲ ਪ੍ਰਸ਼ਾਸਨ ਨਹੀਂ ਹੋ ਸਕਦਾ। ਸੁਧਾਰ ਓਨਾ ਚਿਰ ਨਹੀਂ ਹੋ ਸਕਦੇ ਜਿੰਨਾ ਚਿਰ ਦਫ਼ਤਰਾਂ 'ਚ ਪੂਰੇ ਮੁਲਾਜ਼ਮ ਨਹੀਂ ਤੇ ਮੁਲਾਜ਼ਮ ਓਨੀ ਦੇਰ ਤੱਕ ਪੂਰੇ ਨਹੀਂ ਕੀਤੇ ਜਾ ਸਕਦੇ ਜਿੰਨੀ ਦੇਰ ਤੱਕ ਸਰਕਾਰ ਦੀ ਵਿੱਤੀ ਹਾਲਤ ਮਜ਼ਬੂਤ ਨਹੀਂ। ਜੇ ਸੁਧਾਰ ਨਹੀਂ ਹਨ ਤਾਂ ਤਕਲੀਫ਼-ਦੇਹ ਕਾਨੂੰਨਾਂ ਕਾਰਨ ਪਾਰਦਰਸ਼ਤਾ 'ਚ ਰੁਕਾਵਟ ਆਉਂਦੀ ਹੈ, ਫ਼ੈਸਲਿਆਂ 'ਚ ਆਪਣੀ ਮਨਮਰਜ਼ੀ ਤੇ ਲੁੱਟ-ਖਸੁੱਟ ਵਧਦੀ ਹੈ ਤੇ ਨਵੇਂ ਕਾਨੂੰਨ ਬਣਾਏ ਬਗ਼ੈਰ ਇਨ੍ਹਾਂ ਤਕਲੀਫ਼-ਦੇਹ ਕਾਨੂੰਨਾਂ ਨਾਲ ਨਹੀਂ ਸਿੱਝਿਆ ਜਾ ਸਕਦਾ।"

ਆਹ ਕੀ ਗੱਲ ਬਣੀ? ਮੁੜ-ਘਿੜ ਕੇ ਓਥੇ ਦੇ ਓਥੇ!

ਤੇ ਰਹੀ ਗੱਲ ਸਿਆਸੀ ਦਖ਼ਲਅੰਦਾਜ਼ੀ ਦੀ। (ਮਨਮਰਜ਼ੀ?) ਗਵਰਨਰੀ ਰਾਜ ਵੇਲੇ ਇਹ ਅਧਿਕਾਰੀ ਆਪਣੇ ਅਖ਼ਤਿਆਰਾਂ ਦੀ "ਖੁੱਲ੍ਹ ਕੇ" ਵਰਤੋਂ ਕਰਨ ਦਾ ਜਿੰਨਾ ਆਦੀ ਹੋ ਗਿਆ ਸੀ, ਉਸ ਹਿਸਾਬ ਨਾਲ ਉਸ ਦੇ ਇਹ ਵਿਚਾਰ "ਕਿੰਨੇ ਮੰਨਣਯੋਗ" ਹਨ। ਗੋਲਫ-ਕੋਰਸ ਦੀਆਂ ਸ਼ਾਮਾਂ ਦੀ ਭਾਨ ਅਜੇ ਵੀ ਹੈ। ਪਰ ਚੰਗੀ ਗੱਲ ਇਹ ਹੈ ਕਿ "ਸਿਆਸੀ ਦਖ਼ਲਅੰਦਾਜ਼ੀ" ਵਿਰੁੱਧ ਉਠੀ ਇਹ ਸੁਨਾਮੀ ਗੋਲਫ ਕਲੱਬ ਬ੍ਰਿਗੇਡ ਤੱਕ ਹੀ ਸੀਮਤ ਹੈ। ਜੇ ਇਹ ਗੱਲ ਮੰਨ ਵੀ ਲਈਏ ਕਿ ਸਮੇਂ ਦੀ ਕਸਵੱਟੀ 'ਤੇ ਪਰਖੇ ਹੋਏ ਪ੍ਰਬੰਧਕੀ ਤੌਰ-ਤਰੀਕਿਆਂ ਵਿੱਚ ਖ਼ਲਲ ਪਾਉਣ ਨਾਲ ਨੁਕਸਾਨ ਹੋ ਸਕਦਾ ਹੈ, ਤਦ ਵੀ ਉਸ ਮੁੱਖ ਸਕੱਤਰ ਬਾਰੇ ਕੀ ਕਹੀਏ ਜਿਹੜਾ ਸੰਨ 2000 ਵਾਹਨਾਂ ਦੀ ਰਜਿਸਟਰੇਸ਼ਨ ਲਈ ਆਊਟਸੋਰਸਿੰਗ ਸਕੀਮ ਬਾਰੇ ਮੰਤਰੀ ਮੰਡਲ ਦਾ ਫੈਸਲਾ ਲਾਗੂ ਨਾ ਕਰਵਾ ਸਕਿਆ ਤੇ ਜਿਹੜਾ ਕੰਮ ਉਸਨੂੰ ਇਕ ਦਹਾਕਾ ਪਹਿਲਾਂ ਆਪ ਕਰਨਾ ਚਾਹੀਦਾ ਸੀ, ਉਸ ਬਾਰੇ ਬਾਅਦ ਵਾਲੀਆਂ ਸਰਕਾਰਾਂ ਦਾ ਮਜ਼ਾਕ ਉਡਾਉਂਦਾ ਹੈ।

ਨੌਕਰਸ਼ਾਹੀ ਦੇ 11ਵੇਂ ਫ਼ੁਰਮਾਨ 'ਚ ਕਿਹਾ ਗਿਆ ਹੈ: ਜੇ ਰੋਕਾਂ ਨਹੀਂ ਹੋਣਗੀਆਂ ਤਾਂ ਤੁਸੀਂ ਸੰਤੁਲਨ ਬਾਰੇ ਗੱਲ ਨਹੀਂ ਕਰ ਸਕਦੇ। ਜਿਸ ਵੇਲੇ ਕਿਸੇ ਇਨਸਾਨ ਨੂੰ ਭੁੱਖ ਮਿਟਾਉਣ ਲਈ ਆਟੇ-ਦਾਲ ਦੀ ਲੋੜ ਹੁੰਦੀ ਹੈ ਉਸ ਵੇਲੇ ਉਸਨੂੰ ਕਹੋ ਕਿ ਸਰਕਾਰ ਦੀ "ਖ਼ੈਰਾਤ" ਲੈਣ ਨਾਲੋਂ ਸ਼ਾਨ ਨਾਲ ਮਰ ਜਾਣਾ ਬੇਹਤਰ ਹੈ ਅਤੇ ਗਰੀਬੀ ਦੂਰ ਕਰਨ ਲਈ ਉਸ ਨੂੰ ਟਿਕਾਊ ਵਿਕਾਸ ਦੀਆਂ ਲੰਮੀਆਂ ਯੋਜਨਾਵਾਂ ਬਾਰੇ ਦੱਸੋ। ਕਾਨੂੰਨ ਪਹਿਲਾਂ, ਜ਼ਿੰਦਗੀ ਬਾਅਦ 'ਚ। ਇਸ ਸਾਰੇ ਕੁਝ ਦੇ ਵਿੱਚ ਵਿਚਾਲੇ ਆਪਣੇ ਘਰ ਫ਼ੋਨ ਕਰਕੇ ਇਹ ਪਤਾ ਕਰੋ ਕਿ ਤੁਹਾਡੇ ਮੁੰਡੇ ਨੇ ਨਿਊਯਾਰਕ ਤੋਂ ਹੋਨੋਲੂਲੂ ਲਈ ਸਵੇਰ ਦਾ ਜਹਾਜ਼ ਫੜ ਲਿਆ ਸੀ ਜਾਂ ਨਹੀਂ। ■



## ਜ਼ਰੂਰੀ ਸੇਵਾਵਾਂ ਸੰਬੰਧੀ ਆਰਡੀਨੈਂਸ

# ਇਕ ਸ਼ਲਾਘਾਯੋਗ ਕਦਮ

**ਬਰਜਿੰਦਰ ਸਿੰਘ ਹਮਦਰਦ**

ਅਸੀਂ ਪੰਜਾਬ ਮੰਤਰੀ ਮੰਡਲ ਵੱਲੋਂ ਸੇਵਾ ਦੇ ਅਧਿਕਾਰ ਆਰਡੀਨੈਂਸ ਨੂੰ ਪ੍ਰਵਾਨਗੀ ਦੇਣ 'ਤੇ ਜਿਥੇ ਵੱਡੀ ਸੰਤੁਸ਼ਟੀ ਪ੍ਰਗਟ ਕਰਦੇ ਹਾਂ, ਉਥੇ ਪੰਜਾਬ ਸਰਕਾਰ ਨੂੰ ਇਸ ਉਦਮ ਲਈ ਵਧਾਈ ਵੀ ਦਿੰਦੇ ਹਾਂ। ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਸਰਕਾਰ ਵੱਲੋਂ ਅਜਿਹਾ ਵਧੀਆ ਕਦਮ ਬੜੀ ਦੇਰ ਨਾਲ ਚੁੱਕਿਆ ਗਿਆ ਹੈ, ਜਦੋਂ ਕਿ ਇਹ ਕਾਰਵਾਈ ਅਕਾਲੀ-ਭਾਜਪਾ ਸਰਕਾਰ ਦੇ ਬਣਦਿਆਂ ਹੀ ਕੀਤੀ ਜਾਣੀ ਚਾਹੀਦੀ ਸੀ। ਦੇਰ ਆਏ ਦਰੁਸਤ ਆਏ ਦੇ ਅਖਾਣ ਅਨੁਸਾਰ ਜੇਕਰ ਇਸ ਦੇ ਆਰਡੀਨੈਂਸ ਨੂੰ ਨਿਯਮ ਅਨੁਸਾਰ ਤੁਰੰਤ ਲਾਗੂ ਕਰ ਦਿੱਤਾ ਜਾਂਦਾ ਹੈ ਅਤੇ ਇਸ ਦੇ ਅਮਲ 'ਤੇ ਪੂਰੀ ਨਜ਼ਰ ਰੱਖੀ ਜਾਂਦੀ ਹੈ ਤਾਂ ਬਿਨਾਂ ਸ਼ੱਕ ਇਹ ਕਾਨੂੰਨ ਆਮ ਵਿਅਕਤੀ ਲਈ ਬਹੁਤ ਵੱਡੀ ਰਾਹਤ ਵਾਲੀ ਗੱਲ ਹੋਵੇਗੀ।

ਅੱਜ ਜੇਕਰ ਹੇਠਲੇ ਪੱਧਰ ਤੱਕ ਭ੍ਰਿਸ਼ਟਾਚਾਰ ਫੈਲਿਆ ਹੋਇਆ ਹੈ, ਜੇਕਰ ਕਲਰਕ ਬਾਦਸ਼ਾਹ ਦੀ ਮੁੱਠੀ ਗਰਮ ਕਰਨ ਤੋਂ ਬਿਨਾਂ ਫਾਈਲ ਅੱਗੇ ਨਹੀਂ ਤੁਰਦੀ ਤਾਂ ਉਸ ਦਾ ਸਭ ਤੋਂ ਵੱਡਾ ਕਾਰਨ ਸੰਬੰਧਿਤ ਕਰਮਚਾਰੀਆਂ ਅਤੇ ਅਧਿਕਾਰੀਆਂ ਦੀ ਕੋਈ ਜਵਾਬਦੇਹੀ ਦਾ ਨਾ ਹੋਣਾ ਹੈ। ਜੇਕਰ ਉਪਰੋਕਤ ਕਾਨੂੰਨ ਨਾਲ ਅਜਿਹੀ ਜਵਾਬਦੇਹੀ ਆਇਦ ਹੋ ਜਾਂਦੀ ਹੈ ਤਾਂ ਇਹ ਗੱਲ ਜਨਤਕ ਜੀਵਨ ਵਿੱਚ ਇੱਕ ਵੱਡੇ ਇਨਕਲਾਬ ਤੋਂ ਘੱਟ ਨਹੀਂ ਹੋਵੇਗੀ। ਅੱਜ ਪੱਛਮੀ ਮੁਲਕਾਂ ਵਿੱਚ ਆਮ ਆਦਮੀ ਇਸ ਲਈ ਸੰਤੁਸ਼ਟ ਦਿਖਾਈ ਦਿੰਦਾ ਹੈ ਕਿਉਂਕਿ ਉਸ ਨੂੰ ਰੋਜ਼ਮੱਰਾ ਦੇ ਛੋਟੇ-ਮੋਟੇ ਕੰਮ ਕਰਾਉਣ ਲਈ ਕਿਸੇ ਤਰ੍ਹਾਂ ਦੀ ਮੁਸ਼ਕਿਲ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਅਤੇ ਨਾ ਹੀ ਅਜਿਹੇ ਕੰਮ ਬੇਲੋੜੀ ਹੱਦ ਤੱਕ ਲਟਕਦੇ ਹਨ। ਇਸ ਦੀ ਬਜਾਏ ਉਨ੍ਹਾਂ ਨੂੰ ਇਕ ਨਿਸ਼ਚਿਤ ਸਮੇਂ ਵਿੱਚ ਪੂਰਾ ਕਰ ਲਿਆ ਜਾਂਦਾ ਹੈ। ਵਿਚਾਰ-ਵਟਾਂਦਰਾ ਕਰਕੇ ਬਣਾਈ ਅਜਿਹੀ ਵਿਵਸਥਾ ਹੀ ਇਨ੍ਹਾਂ ਦੇਸ਼ਾਂ ਦੇ ਵਿਕਾਸ ਦਾ ਇਕ ਵੱਡਾ ਕਾਰਨ ਹੈ।

ਜਿੱਥੋਂ ਤੱਕ ਸਾਡੇ ਆਮ ਜੀਵਨ ਦਾ ਸਵਾਲ ਹੈ ਇਸ ਵਿੱਚ ਵਿਚਰਦਿਆਂ ਆਮ ਵਿਅਕਤੀ ਇਹ ਸੋਚ ਵੀ ਨਹੀਂ ਸਕਦਾ ਕਿ ਉਸ ਦਾ ਸਰਕਾਰੀ ਪੱਧਰ ਦਾ ਕੋਈ ਛੋਟਾ-ਮੋਟਾ ਕੰਮ ਵੀ ਆਪਣੇ-ਆਪ ਅਤੇ ਬਿਨਾਂ ਕੁਝ ਦੇਣ ਦੇ ਸਮੇਂ ਸਿਰ ਹੋ ਜਾਵੇਗਾ। ਇਸ ਲਈ ਪਹਿਲਾਂ ਵੀ ਯਤਨ ਕੀਤੇ ਜਾਂਦੇ ਰਹੇ ਹਨ। ਪਰ ਜੇਕਰ ਕਾਨੂੰਨ ਅਨੁਸਾਰ ਮੁਢਲੀਆਂ ਜ਼ਰੂਰੀ ਸੇਵਾਵਾਂ ਨਿਸ਼ਚਿਤ ਸਮੇਂ ਵਿੱਚ ਮੁਹੱਈਆ ਕਰਨ ਦਾ ਪ੍ਰਬੰਧ ਕਰ ਲਿਆ ਗਿਆ ਤਾਂ ਇਹ ਜਿੱਥੇ ਲੋਕਾਂ ਲਈ ਵੱਡੀ ਰਾਹਤ ਹੋਵੇਗੀ, ਉਥੇ ਅਸੀਂ ਇਸ ਨੂੰ ਸਰਕਾਰ ਵੱਲੋਂ ਕੀਤੀ ਗਈ ਵੱਡੀ ਪ੍ਰਾਪਤੀ ਆਖ ਸਕਾਂਗੇ। ਇਸ ਸੰਬੰਧੀ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਸੇਵਾ ਦੇ ਅਧਿਕਾਰ ਸੰਬੰਧੀ ਕਾਨੂੰਨ ਆਪਣੇ-ਆਪ ਵਿੱਚ ਇਕ ਇਤਿਹਾਸਕ ਫ਼ੈਸਲਾ ਹੈ। ਨਿਸਚੇ ਹੀ ਇਹ ਜਨਤਕ ਸੇਵਾਵਾਂ ਲੋਕਾਂ ਤੱਕ ਪਹੁੰਚਾਉਣ ਵਿੱਚ ਇਨਕਲਾਬੀ ਤਬਦੀਲੀਆਂ ਲਿਆਵੇਗਾ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਦੇਸ਼ ਵਿੱਚ ਅਜਿਹਾ ਕਾਨੂੰਨ ਲਾਗੂ ਕਰਨ ਵਾਲਾ ਪੰਜਾਬ ਪਹਿਲਾ ਰਾਜ ਹੋਵੇਗਾ। ਜਿਸ ਸੋਚ ਨਾਲ ਮੰਤਵ ਨੂੰ ਮੁੱਖ ਰੱਖ ਕੇ ਅਜਿਹਾ ਕਾਨੂੰਨ ਲਿਆਂਦਾ ਗਿਆ ਹੈ, ਅਸੀਂ ਉਸ ਦੀ ਪ੍ਰਸੰਸਾ ਕਰਦੇ ਹਾਂ ਅਤੇ ਇਹ ਵੀ ਯਕੀਨ ਕਰਦੇ ਹਾਂ ਕਿ ਜੇਕਰ ਅਮਲੀ ਰੂਪ ਵਿੱਚ ਇਸ ਨੂੰ ਸਫ਼ਲਤਾ ਨਾਲ ਲਾਗੂ ਕਰ ਦਿੱਤਾ ਗਿਆ ਤਾਂ ਇਹ ਜਿਥੇ ਲੋਕਾਂ ਦੀਆਂ ਪ੍ਰੇਸ਼ਾਨੀਆਂ ਘਟਾਏਗਾ, ਉਥੇ ਇਸ ਨਾਲ ਹਰ ਪੱਧਰ 'ਤੇ ਰਿਸ਼ਵਤਖੋਰੀ ਨੂੰ ਠੱਲ੍ਹ ਪਾਉਣ ਵਿੱਚ ਵੀ ਮਦਦ ਮਿਲੇਗੀ। ਸਰਕਾਰ ਵੱਲੋਂ ਇਸ ਕਾਨੂੰਨ ਦਾ ਘੇਰਾ ਵਿਸ਼ਾਲ ਰੱਖਿਆ ਗਿਆ ਹੈ। 67 ਦੇ ਲਗਭਗ ਜ਼ਰੂਰੀ ਸੇਵਾਵਾਂ ਨੂੰ ਇਸ ਦੇ ਅਧੀਨ ਲਿਆਂਦਾ ਗਿਆ ਹੈ ਅਤੇ ਇਸ ਕਾਨੂੰਨ 'ਤੇ ਅਮਲ ਯਕੀਨੀ ਬਣਾਉਣ ਲਈ ਇਕ ਅਧਿਕਾਰੀ ਜਾਂ ਟ੍ਰਿਬਿਊਨਲ ਨਿਯੁਕਤ ਕਰਨ ਦੀ ਤਜਵੀਜ਼ ਦਾ ਵੀ ਜ਼ਿਕਰ ਕੀਤਾ ਗਿਆ ਹੈ। ਇਸ ਕਾਨੂੰਨ ਵਿੱਚ ਜ਼ਮੀਨਾਂ ਨਾਲ ਸੰਬੰਧਿਤ ਕੰਮ ਜਿਵੇਂ ਗਿਰਦਾਵਰੀਆਂ, ਨਿਸ਼ਾਨਦੇਹੀ, ਜਮ੍ਹਾਂਬੰਦੀ, ਇੰਤਕਾਲ, ਆਦਿ ਸਮੇਂ ਸਿਰ ਕਰਨ ਅਤੇ ਸ਼ਹਿਰੀ ਜੀਵਨ ਨਾਲ ਸੰਬੰਧਿਤ ਛੋਟੇ-ਮੋਟੇ ਕੰਮ ਜਿਵੇਂ ਪੀਣ ਵਾਲੇ ਪਾਣੀ ਅਤੇ ਸੀਵਰੇਜ ਦੇ ਕੁਨੈਕਸ਼ਨ ਲੈਣਾ, ਡਰਾਈਵਿੰਗ ਲਾਈਸੈਂਸ, ਜਨਮ ਅਤੇ ਮੌਤ ਸਰਟੀਫਿਕੇਟ ਲੈਣਾ, ਅਸਲੇ ਦੇ ਲਾਇਸੰਸ ਦੀ ਮਿਆਦ ਵਿੱਚ ਵਾਧਾ ਕਰਨਾ, ਪਾਸਪੋਰਟ ਸੰਬੰਧੀ ਹਰ ਤਰ੍ਹਾਂ ਦੀ ਪੁਲਿਸ ਰਿਪੋਰਟ ਨਿਸ਼ਚਿਤ ਸਮੇਂ ਵਿੱਚ ਦੇਣ, ਰਾਸ਼ਨ ਕਾਰਡ, ਨਕਸ਼ਿਆਂ ਦੀ ਪ੍ਰਵਾਨਗੀ, ਮੇਲਾ, ਨੁਮਾਇਸ਼ 'ਤੇ ਲਾਊਡ ਸਪੀਕਰ ਦੀ ਪ੍ਰਵਾਨਗੀ ਆਦਿ ਅਜਿਹੇ ਕੰਮ ਹਨ, ਜਿਨ੍ਹਾਂ ਵਿੱਚ ਲੋਕਾਂ ਨੂੰ ਨਿੱਤ ਦਿਨ ਜਿਥੇ ਵੱਡੀ ਖੱਜਲ-ਖੁਆਰੀ ਚੋਂ ਗੁਜ਼ਰਨਾ ਪੈਂਦਾ ਹੈ, ਉਥੇ ਉਨ੍ਹਾਂ ਦਾ ਬੇਹੱਦ ਸਮਾਂ ਜ਼ਾਇਆ ਹੁੰਦਾ ਹੈ ਤੇ ਕੰਮ ਹੋਣ ਸੰਬੰਧੀ ਅਨਿਸ਼ਚਿਤਤਾ ਬਣੀ ਰਹਿੰਦੀ ਹੈ।

ਇਹ ਗੱਲ ਯਕੀਨੀ ਹੈ ਕਿ ਜੇਕਰ ਨਾਗਰਿਕਾਂ ਦੀਆਂ ਅਜਿਹੀਆਂ ਔਖਿਆਈਆਂ ਨੂੰ ਵੱਡੀ ਹੱਦ ਤੱਕ ਘਟਾਇਆ ਜਾਵੇ ਤਾਂ ਬਿਨਾਂ ਸ਼ੱਕ ਜੀਵਨ ਦੀ ਤੋਰ ਸੁਖਾਵੀਂ ਬਣਾਈ ਜਾ ਸਕਦੀ ਹੈ। ਜੇਕਰ ਮਿਥੇ ਗਏ ਸਮੇਂ ਵਿੱਚ ਇਹ ਕੰਮ ਨਹੀਂ ਹੁੰਦੇ ਤਾਂ ਇਸ ਨਾਲ ਸੰਬੰਧਿਤ ਅਧਿਕਾਰੀਆਂ ਨੂੰ ਜਵਾਬਦੇਹ ਹੋਣਾ ਪਵੇਗਾ। ਇਸ ਤੁਰੰਤ ਲਾਗੂ ਹੋਣ 'ਤੇ ਇਸ ਦੇ ਚੰਗੇ ਨਤੀਜੇ ਵੀ ਛੇਤੀ ਤੋਂ ਛੇਤੀ ਸਾਹਮਣੇ ਆਉਣ ਦੀ ਉਮੀਦ ਕੀਤੀ ਜਾ ਸਕਦੀ ਹੈ। ਜਨਤਕ ਜੀਵਨ ਨੂੰ ਸੌਖਿਆਂ ਕਰਨ ਲਈ ਸਰਕਾਰ ਵੱਲੋਂ ਚੁੱਕੇ ਗਏ ਇਸ ਵਧੀਆ ਕਦਮ 'ਤੇ ਅਸੀਂ ਅਗਾਮੀ ਤੌਰ 'ਤੇ ਸ਼ੁਭ ਕਾਮਨਾਵਾਂ ਪੇਸ਼ ਕਰਦੇ ਹਾਂ। ■




ਭਾਰਤ ਦੇ ਸਵੈਮਾਣ ਦੇ ਰੱਖਿਅਕ ਤਿਆਗ, ਕੁਰਬਾਨੀ ਅਤੇ ਅਣਖ ਦੀ ਮਿਸਾਲ
ਸੂਰਬੀਰ ਮਹਾਰਾਣਾ ਪ੍ਰਤਾਪ ਜੀ
ਦੇ
472ਵੇਂ ਜਨਮ ਦਿਵਸ
ਮੌਕੇ 'ਤੇ ਪੰਜਾਬ ਸਰਕਾਰ ਵੱਲੋਂ
ਸ਼ਰਧਾਂਜਲੀ ਅਰਪਣ ਕੀਤੀ ਜਾਂਦੀ ਹੈ

# ਪਹੁੰਚੇ ਜੋ ਮੰਜ਼ਿਲਾਂ 'ਤੇ

*ਸਿਵਿਲ ਸਰਵਿਸਜ਼ ਦੀ ਪ੍ਰੀਖਿਆ ਦੀ ਸਫ਼ਲਤਾ 'ਤੇ ਜਿਸ ਰੂਪ ਵਿੱਚ ਜਸ਼ਨ ਮਨਾਏ ਜਾਂਦੇ ਹਨ, ਉਸ ਤੋਂ ਪਤਾ ਲੱਗਦਾ ਹੈ ਕਿ ਵਿਸ਼ਵੀਕਰਨ ਦੀ ਇਸ ਚਕਾਚੌਂਧ ਵਿੱਚ ਵੀ ਸਿਵਿਲ ਸੇਵਾਵਾਂ ਪ੍ਰਤੀ ਉਤਸ਼ਾਹ ਮੱਠਾ ਨਹੀਂ ਪਿਆ। ਇਸ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਆਈ ਏ ਐਸ ਅਤੇ ਆਈ ਪੀ ਐਸ ਵਿੱਚ ਆ ਜਾਣਾ ਆਈ ਆਈ ਟੀ ਵਿੱਚ ਆ ਜਾਣ ਨਾਲੋਂ ਵੱਧ ਅਹਿਮ ਹੈ। ਇਹ ਸਾਡੇ ਸਾਰਿਆਂ ਲਈ ਖ਼ੁਸ਼ੀ ਦੀ ਗੱਲ ਹੈ ਕਿ ਪੰਜਾਬ ਦੇ ਕਾਫੀ ਮੁੰਡਿਆਂ ਤੇ ਕੁੜੀਆਂ ਨੇ ਇਹ ਵੱਕਾਰੀ ਪ੍ਰੀਖਿਆ ਪਾਸ ਕਰ ਲਈ ਹੈ। ਅਦਾਰਾ 'ਜਾਗ੍ਰਤੀ' ਪੰਜਾਬ ਦੇ ਇਹਨਾਂ ਹੋਣਹਾਰ ਬੇਟਿਆਂ ਤੇ ਬੇਟੀਆਂ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਦਾ ਮਾਣ ਮਹਿਸੂਸ ਕਰਦਾ ਹੈ।*

**ਬਲਵਿੰਦਰ ਕੌਰ**


ਲਲਿਤ ਜੈਨ

ਲਾਲ ਬੱਤੀ ਵਾਲੀਆਂ ਗੱਡੀਆਂ ਵਿੱਚ ਬੈਠ ਕੇ ਲੰਘਦੇ ਆਈ.ਏ.ਐਸ.ਅਫ਼ਸਰਾਂ ਦੇ ਠਾਠ-ਬਾਠ ਤੋਂ ਪ੍ਰਭਾਵਿਤ ਅਖ਼ਬਾਰਾਂ ਵੇਚਣ ਵਾਲਾ ਖਰੜ ਦਾ ਬੱਚਾ ਅੱਜ ਖ਼ੁਦ ਆਈ.ਏ.ਐਸ.ਅਫ਼ਸਰ ਬਣ ਗਿਆ ਹੈ। ਇਸ ਬੱਚੇ ਤੋਂ ਅਖ਼ਬਾਰਾਂ ਖਰੀਦਣ ਦੌਰਾਨ ਇਹ ਅਫ਼ਸਰ ਇਸ ਬੱਚੇ ਨੂੰ ਵੀ ਆਈ.ਏ.ਐਸ. ਅਫ਼ਸਰ ਬਣਨ ਲਈ ਪ੍ਰੇਰਿਤ ਕਰਦੇ। ਖਰੜ ਦੇ ਲਲਿਤ ਜੈਨ ਦੇ ਮਨ ਵਿੱਚੋਂ ਉਦੋਂ ਤੋਂ ਹੀ ਆਈ.ਏ.ਐਸ.ਅਫ਼ਸਰ ਬਣਨ ਦੀ ਚਾਹਤ ਪੈਦਾ ਹੋ ਗਈ ਸੀ ਤੇ ਇਸ ਨੂੰ ਪੂਰਾ ਕਰਨ ਲਈ ਉਸ ਨੇ ਅਖ਼ਬਾਰਾਂ ਵੰਡਣ ਦੇ ਨਾਲ ਨਾਲ ਸਖ਼ਤ ਮਿਹਨਤ ਨਾਲ ਪੜ੍ਹਾਈ ਸ਼ੁਰੂ ਕਰ ਦਿੱਤੀ। ਇਸ ਸਦਕਾ ਹੀ ਉਸ ਨੇ ਆਲ-ਇੰਡੀਆ ਸਿਵਲ ਸਰਵਿਸਿਜ਼ ਦੀ 2011 ਦੀ ਪ੍ਰੀਖਿਆ ਵਿੱਚੋਂ ਦੇਸ਼ ਵਿੱਚੋਂ 41ਵਾਂ ਰੈਂਕ ਹਾਸਲ ਕਰ ਲਿਆ। ਅਖ਼ਬਾਰਾਂ ਵੰਡਣ ਦਾ ਕੰਮ ਉਸ ਨੇ 13 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਸ਼ਸ਼ੀ ਪਾਲ ਜੈਨ ਦਾ ਹੱਥ ਵਟਾਉਣ ਲਈ ਸ਼ੁਰੂ ਕੀਤਾ ਸੀ। ਉਦੋਂ ਤੋਂ ਲੈ ਕੇ ਐਲ.ਐਲ.ਬੀ. ਕਰਨ ਤੱਕ ਉਹ ਤੜਕੇ ਉਠ ਕੇ ਅਖ਼ਬਾਰਾਂ ਦਾ ਕੰਮ ਸੰਭਾਲਦਾ ਆ ਰਿਹਾ ਹੈ। ਜਦੋਂ ਉਸ ਨੂੰ ਆਲ-ਇੰਡੀਆ ਸਿਵਲ ਸਰਵਿਸਿਜ਼ ਪ੍ਰੀਖਿਆ ਪਾਸ ਕਰਨ ਦੀ ਖ਼ਬਰ ਮਿਲੀ ਉਦੋਂ ਵੀ ਉਹ ਅਖ਼ਬਾਰਾਂ ਦੇ ਕੰਮ ਤੋਂ ਵਿਹਲਾ ਹੋਇਆ ਸੀ। ਅਖ਼ਬਾਰਾਂ ਦੇ ਕੰਮ ਦੇ ਨਾਲ ਨਾਲ ਹੀ ਉਹ ਪੱਤਰਕਾਰੀ ਵੀ ਕਰਨ ਲੱਗਾ।

ਉਸ ਦਾ ਕਹਿਣਾ ਹੈ ਮੇਰੀ ਇਹੀ ਕੋਸ਼ਿਸ਼ ਹੋਵੇਗੀ ਕਿ ਮੈਂ ਜਨਤਾ ਦਾ ਸੇਵਕ ਬਣ ਕੇ ਹੀ ਉਨ੍ਹਾਂ ਦੇ ਕੰਮ ਆਵਾਂ। ਸਮਾਜ ਪ੍ਰਤੀ ਆਪਣੀ ਇਸ ਸੋਚ ਦਾ ਸਿਹਰਾ ਲਲਿਤ ਜੈਨ ਆਪਣੇ ਦਾਦਕੇ ਤੇ ਨਾਨਕੇ ਪਰਿਵਾਰ ਤੋਂ ਮਿਲੇ ਸੰਸਕਾਰਾਂ ਸਿਰ ਬੰਨ੍ਹਦਾ ਹੈ।

ਅਪਨੀਤ ਰਿਐਤ ਨੇ ਦਸਵੀਂ ਕਲਾਸ ਵਿੱਚ ਹੀ ਆਈ.ਏ.ਐਸ.ਬਣਨ ਦੀ ਠਾਣ ਲਈ ਸੀ। ਇਸ ਨੂੰ ਪੂਰਾ ਕਰਨ ਲਈ ਉਸ ਨੇ ਦਿਨ ਰਾਤ ਮਿਹਨਤ ਕੀਤੀ। ਉਸ ਦਾ ਕਹਿਣਾ ਹੈ ਕਿ ਇਕ ਇਮਾਨਦਾਰ ਅਫ਼ਸਰ ਬਣ ਕੇ ਉਹ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਏਗੀ।

ਮੁਹਾਲੀ ਦੇ ਕਸ਼ਿਸ਼ ਮਿੱਤਲ ਨੇ ਪਹਿਲੀ ਵਾਰੀ ਵਿੱਚ ਹੀ ਇਹ ਪ੍ਰੀਖਿਆ 58ਵਾਂ ਰੈਂਕ ਹਾਸਲ ਕਰ ਕੇ ਪਾਸ ਕਰ ਲਈ। ਉਸ ਦਾ ਕਹਿਣਾ ਹੈ ਕਿ ਉਹ ਜਨਤਕ ਸੇਵਾਵਾਂ ਵਿੱਚ ਸੁਧਾਰ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਹਰ ਆਮ ਨਾਗਰਿਕ ਤੱਕ ਆਸਾਨੀ ਨਾਲ ਪਹੁੰਚਾਉਣ ਦਾ ਯਤਨ ਕਰੇਗਾ।

ਅੰਮ੍ਰਿਤਸਰ ਤੋਂ ਡਾ. ਨਾਨਕ ਸਿੰਘ, ਦਲਜੀਤ ਕੌਰ, ਸਵਾਤੀ ਚੋਪੜਾ, ਜਤਿਨ ਚੋਪੜਾ ਅਤੇ ਬਰਜਿੰਦਰ ਸਿੰਘ ਨੇ ਸਿਵਿਲ ਸੇਵਾਵਾਂ ਦੀ ਪ੍ਰੀਖਿਆ 'ਚੋਂ ਸਫਲਤਾ ਹਾਸਲ ਕਰ ਲਈ ਹੈ ਤੇ ਇਹਨਾਂ ਨੂੰ ਕ੍ਰਮਵਾਰ 84ਵਾਂ, 185ਵਾਂ, 312ਵਾਂ, 484ਵਾਂ ਅਤੇ 568ਵਾਂ ਰੈਂਕ ਪ੍ਰਾਪਤ ਹੋਇਆ ਹੈ।


ਸਵਾਤੀ ਚੋਪੜਾ


ਅਪਨੀਤ ਰਿਐਤ


ਕਸ਼ਿਸ਼ ਮਿੱਤਲ


ਦਲਜੀਤ ਕੌਰ


ਜਤਿਨ ਚੋਪੜਾ

ਡਾ ਨਾਨਕ ਸਿੰਘ ਦੇ ਜ਼ਿਹਨ ਵਿੱਚ ਅਜਿਹੇ ਭਾਰਤ ਦਾ ਸੁਪਨਾ ਹੈ ਜਿੱਥੇ ਹਰ ਵਿਅਕਤੀ ਸਵੇਰੇ ਚਿਹਰੇ 'ਤੇ ਮੁਸਕਾਹਟ ਲੈ ਕੇ ਉਠੇ ਤੇ ਰਾਤ ਨੂੰ ਤਸੱਲੀ ਨਾਲ ਨੀਂਦ ਲੈ ਸਕੇ।

ਦਲਜੀਤ ਕੌਰ ਦਾ ਕਹਿਣਾ ਹੈ ਕਿ ਲੜਕੀਆਂ ਮਾਂ-ਬਾਪ 'ਤੇ ਬੋਝ ਨਹੀਂ ਹੁੰਦੀਆਂ। ਉਹ ਸਫਲਤਾ ਦੀ ਕਿਸੇ ਵੀ ਸਿਖਰ ਤੱਕ ਪਹੁੰਚ ਸਕਦੀਆਂ ਹਨ। ਇਹ ਤਿੰਨ ਭੈਣਾਂ ਹੀ ਹਨ ਪਰ ਇਨਾਂ ਦੇ ਮਾਂ-ਬਾਪ ਸ. ਨਰਿੰਦਰ ਸਿੰਘ ਅਤੇ ਤ੍ਰਿਪਤਪਾਲ ਕੌਰ ਨੂੰ ਪੁੱਤਰ ਨਾ ਹੋਣ ਦਾ ਕੋਈ ਸ਼ਿਕਵਾ ਨਹੀਂ ਹੈ।

ਸਵਾਤੀ ਚੋਪੜਾ ਨੇ ਕੁੜੀਆਂ ਨੂੰ ਕਿਹਾ ਹੈ ਕਿ ਉਹ ਆਪਣੇ 'ਤੇ ਭਰੋਸਾ ਰੱਖਣ ਤੇ ਫਿਰ ਉਸ ਤੋਂ ਬਾਅਦ ਉਨ੍ਹਾਂ ਦੇ ਰਾਹ ਵਿੱਚ ਕੋਈ ਰੁਕਾਵਟ ਨਹੀਂ ਆ ਸਕਦੀ।

ਜਤਿਨ ਚੋਪੜਾ ਆਪ ਸਰਹੱਦੀ ਖੇਤਰ ਦੇ ਪਿੰਡ ਭਿੱਖਵਿੰਡ ਦੇ ਇਕ ਆਮ ਪਰਿਵਾਰ 'ਚੋਂ ਹੋਣ ਕਾਰਨ ਪਿੰਡਾਂ ਦੇ ਲੋਕਾਂ ਦਾ ਦਰਦ ਵੰਡਾਉਣਾ ਚਾਹੁੰਦਾ ਹੈ। ਉਸਦਾ ਕਹਿਣਾ ਹੈ ਕਿ ਕੁਝ ਵੀ ਮੁਸ਼ਕਿਲ ਨਹੀਂ ਪਰ ਜ਼ਿੰਦਗੀ ਵਿੱਚ ਸਖ਼ਤ ਮਿਹਨਤ ਦਾ ਕੋਈ ਤੋੜ ਨਹੀਂ।

ਬਰਜਿੰਦਰ ਸਿੰਘ ਚੰਗੇ ਘਰ 'ਚੋਂ ਹੋਣ ਦੇ ਬਾਵਜੂਦ ਆਪਣੀ ਵੱਖਰੀ ਪਛਾਣ ਬਣਾਉਣ ਦੇ ਹੱਕ ਵਿੱਚ ਰਿਹਾ ਹੈ ਤੇ ਇਹ ਪ੍ਰੀਖਿਆ ਪਾਸ ਕਰ ਕੇ ਉਸ ਨੇ ਇਹ ਸਿੱਧ ਵੀ ਕੀਤਾ ਹੈ। ■

# ਵਿਦਿਆਰਥਣਾਂ ਲਈ ਸਾਈਕਲ
## ਸਕੂਲਾਂ ਦੀ ਦੂਰੀ ਹੁਣ ਪੜ੍ਹਾਈ 'ਚ ਅੜਿੱਕਾ ਨਹੀਂ

ਸ਼ਰੁਤੀ ਸੇਤੀਆ ਛਾਬੜਾ

ਸੋਲਾਂ ਸਾਲਾਂ ਦੀ ਜਸਜੀਤ ਕੌਰ (ਅਸਲੀ ਨਾਂ ਨਹੀਂ) ਇਸ ਵਾਰ 10ਵੀਂ ਜਮਾਤ ਵਿੱਚ ਹੋ ਗਈ ਹੈ ਪਰ ਉਸਨੂੰ ਇਸਦੀ ਬਹੁਤੀ ਖ਼ੁਸ਼ੀ ਨਹੀਂ ਕਿਉਂਕਿ ਉਹ ਸਮਝਦੀ ਹੈ ਕਿ ਉਸਦੇ ਪਿੰਡ ਜਸਤਰਵਾਲ (ਅੰਮ੍ਰਿਤਸਰ) ਵਿੱਚ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ ਤੇ ਪਿੰਡ ਦੇ ਸਕੂਲ ਵਿੱਚ ਹੁਣ ਉਸਦੀ ਪੜ੍ਹਾਈ ਲਗਭਗ ਖ਼ਤਮ ਹੀ ਹੈ। ਪਿੰਡ ਦੇ ਮੁੰਡੇ ਤਾਂ 11ਵੀਂ ਤੇ 12ਵੀਂ ਦੀ ਪੜ੍ਹਾਈ ਵਾਸਤੇ ਭਿੰਡੀ ਸੈਦਾਂ ਦੇ ਸੀਨੀਅਰ ਸੈਕੰਡਰੀ ਸਕੂਲ ਚਲੇ ਜਾਂਦੇ ਹਨ ਪਰ ਬਹੁਤੀਆਂ ਲੜਕੀਆਂ 10ਵੀਂ ਤੋਂ ਬਾਅਦ ਪੜ੍ਹਾਈ ਨਹੀਂ ਕਰ ਸਕਦੀਆਂ ਕਿਉਂਕਿ ਆਪਣੇ ਪਿੰਡ ਤੋਂ ਦੂਰ ਪੈਂਦੇ ਸੀਨੀਅਰ ਸੈਕੰਡਰੀ ਸਕੂਲ ਤੱਕ ਜਾਣ ਵਾਸਤੇ ਉਨ੍ਹਾਂ ਦੇ ਕੋਲ ਆਪਣਾ ਕੋਈ ਸਾਧਨ ਨਹੀਂ ਹੈ।



ਪਰ ਹੁਣ ਪੰਜਾਬ ਸਰਕਾਰ ਨੇ ਜਸਜੀਤ ਕੌਰ ਅਤੇ ਇਸ ਵਰਗੀਆਂ ਹੋਰ ਸਾਰੀਆਂ ਲੜਕੀਆਂ ਨੂੰ ਨੇੜਲੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪੜ੍ਹਨ ਜਾਣ ਵਾਸਤੇ ਸਾਈਕਲ ਦੇਣ ਦਾ ਫੈਸਲਾ ਕਰਕੇ ਉਨ੍ਹਾਂ ਦੀ ਕਿਸਮਤ ਬਦਲਣ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ। ਮਾਈ ਭਾਗੋ ਵਿਦਿਆ ਸਕੀਮ ਦੇ ਤਹਿਤ ਪੰਜਾਬ ਸਰਕਾਰ ਸਕੂਲਾਂ ਵਿੱਚ ਲੜਕੀਆਂ ਨੂੰ 11ਵੀਂ ਤੇ 12ਵੀਂ ਜਮਾਤ ਦੀ ਪੜ੍ਹਾਈ ਕਰਨ ਵਾਸਤੇ ਸਾਈਕਲ ਦੇਵੇਗੀ। ਖ਼ਜ਼ਾਨਾ ਮੰਤਰੀ ਉਪਿੰਦਰਜੀਤ ਕੌਰ ਨੇ 2011 ਦੇ ਸਲਾਨਾ ਬਜਟ ਵਿੱਚ ਇਸਦੀ ਵਿਵਸਥਾ ਕਰ ਦਿੱਤੀ ਸੀ।

ਪੰਜਾਬ ਸਰਕਾਰ ਵੱਲੋਂ ਇਸ ਵੇਲੇ ਇਹ ਸਕੀਮ ਲਾਗੂ ਕਰਨ ਲਈ ਸਭ ਤੋਂ ਪਹਿਲੀ ਤਰਜੀਹ ਦਿੱਤੀ ਜਾ ਰਹੀ ਹੈ। ਸਰਕਾਰ ਨੇ ਇਹ ਸਕੀਮ ਇਸ ਸਾਲ 15 ਅਗਸਤ ਤੱਕ ਲਾਗੂ ਕਰਨ ਦਾ ਮਨ ਬਣਾਇਆ ਹੈ। ਇਹ ਸਾਈਕਲ ਪੰਜਾਬ ਦੀਆਂ ਹੋਣਹਾਰ ਸਕੂਲੀ ਵਿਦਿਆਰਥਣਾਂ ਲਈ ਨਾ ਸਿਰਫ ਅਗਲੇਰੀ ਪੜ੍ਹਾਈ ਲਈ ਸਹਾਰਾ ਹੀ ਬਣਨਗੇ ਸਗੋਂ ਖ਼ਾਸ ਕਰਕੇ ਸਰਹੱਦੀ ਖ਼ੇਤਰ ਦੇ ਦੂਰ ਦੁਰੇਡੇ ਇਲਾਕਿਆਂ ਵਿੱਚ ਇਨ੍ਹਾਂ ਮੁਟਿਆਰਾਂ ਦੀ ਕਿਸਮਤ ਵੀ ਬਦਲ ਕੇ ਰੱਖ ਦੇਣਗੇ।

ਸਰਕਾਰੀ ਸੀਨਅਰ ਸੈਕੰਡਰੀ ਸਕੂਲ, ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਸੇਵਾਮੁਕਤ ਹੋਏ ਪ੍ਰਿੰਸੀਪਲ ਸ਼੍ਰੀ ਤਾਰਾ ਚੰਦ ਸ਼ਰਮਾ, ਜਿਨ੍ਹਾਂ ਨੇ ਕਈ ਸਾਲ ਸਰਹੱਦੀ ਖ਼ੇਤਰ ਦੇ ਸਕੂਲਾਂ ਵਿੱਚ ਆਪ ਪੜ੍ਹਾਇਆ ਹੈ, ਨੇ 'ਜਾਗ੍ਰਤੀ' ਨਾਲ ਗੱਲਬਾਤ ਕਰਦੇ ਦੱਸਿਆ ਕਿ 'ਸਰਹੱਦੀ ਖ਼ੇਤਰ ਦੇ ਕਈ ਪਿੰਡਾਂ ਜਿਵੇਂ ਕਿ ਨੂਰੋਵਾਲ, ਛੰਨ, ਕੋਟਲੀ ਦਸੌਂਧੀ, ਤੂਰ, ਖ਼ੁਸੂਪੁਰਾ ਅਤੇ ਤੱਲੇ ਆਦਿ ਵਿੱਚ ਪ੍ਰਾਇਮਰੀ, ਮਿਡਲ ਜਾਂ ਹਾਈ ਸਕੂਲ ਤਾਂ ਹਨ ਜਿਹੜੇ ਇਕ ਤਰ੍ਹਾਂ ਨਾਲ ਸੀਨੀਅਰ ਸੈਕੰਡਰੀ ਸਕੂਲਾਂ ਵਾਸਤੇ ਬੱਚਿਆਂ ਦੀ ਪਨੀਰੀ ਤਿਆਰ ਕਰਨ ਦਾ ਕੰਮ ਕਰਦੇ ਹਨ ਪਰ ਇਨ੍ਹਾਂ ਖ਼ੇਤਰਾਂ ਵਿੱਚ ਸੀਨੀਅਰ ਸੈਕੰਡਰੀ ਸਕੂਲ ਬਹੁਤ ਘੱਟ ਹਨ ਜਿਸ ਕਰਕੇ ਲੜਕੀਆਂ 10ਵੀਂ ਤੋਂ ਬਾਅਦ ਪੜ੍ਹਾਈ ਨਹੀਂ ਕਰ ਸਕਦੀਆਂ ਕਿਉਂਕਿ ਉਨ੍ਹਾਂ ਕੋਲ ਘਰਾਂ ਤੋਂ ਦੂਰ ਪੈਂਦੇ ਵੱਡੇ ਸਕੂਲਾਂ ਤੱਕ ਜਾਣ ਲਈ ਕੋਈ ਸਾਧਨ ਨਹੀਂ ਹੁੰਦਾ। ਹੁਣ ਸਰਕਾਰ ਵੱਲੋਂ ਕੁੜੀਆਂ ਨੂੰ ਸਾਈਕਲ ਦੇਣ ਨਾਲ ਯਕੀਨਨ ਇਨ੍ਹਾਂ ਦੀ ਕਿਸਮਤ ਬਦਲੇਗੀ ਤੇ ਕੀ ਪਤਾ ਹੈ ਕਿ ਇਨ੍ਹਾਂ ਵਿੱਚੋਂ ਹੀ ਕੱਲ੍ਹ ਨੂੰ ਕੋਈ ਕਿਰਨ ਬੇਦੀ, ਅੰਮ੍ਰਿਤਾ ਪ੍ਰੀਤਮ, ਸ਼ੀਲਾ ਭਾਟੀਆ, ਸ਼ੰਨੋ ਖ਼ੁਰਾਨਾ, ਕਾਂਤਾ ਤਲਵਾਰ ਤੇ ਸਰੋਜ ਵਸ਼ਿਸ਼ਠ ਬਣ ਜਾਏ।'



ਸਰਕਾਰ ਨੇ ਇਹ ਸਕੀਮ ਲਾਗੂ ਕਰਨ ਲਈ 75 ਕਰੋੜ ਰੁਪਏ ਦਾ ਵਖਰਾ ਬਜਟ ਰੱਖਿਆ ਹੈ ਜਿਸ ਵਿੱਚੋਂ 30 ਕਰੋੜ ਰੁਪਏ ਯੋਜਨਾ ਵਿਭਾਗ ਨੇ ਪਹਿਲਾਂ ਹੀ ਜਾਰੀ ਕਰ ਦਿੱਤੇ ਹਨ। ਸਰਕਾਰ ਨੇ ਲੜਕੀਆਂ ਦੀ ਲੋੜ ਮੁਤਾਬਕ ਸਾਈਕਲਾਂ ਦੇ ਮਾਡਲ, ਰੰਗ ਤੇ ਸਾਈਕਲਾਂ ਦੇ ਸਾਈਜ਼ ਵਗੈਰਾ ਦਾ ਪਤਾ ਕਰਨਾ ਸ਼ੁਰੂ ਕਰ ਦਿੱਤਾ ਹੈ।

ਖ਼ਜ਼ਾਨਾ ਮੰਤਰੀ ਨੇ ਆਪਣੇ ਬਜਟ ਤਕਰੀਰ ਵਿੱਚ ਕਿਹਾ ਸੀ 'ਇਸਦੇ ਤਹਿਤ ਸਾਰੇ ਸਰਕਾਰੀ ਸਕੂਲਾਂ ਵਿੱਚ 11ਵੀਂ ਅਤੇ 12ਵੀਂ ਜ਼ਮਾਤ ਦੀਆਂ ਵਿਦਿਆਰਥਣਾਂ ਨੂੰ ਸਾਈਕਲ ਦਿੱਤੇ ਜਾਣਗੇ। ਸਰਕਾਰ ਇਸ ਸਕੀਮ ਨੂੰ ਲਗਾਤਾਰ ਜਾਰੀ ਰੱਖਣ ਦਾ ਇਰਾਦਾ ਰੱਖਦੀ ਹੈ ਤਾਂ ਜੋ ਪਿੰਡਾਂ ਵਿਚ ਹਾਈ ਸਕੂਲਾਂ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਤੱਕ ਉਨ੍ਹਾਂ ਦੇ ਘਰਾਂ ਦੀ ਦੂਰੀ ਉਨ੍ਹਾਂ ਦੀ ਪੜ੍ਹਾਈ ਵਿੱਚ ਰੁਕਾਵਟ ਨਾ ਬਣੇ।'

ਇਸ ਸਕੀਮ ਨਾਲ ਸਿਰਫ ਪੰਜਾਬ ਦੀਆਂ ਲੜਕੀਆਂ ਲਈ ਹੀ ਇਕ ਆਸ਼ਾ ਦੀ ਕਿਰਨ ਨਹੀਂ ਜਾਗੀ ਸਗੋਂ ਸਾਈਕਲ ਸਨਅਤ ਨੂੰ ਵੀ ਇਕ ਜੋਸ਼ ਮਿਲਿਆ ਹੈ ਜਿਹੜੀ ਸਰਕਾਰ ਕੋਲੋਂ ਸਪਲਾਈ ਦੇ ਵੱਡੇ ਆਰਡਰਾਂ ਦੀ ਉਮੀਦ ਕਰ ਰਹੀ ਹੈ ਤੇ ਇਹ ਆਰਡਰ ਹਾਸਲ ਕਰਨ ਵਾਸਤੇ ਇੰਡਸਟਰੀ ਅੰਦਰ ਇਕ ਹੋੜ ਵੀ ਲੱਗ ਗਈ ਹੈ।

ਸਕੀਮ ਦਾ ਸੁਆਗਤ ਕਰਦਿਆਂ ਛੋਟੇ ਪੱਧਰ 'ਤੇ ਸਾਈਕਲ ਤਿਆਰ ਕਰਨ ਵਾਲੇ ਸਨਅਤਕਾਰਾਂ ਨੇ ਸਰਕਾਰ ਦਾ ਧਿਆਨ ਦਿਵਾਇਆ ਹੈ ਕਿ 'ਲੁਧਿਆਣਾ ਸਾਈਕਲ ਸਨਅਤ ਦਾ ਕੇਂਦਰ ਹੈ ਅਤੇ ਬਹੁਤ ਸਾਰੇ ਸਾਈਕਲ ਉਤਪਾਦਕ ਦੂਜੇ ਰਾਜਾਂ ਨੂੰ ਸਾਈਕਲ ਤਿਆਰ ਕਰਕੇ ਭੇਜਦੇ ਹਨ। ਇਸ ਲਈ ਸਾਡੇ ਆਪਣੇ ਪੰਜਾਬ ਵਿੱਚ ਵੀ ਸਾਨੂੰ ਸਪਲਾਈ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ।' ■

| ਨੰ. | ਜ਼ਿਲ੍ਹੇ ਦਾ ਨਾਂਅ | +1 ਸ਼੍ਰੇਣੀ | +2 ਸ਼੍ਰੇਣੀ |
|---|---|---|---|
| 1. | ਅੰਮ੍ਰਿਤਸਰ | 1858 | 4510 |
| 2. | ਬਰਨਾਲਾ | 1333 | 6916 |
| 3. | ਬਠਿੰਡਾ | 828 | 2549 |
| 4. | ਫ਼ਰੀਦਕੋਟ | 2494 | 1431 |
| 5. | ਫਤਿਹਗੜ੍ਹ ਸਾਹਿਬ | 1443 | 1750 |
| 6. | ਫ਼ਿਰੋਜ਼ਪੁਰ | 3709 | 3428 |
| 7. | ਗੁਰਦਾਸਪੁਰ | 8632 | 7456 |
| 8. | ਹੁਸ਼ਿਆਰਪੁਰ | 5828 | 7928 |
| 9. | ਜਲੰਧਰ | 2439 | 4693 |
| 10. | ਕਪੂਰਥਲਾ | 1773 | 1971 |

| ਨੰ. | ਜ਼ਿਲ੍ਹੇ ਦਾ ਨਾਂਅ | +1 ਸ਼੍ਰੇਣੀ | +2 ਸ਼੍ਰੇਣੀ |
|---|---|---|---|
| 11. | ਲੁਧਿਆਣਾ | 19426 | 18553 |
| 12. | ਮਾਨਸਾ | 2574 | 2115 |
| 13. | ਮੋਗਾ | 4194 | 257 |
| 14. | ਐਸ ਏ ਐਸ ਨਗਰ | 1819 | 1306 |
| 15. | ਸ਼੍ਰੀ ਮੁਕਤਸਰ ਸਾਹਿਬ | 3528 | 1975 |
| 16. | ਐਸ ਬੀ ਐਸ ਨਗਰ | 3355 | 4026 |
| 17. | ਪਟਿਆਲਾ | 1947 | 3719 |
| 18. | ਰੂਪਨਗਰ | 2167 | 1655 |
| 19. | ਸੰਗਰੂਰ | 1438 | 2382 |
| 20. | ਤਰਨਤਾਰਨ | 2943 | 2593 |

**ਕੁੱਲ ਸੰਖਿਆ:** **+1 ਸ਼੍ਰੇਣੀ** 73728, **+2 ਸ਼੍ਰੇਣੀ** 81213

## ਸਭ ਕੁਝ ਨਾਂ ਵਿੱਚ ਹੀ ਹੈ

ਇਸ ਸਕੀਮ ਦਾ ਨਾਂ ਬਹੁਤ ਸੋਚ ਸਮਝ ਕੇ ਰੱਖਿਆ ਗਿਆ ਹੈ ਕਿਉਂਕਿ ਕੁੜੀਆਂ ਵੀ ਮਾਈ ਭਾਗੋ ਦੇ ਇਤਿਹਾਸ ਤੋਂ ਉਤਸ਼ਾਹ ਲੈ ਕੇ ਅਗਵਾਈ ਦੇ ਸਕਦੀਆਂ ਹਨ। ਮਾਈ ਭਾਗੋ ਨੇ 1704 ਵਿੱਚ ਮੁਗ਼ਲਾਂ ਦੇ ਖ਼ਿਲਾਫ ਸਿੱਖ ਫੌਜੀਆਂ ਦੀ ਅਗਵਾਈ ਕੀਤੀ। ਮੈਦਾਨ-ਏ-ਜੰਗ ਵਿੱਚ ਉਸਨੇ ਦੁਸ਼ਮਣ ਦੇ ਕਈ ਜਵਾਨਾਂ ਨੂੰ ਮੌਤ ਦੇ ਘਾਟ ਉਤਾਰਿਆ। ਸਿੱਖਾਂ ਵਿੱਚ ਮਾਈ ਭਾਗੋ ਦਾ ਨਾਂ ਬਹੁਤ ਸਤਿਕਾਰ ਨਾਲ ਲਿਆ ਜਾਂਦਾ ਹੈ।

ਮੁਗ਼ਲਾਂ ਅਤੇ ਪਹਾੜੀ ਰਾਜਾਂ ਨੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ ਸੀ ਅਤੇ ਇਸਨੂੰ ਖ਼ਾਲੀ ਕਰਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਐਲਾਨ ਕੀਤਾ ਸੀ ਕਿ ਜੋ ਸਿੱਖ ਇਹ ਕਹੇਗਾ ਕਿ 'ਉਹ ਹੁਣ ਗੁਰੂ ਗੋਬਿੰਦ ਸਿੰਘ ਦਾ ਸਿੱਖ ਨਹੀਂ' ਨੂੰ ਕੁਝ ਨਹੀਂ ਕਿਹਾ ਜਾਏਗਾ ਜਦਕਿ ਬਾਕੀਆਂ ਨੂੰ ਜਾਨੋਂ ਮਾਰ ਦਿੱਤਾ ਜਾਏਗਾ। ਗੁਰੂ ਗੋਬਿੰਦ ਸਿੰਘ ਦੇ 40 ਮੁਕਤਿਆਂ ਨੇ ਕਿਹਾ ਕਿ ਉਹ ਹੁਣ ਗੁਰੂ ਦੇ ਸਿੱਖ ਨਹੀਂ ਹਨ। ਮਾਈ ਭਾਗੋ ਨੂੰ ਇਹ ਸੁਣ ਕੇ ਬੜੀ ਮਾਯੂਸੀ ਹੋਈ ਕਿ ਗੁਰੂ ਗੋਬਿੰਦ ਸਿੰਘ ਲਈ ਲੜਨ ਵਾਸਤੇ ਜਿਹੜੇ ਸਿੱਖ ਅਨੰਦਪੁਰ ਸਾਹਿਬ ਗਏ ਸਨ ਉਨ੍ਹਾਂ ਨੇ ਵਿਪਦਾ ਦੇ ਸਮੇਂ ਗੁਰੂ ਦਾ ਸਾਥ ਛੱਡ ਦਿੱਤਾ ਹੈ। ਮਾਈ ਭਾਗੋ ਦੇ ਤਾਅਨੇ ਸੁਣ ਕੇ ਗੁਰੂ ਤੋਂ ਬੇਮੁਖ ਹੋਏ ਇਨ੍ਹਾਂ ਸਿੱਖਾਂ ਨੂੰ ਸ਼ਰਮਿੰਦਗੀ ਹੋਈ। ਮਾਈ ਭਾਗੋ ਨੇ ਉਨ੍ਹਾਂ ਨੂੰ ਗੁਰੂ ਕੋਲੋਂ ਮਾਫੀ ਮੰਗਣ ਲਈ ਮਨਾ ਲਿਆ।

ਚਮਕੌਰ ਸਾਹਿਬ ਦੀ ਲੜਾਈ ਤੋਂ ਬਾਅਦ ਮਾਈ ਭਾਗੋ ਗੁਰੂ ਗੋਬਿੰਦ ਸਿੰਘ ਦੇ ਨਾਲ ਮਰਦਾਵੇਂ ਲਿਬਾਸ ਵਿੱਚ ਉਨ੍ਹਾਂ ਦੀ ਅੰਗ-ਰੱਖਿਅਕ ਬਣ ਕੇ ਰਹੀ। 1708 ਵਿੱਚ ਨੰਦੇੜ ਵਿਖੇ ਗੁਰੂ ਗੋਬਿੰਦ ਸਿੰਘ ਦੀ ਮੌਤ ਤੋਂ ਬਾਅਦ ਉਹ ਉਥੋਂ ਚਲੀ ਗਈ ਤੇ ਕਰਨਾਟਕ ਵਿੱਚ ਬਿਦਰ ਤੋਂ 11 ਕਿਲੋਮੀਟਰ ਦੂਰ ਜਿਨਵਾੜਾ ਵਿਖੇ ਰਹਿਣ ਲੱਗ ਪਈ। ਜਿਨਵਾੜਾ ਵਿੱਚ ਉਸਦੀ ਕੁਟੀਆ ਨੂੰ ਹੁਣ ਗੁਰਦੁਆਰਾ ਬਣਾ ਦਿੱਤਾ ਗਿਆ ਹੈ ਜਿਸ ਦਾ ਨਾਂ ਹੈ 'ਤਪ ਅਸਥਾਨ ਮਾਈ ਭਾਗੋ।'


# ਹਰਿਮੰਦਰ ਸਾ

**ਪੰਜਾਬ ਦੇ ਸ਼ਾਸਕ ਮਹਾਰਾਜਾ ਰਣਜੀਤ ਸਿੰਘ ਆਪਣੇ ਸਭ ਤੋਂ ਵੱਧ ਵਿਸ਼ਵਾਸ**
**ਭਾਈ ਗੁਰਮੁਖ ਸਿੰਘ ਦੁਆਰਾ ਕੀਤਾ ਜਾ**



# ਹਬ, ਅੰਮ੍ਰਿਤਸਰ

ੰਗ ਅਧਿਆਤਮਕ ਸਲਾਹਕਾਰ ਭਾਈ ਰਾਮ ਸਿੰਘ ਦੇ ਨਾਲ ਬੁੰਗਾ ਸਰਕਾਰ ਵਿਖੇ
ਰਿਹਾ ਗ੍ਰੰਥ ਸਾਹਿਬ ਦਾ ਪਾਠ ਸੁਣਦੇ ਹੋਏ।




ਪੰਜਾਬ ਵਿਰਾਸਤ ਚੈਰੀਟੇਬਲ ਟਰੱਸਟ (ਰਜਿ.) ਦੀਆਂ ਦੁਰਲੱਭ ਪੇਂਟਿੰਗਾਂ ਵਿੱਚੋਂ

ਬਲੀਦਾਨ

# ਸ਼ਹਾਦਤ ਦਾ ਸੰਦਰਭ
# ਸ੍ਰੀ ਗੁਰੂ ਅਰਜਨ ਦੇਵ ਜੀ

*ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ 30 ਮਈ 1606 ਨੂੰ ਦਿੱਤੀ ਗਈ ਸ਼ਹਾਦਤ ਬਹੁਤ ਵੱਡੀ ਇਤਿਹਾਸਕ ਘਟਨਾ ਸੀ ਜੋ ਮੁਗ਼ਲਾਂ ਦੁਆਰਾ ਕੀਤੇ ਗਏ ਜ਼ੁਲਮ ਦੇ ਵਿਰੁੱਧ ਸਹਿਣਸ਼ੀਲਤਾ ਦੀ ਜਿੱਤ ਦਾ ਪ੍ਰਤੀਕ ਸੀ। ਇਸ ਸ਼ਹਾਦਤ ਨੇ ਮੁਗ਼ਲ ਸਾਮਰਾਜ ਦੇ ਖ਼ਿਲਾਫ਼ ਜ਼ਬਰਦਸਤ ਘਿਰਣਾ ਵੀ ਪੈਦਾ ਕਰ ਦਿੱਤੀ। ਇਹ ਉਹ ਘਟਨਾ ਸੀ ਜਿਸ ਨੇ ਮੀਰੀ ਤੇ ਪੀਰੀ ਵਰਗੀ ਧਾਰਨਾ ਨੂੰ ਜਨਮ ਦਿੱਤਾ ਜਿਸ ਨਾਲ ਅੱਗੋਂ ਸਿੱਖ ਸਿਰਫ਼ ਸੰਤਾਂ ਵਾਂਗ ਹੀ ਨਹੀਂ ਸਗੋਂ ਸਿਪਾਹੀਆਂ ਵਾਂਗ ਵੀ ਉਭਰ ਕੇ ਸਾਹਮਣੇ ਆਏ। ਇਸ ਨਾਲ ਇਸ ਕੁਰਬਾਨੀ ਦੀ ਮਹੱਤਤਾ ਵਧੀ। ਜਿਹੜੀਆਂ ਸਦਾਚਾਰਕ ਕੀਮਤਾਂ 'ਤੇ ਪਹਿਰਾ ਦਿੰਦਿਆਂ ਗੁਰੂ ਸਾਹਿਬ ਨੇ ਬਲੀਦਾਨ ਦਿੱਤਾ, ਉਨ੍ਹਾਂ ਦੇ ਮੱਦੇ-ਨਜ਼ਰ ਅੱਜ ਵੀ ਗੁਰੂ ਜੀ ਦੀ ਸ਼ਹਾਦਤ ਦੀ ਮਹੱਤਤਾ ਜਿਉਂ ਦੀ ਤਿਉਂ ਬਰਕਰਾਰ ਹੈ।*




ਰੂਪ ਸਿੰਘ

ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਪਹਿਲੇ ਗੁਰੂ ਵਿਅਕਤੀ ਹਨ ਜਿਨ੍ਹਾਂ ਨੂੰ 'ਗੁਰਮਤਿ' ਵਿਰਾਸਤ ਵਿੱਚ ਪ੍ਰਾਪਤ ਹੋਈ। ਜੇਕਰ ਅਸੀਂ ਇਹ ਕਹਿ ਲਈਏ ਕਿ (ਗੁਰੂ) ਅਰਜਨ ਦੇਵ ਜੀ ਨੂੰ ਗੁੜ੍ਹਤੀ ਹੀ 'ਗੁਰਮਤਿ' ਦੀ ਮਿਲੀ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ। ਦਾਦਕੇ-ਨਾਨਕੇ ਗੁਰਮਤਿ ਦੀਆਂ ਟਕਸਾਲਾਂ ਸਨ, ਜਿਨ੍ਹਾਂ ਦਰਮਿਆਨ (ਗੁਰੂ) ਅਰਜਨ ਦੇਵ ਜੀ ਦੀ ਸ਼ਖ਼ਸੀਅਤ ਘੜੀ ਗਈ। ਲਗਭਗ ਗਿਆਰਾਂ ਸਾਲ 'ਗੁਰਮਤਿ' ਦੀ ਖਾਲਸ ਖੁਰਾਕ ਆਪ ਜੀ ਨੂੰ ਆਪਣੇ ਸਤਿਕਾਰ ਯੋਗ ਨਾਨਾ ਗੁਰੂ ਅਮਰਦਾਸ ਜੀ ਪਾਸੋਂ ਪ੍ਰਾਪਤ ਹੁੰਦੀ ਰਹੀ। ਇਸ ਸਮੇਂ ਦੌਰਾਨ ਹੀ (ਗੁਰੂ) ਅਰਜਨ ਦੇਵ ਜੀ ਗੁਰਬਾਣੀ ਤੇ ਗੁਰੂ-ਘਰ ਪ੍ਰਤੀ ਆਪਣਾ ਸਤਿਕਾਰ ਤੇ ਨਿਸ਼ਠਾ ਸੁਭਾਵਕ ਹੀ ਪ੍ਰਗਟਾਅ ਚੁੱਕੇ ਸਨ। ਇਹੀ ਕਾਰਨ ਸੀ ਕਿ ਗੁਰੂ ਅਮਰਦਾਸ ਜੀ ਨੇ 'ਦੋਹਿਤਾ ਬਾਣੀ ਦਾ ਬੋਹਿਥਾ' ਹੋਣ ਦੀ ਅਸ਼ੀਰਵਾਦ ਦਿੱਤੀ।

ਸਤਿਗੁਰ ਰਾਮਦਾਸ ਜੀ ਨੇ ਆਪਣੇ ਜੀਵਨ-ਪੰਧ ਦੀ ਆਖਰੀ ਮੰਜ਼ਿਲ 'ਤੇ ਗੁਰਿਆਈ ਲਈ (ਗੁਰੂ) ਅਰਜਨ ਦੇਵ ਜੀ ਨੂੰ ਹੀ ਚੁਣਿਆ ਜਿਨ੍ਹਾਂ ਵੱਲ ਤੀਸਰੇ ਪਾਤਸ਼ਾਹ ਪਹਿਲਾਂ ਹੀ ਸੰਕੇਤ ਕਰ ਚੁੱਕੇ ਸਨ। ਸ੍ਰੀ ਗੁਰੂ ਰਾਮਦਾਸ ਜੀ ਨੇ (ਗੁਰੂ) ਅਰਜਨ ਦੇਵ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪ ਕੇ ਸਭ ਤੋਂ ਪਹਿਲਾਂ ਆਪ ਜੀ ਨੇ ਗੁਰੂ ਅਰਜਨ ਦੇਵ ਜੀ ਨੂੰ ਮੱਥਾ ਟੇਕਿਆ।

ਗੁਰੂ ਅਰਜਨ ਦੇਵ ਜੀ ਦੀ ਅਜਿਹੀ ਮਹਾਨ ਪ੍ਰਤਿਭਾ ਨੂੰ ਭੱਟ ਕਵੀਆਂ ਤੇ ਗੁਰਬਾਣੀ ਦੇ ਪ੍ਰਥਮ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਆਪਣੇ-ਆਪਣੇ ਨਜ਼ਰੀਏ ਤੋਂ ਪ੍ਰਗਟਾਉਣ ਦਾ ਯਤਨ ਕੀਤਾ ਹੈ। ਜਦ ਭੱਟ ਕਵੀਆਂ ਨੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਪਾਸੋਂ ਗੁਰੂ ਅਰਜਨ ਸਾਹਿਬ ਜੀ ਦੀ ਉਸਤਤ ਸੁਣੀ ਤਾਂ ਉਹਨਾਂ ਅੰਦਾਜ਼ਾ ਲਗਾਇਆ ਕਿ ਗੁਰੂ ਅਰਜਨ ਸਾਹਿਬ ਬਿਰਧ ਅਵਸਥਾ ਨੂੰ ਪਹੁੰਚੇ ਹੋਣਗੇ ਪਰ ਭੱਟ ਕਵੀ ਗੁਰੂ ਜੀ ਦੇ ਦਰਸ਼ਨ ਕਰਕੇ ਜਿੱਥੇ ਨਿਹਾਲ ਹੋਏ



ਉਥੇ ਹੈਰਾਨ ਵੀ ਕਿ 18 ਸਾਲ ਦੇ ਗੱਭਰੂ ਗ੍ਰਿਹਸਥੀ ਲਿਬਾਸ ਵਿਚ ਅਧਿਆਤਮਕਤਾ ਦੀ ਪ੍ਰੌੜ ਅਵਸਥਾ ਨੂੰ ਪਹੁੰਚਿਆ ਹੋਇਆ ਹੈ। ਕੁਝ ਸਮਾਂ ਇਨ੍ਹਾਂ ਭੱਟ ਕਵੀਆਂ ਨੇ ਗੁਰੂ ਅਰਜਨ ਸਾਹਿਬ ਪਾਸ ਠਹਿਰ ਕੇ ਗੁਰੂ ਜੀ ਦੀ ਸ਼ਖ਼ਸੀਅਤ ਨੂੰ ਨੇੜਿਓਂ ਹੋ ਕੇ ਨਿਰਖਿਆ-ਪਰਖਿਆ। ਅੰਤ ਤ੍ਰਿਪਤੀ ਪ੍ਰਾਪਤ ਕਰਕੇ ਨਿਹਾਲ ਹੋਏ। ਇਨ੍ਹਾਂ ਹੀ ਭੱਟ ਕਵੀਆਂ ਨੇ ਸਭ ਕੁਝ ਵੇਖ ਕੇ ਜਾਂਚ ਕੇ, ਗੁਰੂ ਅਰਜਨ ਸਾਹਿਬ ਤੇ ਹੋਰ ਗੁਰੂ ਸਾਹਿਬਾਨ ਜੀ ਦੀ ਉਸਤਤਿ ਵਿੱਚ ਸਵੱਈਏ ਰਚੇ ਜਿਨ੍ਹਾਂ ਨੂੰ ਗੁਰੂ ਅਰਜਨ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਪ੍ਰਮਾਣਿਕਤਾ ਅਤੇ ਅਮਰਤਾ ਬਖਸ਼ੀ। ਭੱਟ ਕਵੀਆਂ ਵਿੱਚੋਂ ਮਥਰਾ ਭੱਟ ਗੁਰੂ ਅਰਜਨ ਸਾਹਿਬ ਜੀ ਦੀ ਸ਼ਖ਼ਸੀਅਤ ਨੂੰ ਹੋਰ ਹਰੀ ਦੀ ਉਪਮਾ ਦਿੰਦਾ ਹੈ:

ਭਨਿ ਮਥੁਰਾ ਕਛੁ ਭੇਦੁ ਨਹੀ, ਗੁਰੁ ਅਰਜੁਨੁ ਪਰਤਖ੍ਹ ਹਰਿ ॥

ਪ੍ਰਭੂ ਤੇ ਉਸ ਦੇ ਪਿਆਰਿਆਂ ਦੇ ਸਰੂਪ ਦੀ ਸਮਾਨਤਾ ਨੂੰ ਪ੍ਰਗਟ ਕਰਦੇ ਅਨੇਕਾਂ ਪ੍ਰਮਾਣ ਗੁਰਬਾਣੀ ਵਿੱਚੋਂ ਪ੍ਰਾਪਤ ਹੋ ਜਾਂਦੇ ਹਨ। ਜਿਵੇਂ ਆਦਿ ਗੁਰੂ, ਗੁਰੂ ਨਾਨਕ ਸਾਹਿਬ ਓਅੰਕਾਰ ਨਾਮ ਦੀ ਬਾਣੀ ਵਿਚ ਇਸ ਪ੍ਰਥਾਇ ਕਥਨ ਕਰਦੇ ਹਨ:

ਜਿਨਿ ਜਾਤਾ, ਸੋ ਤਿਸ ਹੀ ਜੇਹਾ ॥
ਅਤਿ ਨਿਰਮਾਇਲੁ ਸੀਝਸਿ ਦੇਹਾ ॥

ਭਾਵ ਜੋ ਹਰੀ ਪਰਮਾਤਮਾ ਨੂੰ ਜਾਣ ਲੈਂਦਾ ਹੈ, ਉਹ ਵੀ ਪਰਮਾਤਮਾ ਵਰਗਾ ਹੀ ਹੋ ਨਿਬੜਦਾ ਹੈ ਅਤੇ ਉਸ ਦੀ ਕਾਇਆਂ ਵੀ ਸੰਸਾਰ ਦੀ ਵਿਸ਼ੇ-ਵਿਕਾਰਾਂ ਰੂਪੀ ਮੈਲ ਤੋਂ ਸੁਤੰਤਰ ਹੋ ਜਾਂਦੀ ਹੈ।

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵੀ ਇਸ ਵਿਚਾਰ ਨੂੰ ਸਵੀਕਾਰ ਕਰਦਿਆਂ ਹੋਇਆਂ ਪ੍ਰੋੜਤਾ ਕਰਦੇ ਹਨ:

ਨਾਨਕ ਹਰਿ ਜਨ ਹਰਿ ਇਕੇ ਹੋਏ
ਹਰਿ ਜਪ, ਹਰਿ ਸੇਤੀ ਰਲਿਆ ॥

ਭਾਵ ਕਿ ਹਰੀ ਦੇ ਪਿਆਰੇ 'ਹਰੀ' ਦਾ ਜਾਪ ਕਰਕੇ 'ਹਰੀ' ਨਾਲ ਇਕ-ਮਿਕ ਹੋ ਗਏ। ਪੰਚਮ ਪਾਤਸ਼ਾਹ ਗੁਰੂ ਅਰਜਨ ਸਾਹਿਬ ਵੀ ਇੰਜ ਹਰੀ ਦੇ ਸੇਵਕ ਦੀ ਸਮਰੂਪਤਾ ਨੂੰ ਦਰਸਾਉਂਦੇ ਹਨ:

ਹਰਿ ਕਾ ਸੇਵਕੁ, ਸੋ ਹਰਿ ਜੇਹਾ ॥
ਭੇਦੁ ਨ ਜਾਣਹੁ ਮਾਣਸ ਦੇਹਾ ॥

ਜੇਕਰ ਇਨ੍ਹਾਂ ਵਿਚਾਰਾਂ ਨੂੰ ਸ਼ਾਬਦਿਕ ਅਰਥਾਂ

ਦੇ ਸੰਦਰਭ ਵਿਚ ਰੱਖ ਕੇ ਵਿਚਾਰੀਏ ਤਾਂ ਸਾਨੂੰ ਇਹ ਵਿਚਾਰ ਗੁਰਮਤਿ ਅਨੁਸਾਰੀ ਨਹੀਂ ਜਾਪਦੇ ਕਿਉਂਕਿ ਗੁਰਬਾਣੀ ਵਿੱਚ ਆਪ ਗੁਰਦੇਵ ਫੁਰਮਾਉਂਦੇ ਹਨ ਕਿ ਰੱਬ ਜਨਮ-ਮਰਨ ਤੋਂ ਰਹਿਤ ਹੈ। ਨਾ ਰੱਬ ਆਉਂਦਾ ਹੈ ਤੇ ਨਾ ਜਾਂਦਾ ਹੈ:

ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥

ਗੁਰੂ ਅਰਜਨ ਸਾਹਿਬ ਵੀ ਇਸ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਦਰਸਾਉਂਦੇ ਹਨ:

ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਅਵਾਹੀ ॥

ਅਸਲ ਵਿੱਚ ਗੁਰਮਤਿ ਵਿਚਾਰਧਾਰਾ ਦਾ ਆਰੰਭ ਹੀ ਇਸ ਸਿਧਾਂਤ ਤੋਂ ਹੁੰਦਾ ਹੈ ਕਿ ਪ੍ਰਮਾਤਮਾ ਇਕ ਹੈ ਤੇ ਜਨਮ-ਮਰਨ ਤੋਂ ਰਹਿਤ ਹੈ। ਇਹ ਸਿਧਾਂਤ ਪਰਮਾਤਮਾ ਨੂੰ ਜਨਮ ਮਰਨ ਤੋਂ ਬਾਹਰ ਮੰਨਦਾ ਹੈ:

ਅਮਰੁ ਅਜੋਨੀ ਜਾਤਿ ਨਾ ਜਾਲਾ ॥

ਇਸ ਵਿਚਾਰ ਚਰਚਾ ਵਿੱਚ ਸਾਨੂੰ ਵਿਰੋਧ ਭਾਸਦਾ ਹੈ ਪਰ ਅਸਲ ਵਿੱਚ ਹੈ ਨਹੀਂ ਕਿਉਂਕਿ ਜਦ ਕਿਸੇ ਨੂੰ ਕਿਸੇ ਸਰੇਸ਼ਟ ਵਸਤੂ ਨਾਲ ਉਪਮਾ ਦਿੱਤੀ ਜਾਂਦੀ ਹੈ ਤਾਂ ਉਪਮਾ ਤੇ ਉਪਮਾ ਦਾ ਪਾਤਰ ਦੋ ਵੱਖ-ਵੱਖ ਵਸਤੂਆਂ ਹੁੰਦੀਆਂ ਹਨ। ਅਸੀਂ ਇਕ ਵਸਤੂ ਨੂੰ ਦੂਸਰੀ 'ਵਰਗੀ ' ਤਾਂ ਕਹਿ ਸਕਦੇ ਹਾਂ ਪਰ 'ਵਰਗੀ ' ਬਿਲਕੁਲ ਪਹਿਲੇ ਦੇ ਸਮਾਨ ਨਹੀਂ ਹੋ ਸਕਦੀ। ਕੁਝ ਇਕ ਗੁਣਾਂ ਦੀ ਸਮਾਨਤਾ ਤਾਂ ਹੋ ਸਕਦੀ ਹੈ।

ਇਨ੍ਹਾਂ ਵਿਚਾਰਾਂ ਵਿੱਚ 'ਜੋਤਿ' ਦੀ ਸਮਾਨਤਾ ਹੈ ਜਿਸ ਨੂੰ ਗੁਰਬਾਣੀ ਸਵੀਕਾਰਦੀ ਹੈ। 'ਜੋਤਿ' ਦੀ ਨਿਰੰਤਰਤਾ ਬਾਰੇ ਭਾਈ ਗੁਰਦਾਸ ਜੀ ਵੀ ਕਥਨ ਕਰਦੇ ਹੋਏ ਦਰਸਾਉਂਦੇ ਹਨ ਕਿ ਗੁਰੂ ਨਾਨਕ ਸਾਹਿਬ ਦੀ ਜੋਤਿ ਦੂਸਰੇ ਗੁਰੂ ਸਾਹਿਬਾਨ ਵਿਚ ਪ੍ਰਵੇਸ਼ ਕਰਦੀ ਰਹੀ:

ਜੋਤਿ ਸਮਾਣੀ ਜੋਤਿ ਵਿਚ ਗੁਰਮਤਿ ਸੁਖ ਦੁਰਮਤਿ ਸੁਖ ਦਹਣਾ....

ਜੋਤੀ ਜੋਤਿ ਜਗਾਈਨੁ ਦੀਏ ਤੇ ਜਿਉ ਦੀਵਾ ਬਲਿਆ....

ਗੁਰੁ ਗੋਬਿੰਦੁ ਸਿੰਘ ਗੁਰੁ ਜੋਤਿ ਇਕ ਦੁਇ ਨਾਵ ਧਰਾਇਆ ॥

ਮਥਰਾ ਭੱਟ ਵੀ ਗੁਰੂ ਅਰਜਨ ਸਾਹਿਬ ਵਿਚ 'ਰੱਬੀ' ਜੋਤਿ ਦੇ ਦਰਸ਼ਨ ਕਰਦਾ ਹੋਇਆ ਗੁਰੁ ਅਰਜਨੁ ਪਰਤਖੁ ਹਰਿ-ਕਹਿ ਕੇ ਗੁਰੂ ਜੋਤਿ ਦੀ ਨਿਰੰਤਰਤਾ ਨੂੰ ਸਵੀਕਾਰਦਾ ਤੇ ਵਡਿਆਉਂਦਾ ਹੈ ਜੋ ਕਿ ਗੁਰਮਤਿ ਅਨੁਸਾਰ ਹੈ। ਗੁਰਮਤਿ 'ਚ 'ਜੋਤਿ' ਦੀ ਮਹਾਨਤਾ ਹੈ, ਕਾਇਆ ਦੀ ਨਹੀਂ ਤੇ ਨਾ ਹੀ ਪ੍ਰਭੂ ਆਪਣਾ ਪ੍ਰਗਟਾ ਕਾਇਆ ਰਾਹੀਂ ਕਰਦਾ ਹੈ ਸਗੋਂ ' ਜੋਤਿ' ਰੂਪ ਵਿੱਚ ਹੀ ਸੰਸਾਰ ਦਾ ਉਧਾਰ ਕਰਨ ਵਾਸਤੇ ਕਿਸ 'ਸ਼ਕਤੀ' ਨੂੰ ਭੇਜਦਾ ਹੈ। ਅਜਿਹੀ ਸ਼ਕਤੀ ਤੋਂ ਹੀ ਭਾਈ ਗੁਰਦਾਸ ਜੀ ਕੁਰਬਾਨ ਜਾਣ ਦੀ ਗੱਲ ਕਰਦੇ ਹਨ। ■

*ਡਾਇਰੈਕਟਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।*



# ਨਵੀਂ ਸੋਚ, ਨਵਾਂ ਦੌਰ

**ਅਸ਼ੋਕ ਸ਼ਰਮਾ**

ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਕੀਤੇ ਗਏ ਦੋ ਉਦਮ ਵਿਸ਼ੇਸ਼ ਜ਼ਿਕਰ ਦੀ ਮੰਗ ਕਰਦੇ ਹਨ। ਪਹਿਲਾ ਇਹ ਕਿ ਉਨ੍ਹਾਂ ਆਪਣੀ ਅਤੇ ਆਪਣੇ ਤੋਂ ਪਹਿਲੇ ਗੁਰੂਆਂ ਦੀ ਬਾਣੀ ਨੂੰ ਇਕ ਥਾਂ ਕਰਕੇ ਇਕ ਗ੍ਰੰਥ ਦਾ ਰੂਪ ਦਿੱਤਾ। ਇਸ ਵਿੱਚ ਵੇਲੇ ਦੇ ਸੰਤਾਂ-ਭਗਤਾਂ ਦੀ ਬਾਣੀ ਵੀ ਸ਼ਾਮਲ ਕੀਤੀ ਤੇ ਇਸ ਦਾ ਲੋੜ ਅਨੁਸਾਰ ਸੰਪਾਦਨ ਵੀ ਕੀਤਾ। ਉਹਨਾਂ ਨੇ ਭਾਈ ਗੁਰਦਾਸ, ਜਿਨ੍ਹਾਂ ਦੀ ਉਹ ਇਕ ਵਿਦਵਾਨ ਵਜੋਂ ਬਹੁਤ ਕਦਰ ਕਰਦੇ ਸਨ, ਨੂੰ ਇਸ ਕੰਮ ਵਿੱਚ ਆਪਣੇ ਨਾਲ ਲਗਾਇਆ। ਗੁਰੂ ਅਰਜਨ ਦੇਵ ਜੀ ਜਿਵੇਂ ਜਿਵੇਂ ਉਨ੍ਹਾਂ ਨੂੰ ਲਿਖਵਾਈ ਗਏ, ਤਿਵੇਂ ਤਿਵੇਂ ਭਾਈ ਗੁਰਦਾਸ ਲਿਖੀ ਗਏ ਤੇ 1604 ਈਸਵੀ ਵਿੱਚ 'ਆਦਿ ਗ੍ਰੰਥ' ਮੁਕੰਮਲ ਕਰ ਲਿਆ।

ਉਨ੍ਹਾਂ ਵੱਲੋਂ ਕੀਤਾ ਗਿਆ ਦੂਜਾ ਮਹੱਤਵਪੂਰਨ ਕੰਮ ਅੰਮ੍ਰਿਤਸਰ ਸ਼ਹਿਰ ਨੂੰ ਇਕ ਵਪਾਰਕ ਕੇਂਦਰ ਵਜੋਂ ਵਿਕਸਤ ਕਰਨਾ ਸੀ। ਅਜਿਹਾ ਕਰਨ ਨਾਲ ਦੂਜੇ ਮੁਲਕਾਂ ਨਾਲ ਵਪਾਰਕ ਸਬੰਧ ਬਣਨ ਦੀ ਸੰਭਾਵਨਾ ਵਧੀ। ਨਤੀਜੇ ਵਜੋਂ ਸਿੱਖਾਂ ਨੂੰ ਵਧੀਆ ਘੋੜੇ ਖ਼ਰੀਦਣ ਲਈ ਸੈਂਟ੍ਰਲ ਏਸ਼ੀਆ ਤੇ ਅਫ਼ਗਾਨਿਸਤਾਨ ਭੇਜਿਆ ਗਿਆ। ਘੋੜਿਆਂ ਦੇ ਇਸ ਵਪਾਰ ਨੇ ਸਿੱਖਾਂ ਅੰਦਰ ਘੋੜ-ਸਵਾਰੀ ਦਾ ਸ਼ੌਕ ਵੀ ਜਗਾ ਦਿੱਤਾ।

ਉਨ੍ਹਾਂ ਦੇ ਰੌਸ਼ਨ ਦਿਮਾਗ਼ ਤੇ ਨਵੀਂ ਸੋਚ ਨੇ ਲੋਕਾਂ ਵਿੱਚ ਉਨ੍ਹਾਂ ਦੀ ਸ਼ਖ਼ਸੀਅਤ ਦਾ ਪ੍ਰਭਾਵ ਵਧਾ ਦਿੱਤਾ ਜਿਸ ਕਾਰਨ ਕਾਫ਼ੀ ਗਿਣਤੀ ਵਿੱਚ ਮੁਸਲਮਾਨ ਉਨ੍ਹਾਂ ਦੀ ਸ਼ਰਨ ਵਿੱਚ ਆਉਣ ਲੱਗੇ। ਇਹ ਗੱਲ ਜਹਾਂਗੀਰ ਨੂੰ ਰੜਕਣ ਲੱਗ ਪਈ ਤੇ ਉਸ ਨੇ ਗੁਰੂ ਅਰਜਨ ਦੇਵ ਜੀ ਨੂੰ ਕਿਹਾ ਕਿ ਉਹ ਹਜ਼ਰਤ ਮੁਹੰਮਦ ਦੀ ਉਸਤਤ ਸ਼ਾਮਲ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੂਲ ਪਾਠ ਵਿੱਚ ਤਬਦੀਲੀ ਕਰਨ। ਗੁਰੂ ਜੀ ਨੇ ਅਜਿਹਾ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ। ਇਸ ਤੋਂ ਇਲਾਵਾ ਬੇਇਨਸਾਫ਼ੀ ਦਾ ਸ਼ਿਕਾਰ ਹੋਏ ਜਹਾਂਗੀਰ ਦੇ ਬੇਟੇ ਖ਼ੁਸਰੋ ਨੂੰ ਗੁਰੂ ਜੀ ਵੱਲੋਂ ਦਿੱਤੇ ਗਏ ਆਸ਼ੀਰਵਾਦ ਨੇ ਅੱਗ 'ਤੇ ਘਿਉ ਦਾ ਕੰਮ ਕੀਤਾ। ਇਸੇ ਦੌਰਾਨ ਚੰਦੂ, ਜਿਹੜਾ ਕਿ ਜਹਾਂਗੀਰ ਦਾ ਦੀਵਾਨ ਸੀ, ਨੂੰ ਗੁਰੂ ਜੀ ਨਾਲ ਆਪਣੀ ਰੰਜਿਸ਼ ਕਾਰਨ ਕਈ ਤਰ੍ਹਾਂ ਦੀਆਂ ਝੂਠੀਆਂ ਕਹਾਣੀਆਂ ਘੜ ਕੇ ਗੁਰੂ ਜੀ ਦੇ ਖ਼ਿਲਾਫ਼ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਇਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਜੀ ਨੂੰ 'ਸਬਕ' ਸਿਖਾਉਣ ਦਾ ਕੰਮ ਜਹਾਂਗੀਰ ਨੇ ਚੰਦੂ ਦੀਵਾਨ ਨੂੰ ਹੀ ਸੌਂਪ ਦਿੱਤਾ। ਗੁਰੂ ਜੀ ਨੂੰ ਜੂਨ ਮਹੀਨੇ ਦੀ ਕੜਕ ਗਰਮੀ ਵਿੱਚ ਲਗਾਤਾਰ ਪੰਜ ਦਿਨ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਤੱਤੀ ਤਵੀ 'ਤੇ ਬਿਠਾ ਕੇ ਉਪਰੋਂ ਗਰਮ ਰੇਤਾ ਉਨ੍ਹਾਂ ਦੇ ਸੀਸ 'ਤੇ ਪਾਇਆ ਗਿਆ। ਇਸ ਤੋਂ ਪਿੱਛੋਂ ਉਨ੍ਹਾਂ ਨੂੰ ਉਬਲਦੇ ਪਾਣੀ ਦੀ ਦੇਗ ਵਿੱਚ ਬਿਠਾਇਆ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੇ 'ਤੇਰਾ ਕੀਆ ਮੀਠਾ ਲਾਗੈ...' ਕਹਿ ਕੇ ਤਸੀਹੇ ਝੱਲੇ ਪਰ 'ਸੀ' ਨਾ ਕੀਤੀ। ਇੰਜ ਉਹ ਇਤਿਹਾਸ ਵਿੱਚ ਬੇਮਿਸਾਲ ਕੁਰਬਾਨੀ ਦੇ ਪੁੰਜ ਬਣ ਗਏ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣੇ ਸਪੁੱਤਰ ਹਰਿਗੋਬਿੰਦ ਨੂੰ ਭੇਜੇ ਇਕ ਸੰਦੇਸ਼ ਰਾਹੀਂ ਹੁਕਮ ਕੀਤਾ ਸੀ ਕਿ ਉਹ ਸ਼ਸਤਰਧਾਰੀ ਬਣ ਕੇ ਗੁਰਗੱਦੀ 'ਤੇ ਬੈਠ ਜਾਣ ਅਤੇ ਅੱਤਿਆਚਾਰੀ ਮੁਗ਼ਲਾਂ ਦੇ ਖ਼ਿਲਾਫ਼ ਫ਼ੌਜ ਖੜੀ ਕਰਨ। ਗੁਰੂ ਹਰਿਗੋਬਿੰਦ ਨੇ ਇੰਜ ਹੀ ਕੀਤਾ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਯੋਧਿਆਂ ਦੀ ਤਰ੍ਹਾਂ ਤਿਆਰ ਕਰਕੇ ਬਾਕਾਇਦਾ ਫ਼ੌਜ ਖੜੀ ਕਰ ਦਿੱਤੀ। ਅੰਮ੍ਰਿਤਸਰ 'ਚ ਲੋਹਗੜ੍ਹ ਦਾ ਕਿਲ੍ਹਾ ਵੀ ਬਣਵਾਇਆ। ਉਨ੍ਹਾਂ ਨੇ ਆਪਣੇ ਸਮੇਂ ਵਿੱਚ ਲੜਾਈਆਂ ਲੜੀਆਂ ਤੇ ਜਿੱਤ ਹਾਸਲ ਕੀਤੀ। ਇੰਜ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੇ ਨਾਲ ਹੀ ਕੁਰਬਾਨੀਆਂ ਦੀ ਸ਼ੁਰੂਆਤ ਹੋ ਗਈ ਸੀ ਤੇ ਇਸ ਦੇ ਨਾਲ ਹੀ ਮੁਗ਼ਲਾਂ ਦੇ ਖ਼ਿਲਾਫ਼ ਲੜਾਈ ਦਾ ਮੁੱਢ ਵੀ ਬੱਝ ਗਿਆ ਸੀ।

# ਤੇਰਾ ਤੁਝ ਕੋ ਸੌਂਪ ਕੇ...

# ਪੰਜਾਬੀਅਤ ਤੇ ਸੂਫ਼ੀ ਸੰਤ


ਡਾ. ਧਰਮ ਪਾਲ ਸਿੰਗਲ

ਇਸ ਵਿੱਚ ਕੋਈ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਬਾਬਾ ਫਰੀਦ ਤੋਂ ਸ਼ੁਰੂ ਹੋਣ ਵਾਲੀ ਸੂਫੀ ਪੰਜਾਬੀ ਕਵਿਤਾ ਸਾਡਾ ਵਡਮੁੱਲਾ ਵਿਰਸਾ ਹੈ ਅਤੇ ਸਾਹਿਤਕ ਪੰਜਾਬੀ ਦੇ ਦਰਸ਼ਨ ਸਭ ਤੋਂ ਪਹਿਲਾਂ ਇਨ੍ਹਾਂ ਸੂਫ਼ੀ ਫਕੀਰਾਂ ਦੀਆਂ ਰਚਨਾਵਾਂ ਵਿੱਚ ਹੀ ਹੁੰਦੇ ਹਨ। ਸੂਫ਼ੀ ਸੰਤਾਂ ਨੇ ਜਿੱਥੇ ਆਪਣੇ ਮੂਲ ਧਰਮ ਦਾ ਪ੍ਰਚਾਰ ਕੀਤਾ, ਉਥੇ ਧਾਰਮਿਕ ਸਹਿਣਸ਼ੀਲਤਾ, ਗੁਰੂ ਉਤੇ ਦ੍ਰਿੜ ਨਿਸ਼ਚਾ, ਭਾਈਚਾਰਕ ਏਕਤਾ ਵਰਗੀ ਪਹੁੰਚ ਨੇ ਉਸ ਵੇਲੇ ਦੇ ਭਾਰਤੀ ਸਮਾਜ ਵਿੱਚ ਉਸਾਰੂ ਸੋਚ, ਸਾਂਝੇ ਭਾਈਚਾਰੇ, ਇਨਸਾਨੀ ਦੋਸਤੀ, ਆਪਣੀ ਧਰਤੀ ਦੇ ਪਿਆਰ, ਬਰਾਬਰੀ ਤੇ ਏਕਤਾ ਦੇ ਬੀਜ ਵੀ ਬੀਜੇ। ਸੂਫ਼ੀ ਕਾਵਿ-ਧਾਰਾ ਪੰਜਾਬੀ ਸਾਹਿਤ ਦੇ ਭਗਤੀ ਕਾਲ ਦੀ ਮੁੱਖ ਕਾਵਿ-ਧਾਰਾ ਹੈ ਤੇ ਇਸ ਨੇ ਲੋਕ-ਭਾਵਨਾਵਾਂ ਦੀ ਤਰਜਮਾਨੀ ਕਰਦਿਆਂ ਪੰਜਾਬੀ ਵਿਰਸੇ ਨੂੰ ਮਜ਼ਬੂਤ ਵੀ ਕੀਤਾ ਹੈ।

ਸੂਫ਼ੀਵਾਦ ਦਾ ਮੂਲ ਹਜ਼ਰਤ ਮੁਹੰਮਦ ਸਾਹਿਬ ਅਤੇ ਉਨ੍ਹਾਂ ਵੱਲੋਂ ਚਲਾਏ ਗਏ ਇਸਲਾਮ ਵਿੱਚੋਂ ਹੀ ਲੱਭਣਾ ਬਣਦਾ ਹੈ। ਪਰ ਇਹ ਗੱਲ ਵੀ ਸੱਚ ਹੈ ਕਿ ਹਰੇਕ ਮੱਤ, ਪੰਥ, ਧਰਮ ਜਾਂ ਵਿਚਾਰਧਾਰਾ ਹੋਰ ਮੱਤਾਂ, ਪੰਥਾਂ, ਧਰਮਾਂ ਅਤੇ ਵਿਚਾਰਧਾਰਾਵਾਂ ਤੋਂ ਪ੍ਰਭਾਵ ਗ੍ਰਹਿਣ ਕਰਦੀ ਹੀ ਰਹਿੰਦੀ ਹੈ। ਇਹੋ ਗੱਲ ਸੂਫ਼ੀ ਮੱਤ ਬਾਰੇ ਵੀ ਸਹੀ ਸਾਬਤ ਹੁੰਦੀ ਹੈ। ਭਾਰਤ ਵਿੱਚ ਪ੍ਰਵੇਸ਼ ਕਰਨ 'ਤੇ ਇਸ ਦਾ ਵਾਹ ਭਾਰਤੀ ਸੱਭਿਅਤਾ ਤੇ ਸੰਸਕ੍ਰਿਤੀ, ਧਰਮ-ਸ਼ਾਸਤਰਾਂ ਨਾਲ ਪੈਣਾ ਸੁਭਾਵਿਕ ਸੀ। ਵੇਦਾਂਤ ਜੀਵਨ ਦਰਸ਼ਨ ਅਤੇ ਵੈਸ਼ਣਵ ਸਨਾਤਨ ਧਰਮ ਤੋਂ ਛੁੱਟ ਉਨ੍ਹਾਂ ਦਿਨਾਂ ਵਿੱਚ ਇਥੇ ਨਾਥਾਂ ਜੋਗੀਆਂ ਅਤੇ ਸਿੱਧ ਪੁਰਸ਼ਾਂ ਦਾ ਬੋਲਬਾਲਾ ਸੀ। ਜੈਨ ਮੱਤ ਅਤੇ ਬੁੱਧ ਮੱਤ ਦਾ ਵੀ ਡਾਢਾ ਜ਼ੋਰ ਸੀ। ਦੋਵਾਂ ਧਿਰਾਂ ਦੇ ਮੂਲ ਵਿਚਾਰਾਂ ਦਾ ਆਪੋ ਵਿੱਚ ਟਾਕਰਾ ਹੋਇਆ, ਮੇਲ-ਮਿਲਾਪ ਹੋਇਆ ਤਾਂ ਸੂਫ਼ੀ ਮੱਤ ਵੀ ਉਹ ਨਾ ਰਹਿ ਗਿਆ ਜਿੱਥੋਂ ਇਹ ਸ਼ੁਰੂ ਹੋਇਆ ਸੀ। ਇਸ ਵਿੱਚ ਭਾਰਤੀ ਅਧਿਆਤਮ ਅਤੇ ਸੰਤ ਤੇ ਨਾਥ ਮੱਤ ਦਾ ਸੰਗਮ 'ਤੇ ਪ੍ਰਭਾਵ ਹੋਣਾ ਵੀ ਸੁਭਾਵਿਕ ਸੀ। ਇਸੇ ਲਈ ਡਾ. ਮੋਹਨ ਸਿੰਘ ਦੀਵਾਨਾ ਇਸ ਨੂੰ 'ਮੁਸਲਮਾਨੀ ਸੰਤਾਂ' ਦਾ ਸੰਪ੍ਰਦਾਇ ਕਹਿਣਾ ਵਧੇਰੇ ਉਚਿਤ ਮੰਨਦੇ ਹਨ। ਇਹੋ ਗੱਲ ਸ੍ਰੀ ਪਿਆਰਾ ਸਿੰਘ ਪਦਮ ਜੀ ਵੀ ਇਹ ਆਖ ਕੇ ਸਵੀਕਾਰ ਕਰਦੇ ਹਨ: "ਸੂਫ਼ੀ ਮੱਤ ਇਸਲਾਮੀ ਸੰਤ ਮੱਤ ਹੈ ਅਤੇ ਸੂਫ਼ੀ ਵਿਚਾਰਧਾਰਾ ਰਹੱਸਵਾਦੀ ਵਿਚਾਰਧਾਰਾ ਹੈ।"

ਸੂਫ਼ੀ ਕਵੀਆਂ ਦੀ ਗਿਣਤੀ ਬਾਰੇ ਵੀ ਵਿਦਵਾਨ ਖੋਜੀਆਂ ਵਿੱਚ ਮੱਤਭੇਦ ਹੈ। ਮਿਸਾਲ ਦੇ ਤੌਰ 'ਤੇ ਡਾ. ਲਾਜਵੰਤੀ ਰਾਮਾ ਕ੍ਰਿਸ਼ਨਾ ਮਦਾਨ ਨੇ ਸੂਫ਼ੀ ਸੰਪਰਦਾਇ ਦੇ 16 ਸੂਫ਼ੀ ਸੰਤ ਕਵੀ ਪਰਵਾਨ ਕੀਤੇ ਹਨ। ਇਨ੍ਹਾਂ ਵਿੱਚੋਂ ਫਰੀਦ ਸਾਨੀ, ਮਾਧੋਲਾਲ ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁੱਲ੍ਹੇ ਸ਼ਾਹ, ਅਲੀ ਹੈਦਰ, ਫਰਦ ਫਕੀਰ, ਹਾਸ਼ਮ ਸ਼ਾਹ ਤੇ ਕਰਮਅਲੀ ਅੱਠ ਪ੍ਰਮੁੱਖ ਸੂਫ਼ੀ ਕਵੀ ਹਨ। ਕੁਝ ਘੱਟ ਮਸ਼ਹੂਰ ਕਵੀਆਂ ਵਿੱਚੋਂ ਇਨ੍ਹਾਂ ਨੇ ਕਰੀਮ ਬਖ਼ਸ਼, ਬਹਾਦਰ ਤੇ ਇਕ ਬੇਨਾਮ ਸ਼ਾਇਰ ਉਤੇ ਵੀ ਵਿਚਾਰ ਕੀਤਾ ਹੈ। ਡਾ. ਮੋਹਨ ਸਿੰਘ ਦੀਵਾਨਾ ਜੀ ਨੇ 'ਸੂਫ਼ੀਆਂ ਦਾ ਕਲਾਮ' ਪੁਸਤਕ ਵਿੱਚ ਕੁੱਲ੍ਹ ਮਿਲਾ ਕੇ 39 ਸੂਫ਼ੀ ਸੰਤ ਕਵੀਆਂ ਦਾ ਕਲਾਮ ਦਰਜ ਕੀਤਾ ਹੈ। ਉਨ੍ਹਾਂ ਨੇ ਵੀ ਕੁੱਲ੍ਹ 16 ਕਵੀਆਂ ਦੀ ਬਾਣੀ ਨੂੰ ਹੀ ਪ੍ਰਮੁੱਖਤਾ ਦਿੱਤੀ ਹੈ। ਇਹ ਹਨ: ਉਮਰ ਬਖ਼ਸ਼, ਅਲੀ ਹੈਦਰ, ਸ਼ਾਹ ਹੁਸੈਨ, ਸ਼ਾਹ ਮੁਰਾਦ, ਸ਼ੇਖ ਸ਼ਰਫ਼, ਹਾਸ਼ਮ, ਕਰਮ ਅਲੀ ਸ਼ਾਹ ਅਤੇ ਵਾਰਿਸ ਆਦਿ। ਪੂਰਾ ਯਤਨ ਕਰਨ ਪਿੱਛੋਂ ਵੀ ਡਾ. ਦੀਵਾਨਾ ਕੇਵਲ 19 ਸੂਫ਼ੀ ਸੰਤਾਂ ਦੇ ਜੀਵਨ ਤੇ ਰਚਨਾ ਬਾਰੇ ਕੁਝ ਜਾਣਕਾਰੀ ਦੇ ਸਕੇ ਹਨ। 39 ਸੂਫ਼ੀ ਸ਼ਾਇਰਾਂ ਵਿੱਚੋਂ ਅੱਧੇ ਅਜਿਹੇ ਹਨ ਜਿਨ੍ਹਾਂ ਦਾ ਕਲਾਮ ਤਾਂ ਉਨ੍ਹਾਂ ਨੇ ਦਰਜ ਕੀਤਾ ਹੈ ਪਰ ਉਨ੍ਹਾਂ ਸੂਫ਼ੀਆਂ ਦੇ ਜੀਵਨ-ਸਮਾਚਾਰ ਹਨੇਰੇ ਵਿੱਚ ਪਏ ਰਹੇ ਹਨ। 'ਚੋਣਵਾਂ ਪੰਜਾਬੀ ਸੂਫ਼ੀ ਕਲਾਮ' ਵਿੱਚ ਅਸੀਂ ( ਮੇਰੇ ਸਹਿ ਲੇਖਕ ਡਾ. ਬਲਦੇਵ ਬੱਦਣ) ਕੁੱਲ੍ਹ 19 ਸੂਫ਼ੀ ਸ਼ਾਇਰਾਂ ਦੇ ਜੀਵਨ ਇਨ੍ਹਾਂ ਦੇ ਚੋਣਵੇਂ ਕਲਾਮ ਨੂੰ ਦਰਜ ਕਰ ਸਕੇ ਹਾਂ।

ਖਿਆਲ ਰਹੇ ਕਿ ਬਹੁਤੇ ਲੇਖਕ ਕੇਵਲ ਬਾਬਾ ਫਰੀਦ, ਸ਼ਾਹ ਹੁਸੈਨ ਤੇ ਬੁੱਲ੍ਹੇ ਸ਼ਾਹ ਨੂੰ ਹੀ ਮਹਾਨ ਕਵੀ ਮੰਨ ਕੇ ਅੱਗੇ ਤੁਰ ਪੈਂਦੇ ਹਨ। ਕਾਲਕ੍ਰਮ ਅਨੁਸਾਰ ਇਹ ਸੂਫ਼ੀ ਕਵੀ ਹਨ: ਬਾਬਾ


ਬਾਬਾ ਸ਼ੇਖ਼ ਫ਼ਰੀਦ

# ਬਹੁਤ ਕੁਝ ਲਿਆ ਵੀ ਤੇ ਮੋੜਿਆ ਵੀ

**ਅਸ਼ੋਕ ਸ਼ਰਮਾ**

ਪੰਜ ਦਰਿਆਵਾਂ ਦੀ ਧਰਤੀ ਵਜੋਂ ਜਾਣੇ ਜਾਂਦੇ ਪੰਜਾਬ ਦੀ ਸਦੀਆਂ ਤੋਂ ਇਹ ਸ਼ਾਨਦਾਰ ਰਵਾਇਤ ਰਹੀ ਹੈ ਕਿ ਇਸ ਨੇ ਬਾਕੀ ਹੋਰ ਕਈ ਗੱਲਾਂ ਦੇ ਨਾਲ ਨਾਲ ਸਾਰੇ ਜਨ-ਮਾਨਸ ਦੇ ਸਾਂਝੇ ਸੱਭਿਆਚਾਰ ਨੂੰ ਵੀ ਸੰਭਾਲ ਕੇ ਰੱਖਿਆ ਹੈ। ਇਸ ਵਿੱਚ ਸੰਤਾਂ, ਗੁਰੂਆਂ ਅਤੇ ਫ਼ਕੀਰਾਂ ਦਾ ਬਹੁਤ ਯੋਗਦਾਨ ਰਿਹਾ ਹੈ। ਪੂਰੇ ਸਰੂਰ ਅਤੇ ਵਜਦ ਵਿੱਚ ਆ ਕੇ ਇਨ੍ਹਾਂ ਨੇ ਪਰਮਾਤਮਾ ਦੀ ਉਸਤਤ ਕਰਦਿਆਂ ਜੋ ਕੁਝ ਵੀ ਲਿਖਿਆ ਜਾਂ ਸੁਣਿਆ, ਉਹ ਸਾਰੇ ਪੰਜਾਬੀਆਂ ਦੀ ਸਾਂਝੀ ਤੇ ਅਣਮੁੱਲੀ ਵਿਰਾਸਤ ਬਣ ਗਿਆ।

ਬਾਬਾ ਫਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਹਾਸ਼ਮ ਸ਼ਾਹ ਤੇ ਇਨ੍ਹਾਂ ਤੋਂ ਬਾਅਦ ਵਾਲੇ ਸੂਫ਼ੀ ਫ਼ਕੀਰਾਂ ਦਾ ਸਾਰਾ ਕਲਾਮ ਇਕ ਸੂਫ਼ੀ ਕਾਵਿਧਾਰਾ ਹੀ ਹੈ। ਸਵਾਲ ਇਹ ਨਹੀਂ ਕਿ ਕੋਈ ਤਿੰਨ ਦਰਜਨ ਸੂਫੀ ਕਵੀਆਂ ਵਿੱਚੋਂ ਕਿੰਨੇ ਕੁ ਸੂਫ਼ੀ

ਲੋਕ-ਮਨਾਂ ਵਿੱਚ ਮਕਬੂਲ ਹੋਏ ਤੇ ਕਿੰਨੇ ਅਣਗੌਲੇ ਰਹਿ ਗਏ, ਸਵਾਲ ਤਾਂ ਇਹ ਹੈ ਕਿ ਲੋਕਾਂ ਨੇ ਇਨ੍ਹਾਂ ਦਾ ਪ੍ਰਭਾਵ ਕਬੂਲਿਆ। ਇੱਥੋਂ ਤੱਕ ਕਿ ਸਾਧੂ ਦਇਆ ਸਿੰਘ, ਪਾਲ ਸਿੰਘ ਆਰਿਫ਼ ਤੇ ਕਿਸ਼ਨ ਸਿੰਘ ਆਰਿਫ਼ ਵਰਗੇ ਗੈਰ-ਮੁਸਲਿਮ ਸ਼ਾਇਰਾਂ ਨੇ ਵੀ ਸੂਫੀ ਫਕੀਰਾਂ ਦਾ ਪ੍ਰਭਾਵ ਕਬੂਲ ਕੇ ਆਪਣੀਆਂ ਰਚਨਾਵਾਂ ਕੀਤੀਆਂ। ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਮੰਨੇ ਜਾਂਦੇ ਭਾਈ ਵੀਰ ਸਿੰਘ ਨੂੰ ਵੀ ਸੂਫ਼ੀ ਸ਼ਾਇਰੀ ਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਅਲੱਗ ਨਹੀਂ ਰੱਖ ਸਕੇ।

ਬਾਬਾ ਸ਼ੇਖ ਫ਼ਰੀਦ, ਜਿਨ੍ਹਾਂ ਦੇ ਸ਼ਲੋਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹਨ, ਨੇ ਪਰਮਾਤਮਾ ਅਤੇ ਇਨਸਾਨ ਦੇ ਰਿਸ਼ਤੇ ਨੂੰ ਪਤੀ-ਪਤਨੀ ਦੇ ਰੂਪ ਵਿੱਚ ਦਰਸਾਇਆ ਹੈ ਤੇ ਰੱਬ ਨਾਲ ਮਿਲਾਪ ਦਾ ਦੁਨਿਆਵੀ ਮਾਰਗ ਦੱਸਿਆ ਹੈ।

ਮਾਧੋ ਲਾਲ ਸ਼ਾਹ ਹੁਸੈਨ ਨੇ ਕਾਫ਼ੀਆਂ ਦੀ ਰਚਨਾ ਕਰਕੇ ਇਸ ਸੂਫ਼ੀ ਸ਼ਾਇਰੀ ਵਿੱਚ ਮਸਤੀ ਦਾ ਰੰਗ ਭਰ ਦਿੱਤਾ। ਅਜਿਹਾ ਕਰਦਿਆਂ ਉਨ੍ਹਾਂ ਨੇ ਪੰਜਾਬ ਦੀਆਂ ਪ੍ਰੀਤ ਕਹਾਣੀਆਂ ਹੀਰ-ਰਾਂਝਾ ਅਤੇ ਸੋਹਣੀ ਮਹੀਂਵਾਲ ਦਾ ਜ਼ਿਕਰ ਛੇੜ ਕੇ ਆਪਣੀ ਫ਼ੱਕਰ ਸ਼ਾਇਰੀ ਨੂੰ ਆਮ ਲੋਕਾਂ ਦੇ ਮੁਹਾਵਰੇ ਵਿੱਚ ਢਾਲ ਦਿੱਤਾ। ਇਵੇਂ ਹੀ ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਿੱਚ ਸਾਨੂੰ ਲੋਕ-ਜੀਵਨ ਉਲੀਕਿਆ ਮਿਲਦਾ ਹੈ। ਸੁਲਤਾਨ ਬਾਹੂ, ਜਿਨ੍ਹਾਂ ਨੇ ਆਪਣੇ ਕਲਾਮ ਵਿੱਚ "ਇਸ਼ਕ, ਅਕਲ ਤੇ ਈਮਾਨ" ਦੀਆਂ ਗੱਲਾਂ ਕੀਤੀਆਂ ਹਨ, ਦੇ ਕਾਵਿ-ਬੰਦਾਂ ਦਾ ਆਖ਼ਰੀ ਅੱਖਰ 'ਹੂ' ਉਨ੍ਹਾਂ ਦੇ ਅੰਦਰੂਨੀ ਵਜਦ ਦਾ ਪ੍ਰਮਾਣ ਹੈ ਤੇ ਲੋਕਾਂ ਦਾ ਧਿਆਨ ਖਿੱਚਦਾ ਹੈ। ਸੱਯਦ ਹਾਸ਼ਮ ਸ਼ਾਹ, ਜਿਸਦੀ ਰਚਨਾ 'ਸੱਸੀ' ਹਰ ਪੰਜਾਬੀ ਦੀ ਜ਼ੁਬਾਨ 'ਤੇ ਹੈ, ਨੇ ਆਪਣੇ ਨਾਇਕਾਂ-ਨਾਇਕਾਵਾਂ ਦੇ ਕਾਮਲ ਇਸ਼ਕ ਦੀ ਗੱਲ ਕੀਤੀ। ਇਨ੍ਹਾਂ ਸੂਫ਼ੀ ਫ਼ਕੀਰਾਂ ਨੇ ਦੋਹੇ, ਸ਼ਬਦ, ਸ਼ਲੋਕ, ਕਾਫ਼ੀਆਂ, ਖ਼ਯਾਲ, ਬਾਰਾਮਾਂਹ, ਅਠਵਾਰੇ ਅਤੇ ਸੀਹਰਫ਼ੀਆਂ ਆਦਿ ਦੇ ਕਾਵਿ-ਰੂਪਾਂ ਦੇ ਜ਼ਰੀਏ ਆਪਣੇ ਵਿਚਾਰਾਂ ਦਾ ਪ੍ਰਗਟਾਅ ਕੀਤਾ ਜਿਸ ਨੂੰ ਪੰਜਾਬ ਦੇ ਲੋਕਾਂ ਨੇ ਅਪਣਾਇਆ।

ਮਜਲਿਸਾਂ ਤੇ ਗਾਇਕੀ ਦੇ ਸਮਾਗਮਾਂ ਵਿੱਚ ਅੱਜ ਵੀ ਕੱਵਾਲ ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ ਤੇ ਸੁਲਤਾਨ ਬਾਹੂ ਵਰਗੇ ਸੂਫ਼ੀ ਫ਼ਕੀਰਾਂ ਦਾ ਕਲਾਮ ਸੁਣਾ ਕੇ ਲੋਕਾਂ ਦੀ ਵਾਹ-ਵਾਹ ਖੱਟਦੇ ਹਨ। ਲੋਕ ਆਪ ਵੀ ਸੂਫ਼ੀ ਕਲਾਮ ਸੁਣਨ ਲਈ ਫ਼ਰਮਾਇਸ਼ਾਂ ਕਰਦੇ ਹਨ। ਸੂਫ਼ੀ ਫ਼ਕੀਰਾਂ ਨੇ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਪੰਜਾਬ ਦੀ ਵਿਰਾਸਤ ਨੂੰ ਅਮੀਰ ਬਣਾਉਣ ਲਈ ਬਹੁਤ ਵੱਡਾ ਹਿੱਸਾ ਪਾਇਆ ਤੇ ਇਹ ਸਾਰਾ ਕੰਮ ਉਨ੍ਹਾਂ ਨੇ ਪੰਜਾਬ ਦੀ ਧਰਤੀ ਅਤੇ ਇਸ ਦੇ ਜਨ-ਜੀਵਨ ਵਿਚ ਆਪਣੇ ਆਪਣੇ ਆਪ ਨੂੰ ਢਾਲ ਕੇ ਕੀਤਾ। ਇਹ ਸਿਲਸਿਲਾ ਆਦਾਨ-ਪ੍ਰਦਾਨ ਵਾਲਾ ਹੀ ਸੀ। ਪੰਜਾਬ ਦੇ ਲੋਕ-ਜੀਵਨ ਵਿੱਚੋਂ ਉਨ੍ਹਾਂ ਨੇ ਮਿਸਾਲਾਂ ਤੇ ਪ੍ਰਤੀਕ ਲੈ ਕੇ ਆਪਣੇ ਕਲਾਮ ਵਿੱਚ ਪੇਸ਼ ਕੀਤਾ। ਇੰਜ ਸੂਫ਼ੀ ਕਾਵਿ-ਧਾਰਾ ਅਤੇ ਪੰਜਾਬੀ ਸੱਭਿਆਚਾਰ ਨੇ ਇਕ ਦੂਜੇ ਕੋਲੋਂ ਬਹੁਤ ਕੁਝ ਲਿਆ ਵੀ ਤੇ ਮੋੜਿਆ ਵੀ।

ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ, ਬੁੱਲ੍ਹੇ ਸ਼ਾਹ, ਅਲੀ ਹੈਦਰ, ਖਵਾਜਾ ਫਰਦ ਫਕੀਰ, ਹਾਸ਼ਮ ਸ਼ਾਹ, ਸੱਯਦ ਮੀਰਾਂ ਸ਼ਾਹ ਜਲੰਧਰੀ, ਖਵਾਜਾ ਗੁਲਾਮ ਫਰੀਦ ਚਾਚੜਾਂ, ਬੂ ਅਲੀ ਸ਼ਾਹ ਕਲੰਦਰੀ, ਪੀਲੂ, ਸ਼ਾਹ ਮੁਰਾਦ, ਸੰਤ ਵਲੀ ਰਾਮ, ਮੀਆਂ ਮੁਹੰਮਦ ਬਖ਼ਸ਼, ਸੱਯਦ ਕਰਮ ਅਲੀ ਸ਼ਾਹ, ਅਬਦੀ ਕਾਦਰੀ ਕੈਸਰ ਸ਼ਾਹੀ, ਅਸ਼ਰਫ ਗੁਲਾਮ ਜੀਲਾਨੀ ਰੋਹਤਕੀ।

ਸਮੁੱਚੀ ਪੰਜਾਬੀ ਸੂਫ਼ੀ ਕਵਿਤਾ ਦਾ ਅਧਿਐਨ ਇਕ ਗੱਲ ਸਪੱਸ਼ਟ ਕਰਦਾ ਹੈ ਕਿ ਪੰਜਾਬੀ ਸੂਫ਼ੀ ਕਵੀਆਂ ਨੇ ਇਸਲਾਮ ਦੀ ਕੱਟੜਤਾ ਵਿੱਚ ਆਪਣਾ ਪੂਰਨ ਭਰੋਸਾ ਪ੍ਰਗਟ ਨਹੀਂ ਕੀਤਾ। ਬਾਬਾ ਫਰੀਦ ਦੀ ਬਾਣੀ ਨੂੰ ਹੀ ਲਓ। ਬਾਬਾ ਫਰੀਦ ਜਿੱਥੇ ਨਿਮਰ ਹੈ, ਉਥੇ ਸਹਿਜ ਵੀ ਹੈ। ਫਰੀਦ ਜੀ ਵੇਲੇ ਤੱਕ ਰਾਜ ਸੱਤਾ ਅਤੇ ਸੂਫ਼ੀਵਾਦ ਵਿੱਚ ਗੰਭੀਰ ਟਕਰਾਓ ਦੀ ਸਥਿਤੀ ਹੀ ਪੈਦਾ ਨਹੀਂ ਹੋਈ ਸੀ। ਆਪਣੇ ਕੁਝ ਸ਼ਲੋਕ ਇਸਲਾਮ ਦਾ ਸੰਦੇਸ਼ ਵੀ ਦਿੰਦੇ ਹਨ। ਪਰ ਬਾਬਾ ਜੀ ਨੇ ਪੰਜਾਬੀ ਕਾਵਿ ਧਾਰਾ ਦਾ ਜਿੱਥੇ ਮੁੱਢ ਬੱਧਾ ਹੈ, ਉਥੇ ਇਸ ਨੂੰ ਮਾਨਵਤਾਵਾਦ ਵੀ ਪ੍ਰਦਾਨ ਕੀਤਾ ਹੈ।

ਫ਼ਰੀਦ ਜੀ ਦੀ ਰਚਨਾ ਵਿੱਚੋਂ ਪੰਜਾਬੀ ਸੱਭਿਆਚਾਰ ਦੇ ਵੀ ਭਰਪੂਰ ਦਰਸ਼ਨ ਹੁੰਦੇ ਹਨ। ਆਪਣੇ ਰਹੱਸਵਾਦੀ ਪਿਆਰ ਦੇ ਪ੍ਰਗਟਾਅ ਲਈ ਬਾਬਾ ਫ਼ਰੀਦ ਨੇ ਕੰਤ, ਸੁਹਾਗਣ, ਦੁਹਾਗਣ ਆਦਿ ਬਿੰਬ ਵਰਤੇ ਹਨ। ਜੀਵਨ ਤੇ ਮੌਤ ਦੇ ਜੋ ਚਿੱਤਰ ਆਪ ਨੇ ਪੰਜਾਬੀ ਜੀਵਨ ਅਤੇ ਸੱਭਿਆਚਾਰ, ਪੰਜਾਬੀ ਵਾਤਾਵਰਣ ਅਤੇ ਕੁਦਰਤ ਵਿੱਚੋਂ ਲਏ ਅਤੇ ਉਸਾਰੇ ਹਨ, ਇਨ੍ਹਾਂ ਨਾਲ ਪੰਜਾਬੀ ਦੇ ਕਵੀਆਂ ਲਈ ਸੂਫ਼ੀ ਸ਼ਾਇਰੀ ਪੈਰਵੀ ਕਰਨੀ ਵਧੇਰੇ ਸੁਖ਼ਾਵੀਂ ਹੁੰਦੀ ਗਈ ਹੈ।

*ਮੈ ਜਾਨਿਆ ਦੁਖ ਮੁਝ ਕੂ,*
*ਦੁਖਿ ਸਬਾਇਅ ਜਗੁ ।।*
*ਉਚੇ ਚੜਿ ਕੇ ਦੇਖਿਆ*
*ਤਾ ਘਰ ਘਰ ਏਹਾ ਅਗੁ ।।*
*ਰੁਖੀ ਸੁਖੀ ਖਾਇਕੈ,*
*ਠੰਡਾ ਪਾਣੀ ਪੀਉ॥*
*ਫਰੀਦਾ ਦੇਖਿ ਪਰਾਈ ਚੋਪੜੀ,*
*ਨਾ ਤਰਸਾਈ ਜੀਉ॥*

ਸ਼ਾਹ ਹੁਸੈਨ ਦੀ ਪ੍ਰਗੀਤਕ ਸ਼ਾਇਰੀ ਵੀ ਪੰਜਾਬੀ ਪਾਠਕਾਂ ਦਾ ਧਿਆਨ ਆਪਣੇ ਵੱਲ ਵਿਸ਼ੇਸ਼ ਰੂਪ ਵਿੱਚ ਖਿਚ ਰਹੀ ਹੈ। ਉਨ੍ਹਾਂ ਦਾ ਸੰਸਾਰ ਇੱਕ ਪੇਕਾ ਘਰ ਹੈ। ਇਸ਼ਕ ਹੀ ਇੱਕੋ ਇੱਕ ਪ੍ਰੇਮੀ ਨੂੰ ਪਾਉਣ ਦਾ ਸਾਧਨ ਹੈ। ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿੱਚ ਪੰਜਾਬੀ ਤ੍ਰਿੰਞਣ ਦੀ ਬਿੰਬਾਵਲੀ ਦੇ ਭਰਪੂਰ ਦਰਸ਼ਨ ਹੁੰਦੇ ਹਨ। ਉਸ ਅਨੁਸਾਰ ਮਸਜਿਦ ਦੇ ਮੁਲਾਣੇ ਕਾਜ਼ੀ ਦੀ ਸਮਾਜ ਵਿੱਚ ਭੂਮਿਕਾ ਪਿਛਾਂਹਖਿੱਚੂ ਤੇ ਨਿਰਾਦਰਯੋਗ ਹੈ।

*ਕਾਜ਼ੀ ਮੁੱਲਾਂ ਮੱਤੀਂ ਦਿੰਦੇ,*
*ਖਰੇ ਸਿਆਣੇ ਰਾਹ ਦਸੇਂਦੇ*
*ਇਸ਼ਕ ਕੀ ਲੱਗੇ ਰਾਹ ਦੇ ਨਾਲ,*
*ਮਨ ਅਟਕਿਆ ਬੇ-ਪਰਵਾਹ ਦੇ ਨਾਲ।*

*ਰਾਂਝਾ ਜੋਗੀ ਮੈਂ ਜੁਗਿਆਣੀ,*
*ਕਮਲੀ ਕਰ ਕਰ ਛੱਡੀਆਂ।*
*ਕਹੇ ਹੁਸੈਨ ਫਕੀਰ ਸਾਈਂ ਦਾ,*
*ਦਾਮਨ ਤੇਰੇ ਲੱਗੀਆਂ।*

ਸ਼ਾਹ ਸ਼ਰਫ਼ ਵੀ ਫ਼ਰੀਦ ਤੇ ਸ਼ਾਹ ਹੁਸੈਨ ਵਾਂਗ ਇੱਕ ਫ਼ਕੀਰ ਸ਼ਾਇਰ ਸਨ। ਸੁਲਤਾਨ ਬਾਹੂ ਤੱਕ ਪੁੱਜਦਿਆਂ ਪੰਜਾਬੀ ਸੂਫ਼ੀ ਸ਼ਾਇਰੀ ਦਾ ਅੰਦਾਜ਼ ਬਦਲਿਆ ਹੋਇਆ ਨਜ਼ਰ ਪੈਂਦਾ ਹੈ। ਬਾਹੂ ਮੁੱਲਾਂ, ਪੰਡਤਾਂ, ਜੋਤਸ਼ੀਆਂ ਦੇ ਦਿਖਾਵੇ ਅਤੇ ਕਿਤਾਬੀ ਗਿਆਨ ਨੂੰ ਭੰਡਦਾ ਹੋਇਆ ਕੇਵਲ ਇਸ਼ਕ ਨੂੰ ਹੀ ਸੱਚਾ ਤੇ ਸੁੱਚਾ ਮੰਨਦਾ ਹੈ। ਦੀਨ ਦੁਨੀਆਂ ਵਿੱਚ ਖਚਿਤ ਹੋਣਾ ਉਸ ਲਈ ਕੁਫ਼ਰ ਅਤੇ ਬੁੱਤਪ੍ਰਸਤੀ ਹੈ।

*ਅਲਫ਼ ਅੱਲਾ ਚੰਬੇ ਦੀ ਬੂਟੀ*
*ਮੁਰਸ਼ਦ ਮਨ ਮੇਰੇ ਲਾਈ ਹੂ।*

ਬੁੱਲ੍ਹੇ ਸ਼ਾਹ ਤੱਕ ਪੁੱਜਦੀ ਹੋਈ ਪੰਜਾਬੀ ਸੂਫ਼ੀ ਸ਼ਾਇਰੀ ਇਸਲਾਮੀ ਮਰਿਆਦਾ ਅਤੇ ਵਿਸ਼ਵਾਸਾਂ ਤੋਂ ਬਹੁਤ ਦੂਰ ਹੋ ਕੇ ਚੱਲ ਰਹੀ ਹੈ। ਜੋ ਬੇਬਾਕੀ ਤੇ ਦਲੇਰੀ ਉਸ ਵਿੱਚ ਆਈ ਹੈ ਉਹ ਹੋਰ ਕਿਧਰੇ ਨਹੀਂ-

*ਭੱਠ ਨਮਾਜ਼ਾਂ ਤੇ ਚਿੱਕੜ ਰੋਜ਼ੇ,*
*ਕਲਮੇ ਤੇ ਫ਼ਿਰ ਗਈ ਸਿਆਹੀ*
*ਬੁੱਲ੍ਹਾ ਸ਼ਾਹ ਸ਼ਹੁ ਅੰਦਰੋਂ ਮਿਲਿਆ,*
*ਐਵੇਂ ਭੁੱਲੀ ਫ਼ਿਰੇ ਲੋਕਾਈ।*


*ਬੁੱਲ੍ਹਿਆ ਧਰਮਸਾਲ ਧੜਵਾਈ ਰਹਿੰਦੇ*
*ਠਾਕੁਰ ਦੁਆਰੇ ਠੱਗ*
*ਵਿੱਚ ਮਸੀਤੀਂ ਕੁਸੱਤੀਏ ਰਹਿੰਦੇ,*
*ਆਸ਼ਕ ਰਹਿਣ ਅਲੱਗ।*


ਬੁੱਲ੍ਹੇ ਸ਼ਾਹ ਆਪਣੀ ਰਚਨਾ ਵਿੱਚ ਪੰਜਾਬ ਅੰਦਰ ਮੁਗ਼ਲ ਰਾਜ ਦੀ ਢਹਿੰਦੀ ਕਲਾ ਤੇ ਸਿੱਖ ਰਾਜ ਦੀ ਚੜ੍ਹਦੀ ਕਲਾ ਦੀ ਗੱਲ ਕਰਕੇ ਸੂਫ਼ੀ ਸ਼ਾਇਰੀ ਵਿੱਚ ਤਤਕਾਲੀਨ ਹਾਲਾਤ ਵੀ ਲੈ ਆਉਂਦਾ ਹੈ।

ਅਲੀ ਹੈਦਰ ਪਹਿਲਾ ਸੂਫ਼ੀ ਕਵੀ ਹੈ ਜਿਸਨੇ ਕੌਮੀ ਜਾਗ੍ਰਤੀ ਦੀ ਗੱਲ ਕੀਤੀ ਹੈ। ਉਹ ਨਾਦਰ ਸ਼ਾਹ ਦੇ ਹਮਲੇ ਅਤੇ ਹਿੰਦੁਸਤਾਨੀਆਂ ਦੀ ਆਪਸੀ ਫ਼ੁੱਟ, ਖ਼ੁਦਗਰਜ਼ੀ ਅਤੇ ਕਾਇਰਤਾ ਖੁੱਲ੍ਹ ਕੇ ਭੰਡਦਾ ਹੈ। ਫਰਦ ਫਕੀਰ ਹਰਮਨ ਪਿਆਰਾ ਸੂਫ਼ੀ ਦਰਵੇਸ਼ ਹੈ ਪਰ ਨਾਲ ਹੀ ਸਮਾਜਿਕ ਚੇਤਨਾ ਦੀ ਚਿਣਗ ਵੀ ਉਸਦੀ ਰਚਨਾ ਵਿੱਚ ਮੌਜੂਦ ਹੈ।

ਪੰਜਾਬੀ ਸੂਫ਼ੀ ਸ਼ਾਇਰੀ ਵਿੱਚ ਹਾਸ਼ਿਮ ਦੇ ਦੋਹੜੇ ਵਿਸ਼ੇਸ਼ ਸਥਾਨ ਰੱਖਦੇ ਹਨ। ਉਸਦੇ ਉਚ ਵਿਚਾਰ, ਜਜ਼ਬਿਆਂ ਦੀ ਤੀਬਰਤਾ ਤੇ ਕੋਮਲਤਾ ਅਤੇ ਸ਼ੈਲੀ ਦੀ ਸੰਜਮਤਾ ਉਸਦੇ ਕਾਵਿ ਨੂੰ ਉਤਮ ਸੂਫ਼ੀ ਸ਼ਾਇਰੀ ਬਣਾਉਂਦੇ ਹਨ। ਪੰਜਾਬੀ ਸੂਫ਼ੀ ਕਵਿਤਾ ਵਿੱਚ ਗੁਲਾਮ ਫ਼ਰੀਦ ਦਾ ਸਥਾਨ ਵੀ ਮਹਾਨ ਹੈ। ਉਸਦੀਆਂ ਕਾਫ਼ੀਆਂ ਸੂਫ਼ੀਆਨਾ ਰੰਗ ਨਾਲ ਭਰਪੂਰ ਹਨ। ਇਸਲਾਮੀ ਸੱਭਿਆਚਾਰ ਦੀ ਗੂੜ੍ਹ ਸ਼ਬਦਾਵਲੀ ਅਤੇ ਮੁਲਤਾਨੀ ਭਾਸ਼ਾ ਦੀ ਵਰਤੋਂ ਕਾਰਨ, ਭਾਂਵੇ ਉਹ ਪੂਰਬੀ ਪੰਜਾਬ ਦੇ ਗੈਰ-ਮੁਸਲਿਮ ਲੋਕਾਂ ਵਿੱਚ ਬਹੁਤਾ ਲੋਕਪ੍ਰਿਅ ਨਹੀਂ ਹੋ ਸਕਿਆ।

ਪੰਜਾਬੀ ਸੂਫ਼ੀ ਕਵਿਤਾ ਦਾ ਰੰਗ ਗ਼ੈਰ-ਸੂਫ਼ੀ ਕਵੀਆਂ ਵਿੱਚ ਵੀ ਪੂਰੇ ਜ਼ੋਰ ਸ਼ੋਰ ਨਾਲ ਦੇਖਿਆ ਜਾ ਸਕਦਾ ਹੈ। ਅਸਾਂ ਆਪਣੀ ਪੁਸਤਕ 'ਚੋਣਵਾਂ ਪੰਜਾਬੀ ਸੂਫ਼ੀ ਕਲਾਮ' ਵਿੱਚ ਸੰਤ ਵਲੀਆਂ ਨੂੰ ਪ੍ਰਮੁੱਖਾ ਸੂਫ਼ੀ ਕਵੀਆਂ ਵਿੱਚ ਰੱਖਿਆ ਹੈ। ਇਸੇ ਤਰ੍ਹਾਂ ਪੰਜਾਬੀ 'ਆਲੋਚਨਾ' ਦੇ 'ਭਾਰਤੀ ਸੂਫ਼ੀ ਸਾਹਿਤ' ਵਿਸ਼ੇਸ਼ ਅੰਕ ਵਿੱਚ 'ਬਾਬਾ ਮਾਧੋ ਸ਼ਾਹ ਦੀ ਸੂਫ਼ੀ ਸ਼ਾਇਰੀ (ਡਾ. ਸੁਤਿੰਦਰ ਸਿੰਘ ਨੂਰ), 'ਸਾਈਂ ਲੱਭੂ ਸ਼ਾਹ ਤੇ ਉਸਦਾ ਕਲਾਮ' (ਡਾ. ਗੁਲਜ਼ਾਰ ਸਿੰਘ ਕੰਗ), 'ਸੂਫ਼ੀ ਸਾਧੂ ਸਿੰਘ ਸਾਧੂਸਾਰ: ਜੀਵਨ ਤੇ ਕਲਾਮ' (ਸੂਫ਼ੀ ਅਮਰਜੀਤ) ਅਤੇ 'ਇਕ ਸਦੀ ਇਕ ਸ਼ਾਇਰਾ ਪੀਰੋ'(ਡਾ.ਸੰਤੋਖ ਸਿੰਘ ਸ਼ਹਰਯਾਰ) ਸ਼ਾਮਲ ਕੀਤੇ ਗਏ ਹਨ। ਇਹ ਸਭ ਸੂਫ਼ੀ ਨਵੇਂ ਸਿਰਿਓਂ ਵਿਚਾਰਨ ਵਾਲੇ ਹਨ ਤਾਂ ਜੋ ਇਕ ਵੱਖਰੀ ਨੁਹਾਰ ਲੱਭੀ ਜਾ ਸਕੇ।


ਬਾਬਾ ਬੁੱਲ੍ਹੇ ਸ਼ਾਹ


ਸ਼ਾਹ ਹੁਸੈਨ

ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਸੂਫ਼ੀ ਸੰਤਾਂ ਨੇ ਪੰਜਾਬ ਤੇ ਪੰਜਾਬੀ ਦੀ ਆਤਮਾ ਨੂੰ ਪਛਾਣਿਆ ਤੇ ਆਪਣੀਆਂ ਰਚਨਾਵਾਂ ਦੇ ਰਾਹੀਂ ਸੱਭਿਆਚਾਰਕ, ਧਾਰਮਿਕ ਤੇ ਸਦਾਚਾਰਕ ਜੀਵਨ-ਮੁੱਲਾਂ ਨੂੰ ਸਜੀਵ ਕਰਕੇ ਅਜਿਹਾ ਰਿਸ਼ਤਾ ਕਾਇਮ ਕਰ ਦਿੱਤਾ ਕਿ ਪੰਜਾਬੀ ਭਾਸ਼ਾ ਲੋਕਾਂ ਤੋਂ ਦੂਰ ਹੋਣ ਤੋਂ ਬਚੀ ਰਹੀ। ਇਨ੍ਹਾਂ ਸੂਫ਼ੀ ਸੰਤਾਂ ਦੀ ਇਸ ਦੇਣ ਲਈ ਸਾਨੂੰ ਇਨ੍ਹਾਂ ਦੇ ਰਿਣੀ ਹੋਣਾ ਬਣਦਾ ਹੈ।

ਇਸ ਸਾਰੇ ਕੁਝ ਦੇ ਚੱਲਦਿਆਂ ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਸੂਫ਼ੀ ਸੰਤਾਂ ਨੇ ਪੰਜਾਬ ਤੇ ਪੰਜਾਬੀ ਦੀ ਆਤਮਾ ਨੂੰ ਪਛਾਣਿਆ ਤੇ ਆਪਣੀਆਂ ਰਚਨਾਵਾਂ ਦੇ ਰਾਹੀਂ ਸੱਭਿਆਚਾਰਕ, ਧਾਰਮਿਕ ਤੇ ਸਦਾਚਾਰਕ ਜੀਵਨ-ਮੁੱਲਾਂ ਨੂੰ ਸਜੀਵ ਕਰਕੇ ਅਜਿਹਾ ਰਿਸ਼ਤਾ ਕਾਇਮ ਕਰ ਦਿੱਤਾ ਕਿ ਪੰਜਾਬੀ ਭਾਸ਼ਾ ਲੋਕਾਂ ਤੋਂ ਦੂਰ ਹੋਣ ਤੋਂ ਬਚੀ ਰਹੀ। ਇਨ੍ਹਾਂ ਸੂਫ਼ੀ ਸੰਤਾਂ ਦੀ ਇਸ ਦੇਣ ਲਈ ਸਾਨੂੰ ਇਨ੍ਹਾਂ ਦੇ ਰਿਣੀ ਹੋਣਾ ਬਣਦਾ ਹੈ। ■

*ਸਾਬਕਾ ਪ੍ਰੋਫੈਸਰ ਤੇ ਚੇਅਰਮੈਨ,*
*ਗੁਰੂ ਰਵਿਦਾਸ ਚੇਅਰ,*
*ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।*

# ਸਾਥੀਆਂ ਲਈ ਪ੍ਰੇਰਨਾ ਤੇ ਦੁਸ਼ਮਣ ਲਈ ਖ਼ਤਰਾ

ਜਾਗ੍ਰਤੀ ਬਿਉਰੋ

ਲਾਂਸ ਨਾਇਕ ਕਰਮ ਸਿੰਘ ਦਾ ਜਨਮ 15 ਸਤੰਬਰ 1915 ਨੂੰ ਬਰਨਾਲਾ (ਪੰਜਾਬ) 'ਚ ਹੋਇਆ। ਉਹ 1941 'ਚ 15 ਸਤੰਬਰ ਨੂੰ 1 ਸਿੱਖ ਰੈਜਮੈਂਟ 'ਚ ਭਰਤੀ ਹੋ ਗਏ। ਉਨ੍ਹਾਂ ਨ ਦੂਜੀ ਵਿਸ਼ਵ ਜੰਗ 'ਚ ਜੰਗੀ ਮੈਡਲ ਜਿੱਤਿਆ। ਜੰਮੂ ਤੇ ਕਸ਼ਮੀਰ 'ਚ ਕਾਰਵਾਈ ਸਮੇਂ 1948 'ਚ ਦੀ ਗਰਮੀਆਂ 'ਚ ਭਾਰਤੀ ਫੌਜ ਨੇ ਤਿੱਥਵਾਲ ਸੈਕਟਰ 'ਚ ਸਫਲਤਾ ਪ੍ਰਾਪਤ ਕੀਤੀ। ਇਸ 'ਚ 23 ਮਈ 1948 ਨੂੰ ਤਿੱਥਵਾਲ ਸੈਕਟਰ 'ਤੇ ਕਬਜ਼ਾ ਕੀਤਾ ਗਿਆ। ਫਿਰ ਦੁਸ਼ਮਣ ਕਿਸ਼ਨਗੰਗਾ ਨੇੜੇ ਵਗਦੀ ਨਦੀ 'ਚ ਆਪਣੇ ਹਥਿਆਰ ਸੁੱਟ ਕੇ ਭੱਜ ਗਿਆ। ਬਾਅਦ 'ਚ ਦੁਸ਼ਮਣਾਂ ਨੇ ਜਲਦੀ ਹੀ ਵੱਡੀ ਗਿਣਤੀ 'ਚ ਆਪਣੇ ਸੈਨਿਕ ਇਕੱਠੇ ਕੀਤੇ ਤੇ ਆਪਣਾ ਖੋਇਆ ਹੋਇਆ ਇਲਾਕਾ ਵਾਪਸ ਲੈਣ ਲਈ ਹਮਲਾ ਕੀਤਾ। ਨਤੀਜੇ ਵਜੋਂ ਭਾਰਤੀ ਫੌਜ ਜ਼ਬਰਦਸਤ ਹਮਲੇ ਅੱਗੇ ਟਿਕ ਨਾ ਸਕੀ ਤੇ ਉਸ ਨੂੰ ਕਿਸ਼ਨਗੰਗਾ ਨਦੀ ਵਾਲੇ ਆਪਣੇ ਟਿਕਾਣੇ ਤੋਂ ਪਿੱਛੇ ਹਟਣਾ ਪਿਆ। ਆਖਰਕਾਰ ਫੌਜ ਨੇ ਦੁਸ਼ਮਣ ਨਾਲ ਤਿੱਥਵਾਲ ਵਿਖੇ ਲੜਾਈ ਲੜੀ ਜੋ ਕਈ ਮਹੀਨੇ ਚਲੀ। ਅਕਤੂਬਰ 13 ਨੂੰ ਦੁਸ਼ਮਣਾਂ ਨੇ ਭਾਰਤੀ ਫੌਜਾਂ 'ਤੇ ਜ਼ਬਰਦਸਤ ਹਮਲਾ ਵੀ ਕਰ ਦਿੱਤਾ। ਇਸ ਦਾ ਉਦੇਸ਼ ਰਿੱਛਮਾਰ ਗਲੀ 'ਤੇ ਫਿਰ ਤੋਂ ਕਬਜ਼ਾ ਕਰਨਾ ਸੀ ਜੋ ਕਿ ਤਿੱਥਵਾਲ ਦੇ ਦੱਖਣ 'ਚ ਪੈਂਦੀ ਹੈ ਤੇ ਦੂਜੇ ਪਾਸੇ ਨਸਤਾਚੂਰ ਦੱਰਾ, ਜੋ ਤਿੱਥਵਾਲ ਦੇ ਪੂਰਬ 'ਚ ਹੈ, ਤੋਂ ਵੀ ਹਮਲਾ ਕਰ ਦਿੱਤਾ। ਦੋਵੇਂ ਹਮਲੇ ਨਾਕਾਮ ਕਰ ਦਿੱਤੇ ਗਏ। ਇਸ ਹਮਲੇ 'ਚ 13 ਅਕਤੂਬਰ ਰਾਤ ਨੂੰ ਰਿੱਛਮਾਰ ਖੇਤਰ 'ਚ ਜ਼ਬਰਦਸਤ ਲੜਾਈ ਚੱਲੀ। ਹਮਲੇ ਦੌਰਾਨ ਦੁਸ਼ਮਣਾਂ ਵੱਲੋਂ ਵੱਡੇ ਹਥਿਆਰਾਂ ਦਾ ਤੇ ਗੋਲੀ ਬਰੂਦ ਦਾ ਵੱਡੀ ਗਿਣਤੀ 'ਚ ਇਸਤੇਮਾਲ ਕੀਤਾ ਗਿਆ।

ਇਸ ਹਮਲੇ 'ਚ ਲੱਗੀ ਅੱਗ ਇੰਨੀ ਜ਼ਬਰਦਸਤ ਸੀ ਕਿ ਉਸ ਨਾਲ ਪਲਟਨ ਦੇ ਸਭ ਬੰਕਰ ਤਕਰੀਬਨ ਜਲ ਗਏ ਸੀ। ਇਸ ਹਮਲੇ 'ਚ ਇਕ ਸਿੱਖ ਨੇ ਦੁਸ਼ਮਣਾਂ ਨੂੰ ਜਵਾਬ ਦੇਣ 'ਚ ਜ਼ਬਰਦਸਤ ਰੋਲ ਅਦਾ ਕੀਤਾ। ਲਾਂਸ ਨਾਇਕ ਕਰਮ ਸਿੰਘ ਇਸ ਹਮਲੇ 'ਚ ਆਪਣੀ ਟੁਕੜੀ ਦੀ ਅਗਵਾਈ ਕਰਕੇ ਅੱਗੇ ਹੋ ਕੇ ਲੜ ਰਹੇ ਸਨ। ਦੁਸ਼ਮਣਾਂ ਫੌਜਾਂ ਦੀ ਗਿਣਤੀ ਜ਼ਿਆਦਾ ਸੀ ਤੇ ਉਨ੍ਹਾਂ ਕੋਲ ਬਹੁਤ ਚੰਗੇ ਆਧੁਨਿਕ ਹਥਿਆਰ ਸਨ। ਹਮਲੇ ਦੌਰਾਨ ਜ਼ਖਮੀ ਹੋਣ ਦੇ ਬਾਵਜੂਦ ਉਹ ਦੋ ਜ਼ਖਮੀ ਸਿਪਾਹੀਆਂ ਨੂੰ ਇਕ ਤੀਜੇ ਸਾਥੀ ਦੀ ਸਹਾਇਤਾ ਨਾਲ ਬਚਾ ਲਿਆਏ।



ਦੁਸ਼ਮਣਾਂ ਦੇ ਹਮਲੇ 'ਚ ਬੁਰੀ ਤਰ੍ਹਾਂ ਘਿਰੇ ਜ਼ਖਮੀ ਹੋਏ ਉਨ੍ਹਾਂ ਲਈ ਬਚਣਾ ਬਹੁਤ ਮੁਸ਼ਕਿਲ ਸੀ ਪਰ ਖਤਰੇ ਦੀ ਪਰਵਾਹ ਨਾ ਕਰਦਿਆਂ ਉਹ ਇਕ ਤੋਂ ਦੂਜੀ ਥਾਂ ਜਾਂਦੇ ਹੋਏ ਆਪਣੇ ਸਾਥੀਆਂ ਨੂੰ ਲੜਾਈ ਲਈ ਪ੍ਰੇਰਦੇ ਰਹੇ ਤੇ ਖ਼ੁਦ ਵੀ ਬਹਾਦਰੀ ਨਾਲ ਲੜਦੇ ਰਹੇ। ਉਨ੍ਹਾਂ ਨੇ ਹੱਥ-ਗੋਲਿਆਂ ਨਾਲ ਦੁਸ਼ਮਣ 'ਤੇ ਹਮਲਾ ਕੀਤਾ। ਦੂਜੀ ਗੋਲੀ ਲੱਗਣ 'ਤੇ ਵੀ ਉਹ ਡਾਕਟਰੀ ਸਹਾਇਤਾ ਲੈਣ ਤੋਂ ਇਨਕਾਰ ਕਰਦੇ ਰਹੇ ਤੇ ਪਿੱਛੇ ਹਟਣ ਤੋਂ ਇਨਕਾਰੀ ਰਹੇ। ਦੁਸ਼ਮਣ ਵੱਲੋਂ ਕੀਤਾ ਗਿਆ ਪੰਜਵਾਂ ਹਮਲਾ ਬਹੁਤ ਜ਼ਬਰਦਸਤ ਸੀ। ਦੋ ਦੁਸ਼ਮਣ ਸਿਪਾਹੀ ਇਨ੍ਹਾਂ ਦੇ ਮੋਰਚੇ ਕੋਲ ਆ ਕੇ ਭਾਰਤੀ ਫੌਜੀਆਂ 'ਤੇ ਹਮਲਾ ਕਰਨ ਲੱਗੇ। ਇਸ ਮੌਕੇ ਲਾਂਸ ਨਾਇਕ ਕਰਮ ਸਿੰਘ ਆਪਣੇ ਮੋਰਚੇ 'ਚੋਂ ਬਾਹਰ ਆਏ ਤੇ ਦੋਵਾਂ ਦੁਸ਼ਮਣ ਸਿਪਾਹੀਆਂ 'ਤੇ ਟੁੱਟ ਪਏ ਤੇ ਦੋਵਾਂ ਨੂੰ ਮਾਰ ਦਿਤਾ। ਇਸ ਬਹਾਦਰੀ ਭਰੇ ਕਾਰਨਾਮੇ ਨੇ ਦੁਸ਼ਮਣਾਂ ਦੇ ਹੌਸਲੇ ਪਸਤ ਕਰ ਦਿੱਤੇ ਤੇ ਉਹ ਹਮਲਾ ਰੋਕਣ ਲਈ ਮਜਬੂਰ ਹੋ ਗਏ। ਲਾਂਸ ਨਾਇਕ ਕਰਮ ਸਿੰਘ ਤੇ ਉਨ੍ਹਾਂ ਦੇ ਸਿਪਾਹੀਆਂ ਨੇ ਦੁਸ਼ਮਣ ਫੌਜਾਂ ਦੇ 3 ਹੋਰ ਹਮਲੇ ਅਸਫਲ ਕਰ ਦਿੱਤੇ। ਲਾਂਸ ਨਾਇਕ ਕਰਮ ਸਿੰਘ ਆਪਣੇ ਸਾਥੀ ਸਿਪਾਹੀਆਂ ਲਈ ਇਕ ਪ੍ਰੇਰਨਾ ਸਰੋਤ ਤੇ ਦੁਸ਼ਮਣ ਫੌਜੀਆਂ ਲਈ ਖਤਰਾ ਸਨ। ਉਨ੍ਹਾਂ ਦਾ ਸਨਮਾਨ ਫੌਜ ਦੇ ਸਭ ਤੋਂ ਵੱਡੇ ਐਵਾਰਡ ਗੈਲੈਂਟਰੀ ਮੈਡਲ, ਪਰਮਵੀਰ ਚੱਕਰ ਨਾਲ ਸਨਮਾਨ ਕੀਤਾ ਗਿਆ। ■

## ਲਾਂਸ ਨਾਇਕ ਕਰਮ ਸਿੰਘ ਦੀ ਸਨਦ

**1 ਸਿੱਖ (ਨੰ. 22356)**

ਤਿੱਥਵਾਲ ਜੰਮੂ-ਕਸ਼ਮੀਰ 'ਤੇ 1948 'ਚ 23 ਮਈ ਨੂੰ ਕਬਜ਼ਾ ਹੋਇਆ। ਉਸ ਬਾਅਦ ਦੁਸ਼ਮਣ ਨੇ ਕਈ ਹਮਲੇ ਕੀਤੇ ਤੇ ਰਿੱਛਮਾਰ ਗਲੀ ਤੇ ਤਿੱਥਵਾਲ ਨੂੰ ਹਥਿਆਉਣ ਦੀ ਨਾਕਾਮ ਜੱਦੋਜਹਿਦ ਕੀਤੀ। 13 ਅਕਤੂਬਰ 1948 ਨੂੰ, ਜਿਸ ਦਿਨ ਈਦ ਸੀ, ਦੁਸ਼ਮਣ ਨੇ ਮੁੜ ਤੋਂ ਹਮਲਾ ਕਰਨ ਦੀ ਸੋਚੀ। ਲਾਂਸ ਨਾਇਕ ਕਰਮ ਸਿੰਘ ਉਸ ਖੇਤਰ 'ਚ ਭਾਰਤੀ ਟੁਕੜੀ ਦੀ ਅਗਵਾਈ ਕਰ ਰਹੇ ਸਨ। ਦੁਸ਼ਮਣ ਨੇ ਭਾਰੀ ਗੋਲਾਬਾਰੀ ਨਾਲ ਹਮਲਾ ਕੀਤਾ। ਇਸ ਦੌਰਾਨ ਦੁਸ਼ਮਣ ਵੱਲੋਂ ਲਾਈ ਅੱਗ ਇੰਨੀ ਜ਼ਿਆਦਾ ਸੀ ਕਿ ਭਾਰਤੀ ਟੁਕੜੀ ਦਾ ਕੋਈ ਵੀ ਬੰਕਰ ਬਚ ਨਾ ਸਕਿਆ।

ਲਾਂਸ ਨਾਇਕ ਕਰਮ ਸਿੰਘ ਨੇ ਬਹਾਦਰੀ ਦਿਖਾਉਂਦਿਆਂ ਇਕ ਤੋਂ ਬਾਅਦ ਦੂਜੇ ਬੰਕਰ ਜਾ ਕੇ ਆਪਣੇ ਸਾਥੀਆਂ ਨੂੰ ਪ੍ਰੇਰਿਆ ਤੇ ਜ਼ਖਮੀ ਸਾਥੀਆਂ ਨੂੰ ਵੀ ਚੁੱਕਿਆ।

ਦੁਸ਼ਮਣ ਨੇ ਉਸ ਦਿਨ 8 ਹਮਲੇ ਕੀਤੇ। ਇਕ ਹਮਲੇ 'ਚ ਦੁਸ਼ਮਣ ਖੇਤਰ ਦੇ ਥੋੜ੍ਹੇ ਹਿੱਸੇ 'ਤੇ ਅੱਗੇ ਵਧੇ। ਹਮਲੇ 'ਚ ਬੁਰੀ ਤਰ੍ਹਾਂ ਜ਼ਖਮੀ ਹੋ ਚੁੱਕੇ ਲਾਂਸ ਨਾਇਕ ਨੇ ਬਹਾਦਰੀ ਦਿਖਾਉਂਦਿਆਂ ਜ਼ਬਰਦਸਤ ਲੜਾਈ ਲੜੀ। ਇਸ ਗਹਿਗੱਚ ਲੜਾਈ 'ਚ ਦੁਸ਼ਮਣ ਫੌਜਾਂ ਦਾ ਵੱਡੀ ਗਿਣਤੀ 'ਚ ਜਾਨੀ ਤੇ ਮਾਲੀ ਨੁਕਸਾਨ ਹੋਇਆ।

ਲਾਂਸ ਨਾਇਕ ਕਰਮ ਸਿੰਘ ਨੇ ਸਾਬਤ ਕੀਤਾ ਕਿ ਉਹ ਕਿਸੇ ਵੀ ਮੁਸੀਬਤ 'ਚ ਨਾ ਘਬਰਾਉਣ ਵਾਲੇ ਤੇ ਹਰ ਤਰ੍ਹਾਂ ਦੀ ਮੁਸੀਬਤ 'ਚ ਆਪਣੇ ਸਾਥੀਆਂ ਦੀ ਸਹਾਇਤਾ ਕਰਨ ਲਈ ਵਚਨਬੱਧ ਹਨ। ਕੋਈ ਹਮਲਾ ਜਾਂ ਦੁਸ਼ਮਣ ਦੀਆਂ ਫੌਜਾਂ ਦੀ ਵੱਡੀ ਗਿਣਤੀ ਵੀ ਉਨ੍ਹਾਂ ਦੇ ਹੌਸਲੇ ਨੂੰ ਡਗਮਗਾ ਨਹੀਂ ਸਕਦੀ।

## ਗੁਰਦੁਆਰਾ ਸੁਧਾਰ ਲਹਿਰ ਦੇ ਮੋਢੀ,
## ਮਹਾਨ ਦੇਸ਼ ਭਗਤ ਅਤੇ ਸਿੱਖੀ ਜੀਵਨ-ਜਾਚ ਦੇ ਮੁਜੱਸਮੇ



# ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੇ

**127 ਵੇਂ ਜਨਮ ਦਿਨ ਦੇ ਸ਼ੁਭ ਅਵਸਰ ਤੇ ਪੰਜਾਬ ਸਰਕਾਰ**
**ਸ਼ਰਧਾ ਅਤੇ ਸਤਿਕਾਰ ਭੇਟ ਕਰਦੀ ਹੈ।**



ਸ. ਸੁਖਬੀਰ ਸਿੰਘ ਬਾਦਲ
ਉਪ-ਮੁੱਖ ਮੰਤਰੀ, ਪੰਜਾਬ



ਸ. ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ



ਸ੍ਰੀ ਤੀਕਸ਼ਨ ਸੂਦ
ਕੈਬਨਿਟ ਮੰਤਰੀ, ਪੰਜਾਬ

# ਬੇਬਾਕ ਸਮਾਜ ਸੁਧਾਰਕ ਸੰਤ ਕਬੀਰ

**ਜਾਗ੍ਰਤੀ ਬਿਊਰੋ**

ਭਗਤੀ ਲਹਿਰ ਦੇ ਜਿਹੜੇ ਭਾਰਤੀ ਸੰਤਾਂ ਨੇ ਆਪਣੇ ਸਮਾਜ ਸੁਧਾਰਕ ਯਤਨਾਂ ਰਾਹੀਂ ਸਮਾਜ ਵਿੱਚ ਪ੍ਰਚਲਿਤ ਬੁਰਾਈਆਂ ਨੂੰ ਦੂਰ ਕਰਕੇ ਇਕ ਮਜ਼ਬੂਤ ਸੱਭਿਆਚਾਰ ਤਿਆਰ ਕਰ ਦਿੱਤਾ, ਉਨ੍ਹਾਂ ਵਿੱਚ ਸੰਤ ਕਬੀਰ ਜੀ ਦਾ ਨਾਂ ਸਿਤਾਰੇ ਵਾਂਗ ਚਮਕਦਾ ਹੈ। ਜਿੰਨਾ ਬੇਬਾਕ ਤੇ ਨਿਰਸੰਕੋਚ ਹੋ ਕੇ ਉਨ੍ਹਾਂ ਨੇ ਉਸ ਵੇਲੇ ਦੇ ਸਮਾਜ ਵਿੱਚ ਪ੍ਰਚਲਿਤ ਕੁਰੀਤੀਆਂ, ਖ਼ਾਸ ਕਰਕੇ ਛੂਆ-ਛੂਤ ਵਰਗੇ ਇਨਸਾਨੀ ਵਿਤਕਰਿਆਂ ਤੇ ਬੇਲੋੜੇ ਕਰਮ-ਕਾਂਡਾਂ, ਦੇ ਖ਼ਿਲਾਫ਼ ਆਵਾਜ਼ ਉਠਾਈ, ਉਹ ਉਨ੍ਹਾਂ ਅੰਦਰਲੀ ਦਲੇਰੀ ਦੀ ਮਿਸਾਲ ਹੈ। ਉਨ੍ਹਾਂ ਨੇ ਅਜਿਹੇ ਸਮਾਜ ਦਾ ਸੁਪਨਾ ਲਿਆ ਜਿਸ ਵਿੱਚ ਸਾਰੇ ਆਪਣੇ ਹੀ ਲੱਗਣ ਤੇ ਜ਼ਾਤ, ਰੰਗ, ਨਸਲ ਆਦਿ ਕਿਸੇ ਵੀ ਆਧਾਰ 'ਤੇ ਕੋਈ ਵੀ ਪਰਾਇਆ ਨਾ ਲੱਗੇ। ਆਪਣੇ ਬਚਨ ਤੇ ਕਰਮ ਰਾਹੀਂ ਇਹ ਸੁਪਨਾ ਉਨ੍ਹਾਂ ਨੇ ਸਾਕਾਰ ਕਰ ਕੇ ਵੀ ਦਿਖਾ ਦਿੱਤਾ ਹਾਲਾਂਕਿ ਉਸ ਵੇਲੇ ਸਮਾਜ ਅੰਦਰ ਜਿਹੜੀਆਂ ਜੀਵਨ-ਕੀਮਤਾਂ ਭਾਰੂ ਹੋਈਆਂ ਪਈਆਂ ਸਨ, ਉਨ੍ਹਾਂ ਦੇ ਵਿਰੋਧ ਵਿੱਚ ਖੜੇ ਹੋ ਕੇ ਦੂਜਿਆਂ ਨੂੰ ਨਾਲ ਲੈ ਕੇ ਚੱਲਣਾ ਸੌਖੀ ਗੱਲ ਨਹੀਂ ਸੀ।


ਕਬੀਰ ਜੀ ਦੀ ਸਾਰੀ ਜ਼ਿੰਦਗੀ ਕਾਸ਼ੀ, ਜਿਸਨੂੰ ਬਨਾਰਸ ਜਾਂ ਵਾਰਾਣਸੀ ਵੀ ਕਿਹਾ ਜਾਂਦਾ ਹੈ, ਦੇ ਇਰਦ ਗਿਰਦ ਹੀ ਘੁੰਮਦੀ ਹੈ ਤੇ ਇਹ ਉਹ ਸਮਾਂ ਸੀ ਜਦੋਂ ਬਨਾਰਸ ਬ੍ਰਾਹਮਣ-ਕੱਟੜਵਾਦ ਦਾ ਗੜ੍ਹ ਬਣ ਚੁੱਕਿਆ ਸੀ। ਕਬੀਰ ਦੀ ਪਰਵਰਿਸ਼ ਕਿਉਂਕਿ 'ਨੀਵੀਂ ਜਾਤੀ' ਦੇ ਇਕ ਜੁਲਾਹੇ ਪਰਿਵਾਰ ਵਿੱਚ ਹੋਈ ਸੀ, ਇਸ ਲਈ ਉਸਨੂੰ ਆਪਣੇ ਵਿਚਾਰਾਂ ਦੇ ਪ੍ਰਚਾਰ ਵਿੱਚ ਕਾਫ਼ੀ ਮੁਸ਼ਕਿਲ ਆਈ। ਫਿਰ ਵੀ, ਕਬੀਰ ਅਤੇ ਉਨ੍ਹਾਂ ਦੇ ਪੈਰੋਕਾਰ ਸ਼ਹਿਰ ਵਿੱਚ ਕਿਸੇ ਥਾਂ ਇਕੱਠੇ ਹੋ ਜਾਂਦੇ ਤੇ ਭਗਤੀ ਕਰਦੇ। ਬ੍ਰਾਹਮਣ ਇਸ ਗੱਲ 'ਤੇ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਕਿ ਉਹ ਨੀਵੀਂ ਜਾਤੀ ਦੇ ਲੋਕਾਂ ਕੋਲ ਪ੍ਰਚਾਰ ਕਰਦਾ ਹੈ। ਕਬੀਰ ਜੀ ਆਪਣੇ ਤਰੀਕੇ ਨਾਲ ਪ੍ਰਚਲਿਤ ਕਰਮ ਕਾਂਡਾਂ, ਪੂਜਾ ਪੱਧਤੀਆਂ, ਤੀਰਥ-ਇਸ਼ਨਾਨ ਅਤੇ ਇਸ ਤਰ੍ਹਾਂ ਦੀਆਂ ਹੋਰ ਰਹੁ-ਰੀਤਾਂ ਦਾ ਮਜ਼ਾਕ ਉਡਾਉਂਦੇ, ਉਹ ਆਪਣੇ ਪੈਰੋਕਾਰਾਂ ਦੇ ਦਿਲਾਂ ਵਿੱਚ ਵੱਸਦੇ ਗਏ। ਹੋਇਆ ਇਹ ਕਿ ਕਬੀਰ ਜੀ ਨੇ ਆਪਣੇ ਪ੍ਰਵਚਨਾਂ ਤੇ ਬਾਣੀ ਦੇ ਜ਼ਰੀਏ ਆਮ ਪੇਂਡੂਆਂ ਅਤੇ 'ਨੀਵੀਂ ਜਾਤੀ' ਦੇ ਲੋਕਾਂ ਦੀ ਮਾਨਸਿਕਤਾ ਹੀ ਬਦਲ ਦਿੱਤੀ ਅਤੇ ਬ੍ਰਾਹਮਣਾਂ 'ਤੇ ਕਿੰਤੂ-ਪ੍ਰੰਤੂ ਕਰਨ ਲਈ ਉਨ੍ਹਾਂ ਅੰਦਰ ਜੁਅੱਰਤ ਪੈਦਾ ਕੀਤੀ। ਸਿਰਫ਼, ਬ੍ਰਾਹਮਣੀ-ਕਰਮ ਕਾਂਡਾਂ ਦਾ ਹੀ ਨਹੀਂ, ਮੁੱਲਾਂ ਦੁਆਰਾ ਕੀਤੇ ਜਾਂਦੇ ਕਰਮ-ਕਾਂਡਾਂ ਦਾ ਵੀ ਮਜ਼ਾਕ ਉਡਾਇਆ। ਇਸ ਮਾਮਲੇ ਵਿੱਚ ਕੀ ਹਿੰਦੂ, ਕੀ ਮੁਸਲਮਾਨ, ਉਨ੍ਹਾਂ ਲਈ ਦੋਵੇਂ ਇਕੋ ਹੀ ਸਨ। ਉਨ੍ਹਾਂ ਨੇ ਕਿਸੇ ਦਾ ਵੀ ਲਿਹਾਜ਼ ਨਹੀਂ ਕੀਤਾ। ਇਸ ਮਾਮਲੇ ਵਿੱਚ ਉਹ ਬੜੇ ਬੇ-ਪਰਵਾਹ ਸਨ।

ਉਨ੍ਹਾਂ ਦੇ ਜਨਮ ਬਾਰੇ ਵਿਦਵਾਨਾਂ ਵਿੱਚ ਚਲਿਆ ਆਇਆ ਮੱਤਭੇਦ ਹੁਣ ਇਕ ਤਰ੍ਹਾਂ ਨਾਲ ਹੱਲ ਹੋ ਹੀ ਗਿਆ ਹੈ ਤੇ ਮੰਨਿਆ ਜਾਣ ਲੱਗਿਆ ਹੈ ਕਿ ਉਨ੍ਹਾਂ ਦਾ ਜਨਮ ਬਿਕਰਮੀ ਸੰਮਤ 1455 ਨੂੰ ਬਨਾਰਸ ਦੇ ਲਹਿਰ ਤਾਰਾ ਇਲਾਕੇ ਵਿੱਚ ਹੋਇਆ। ਜਨਮ-ਸਥਾਨ ਅਤੇ ਪਰਿਵਾਰ ਬਾਰੇ ਉਨ੍ਹਾਂ ਦੀ ਰਚਨਾ ਵਿੱਚੋਂ ਵੀ ਗੱਲ ਸਾਫ਼ ਹੋ ਜਾਂਦੀ ਹੈ ਜਿਸ ਵਿੱਚ ਦੱਸਿਆ ਗਿਆ ਹੈ ਕਿ "ਤੂ ਬਾਮਨੁ ਮੈ ਕਾਸੀ ਕਾ ਜੁਲਾਹਾ, ਬੁਝਹੁ ਮੋਰ ਗਿਆਨਾ"। ਉਂਜ ਉਨ੍ਹਾਂ ਦੇ ਜੀਵਨ ਨਾਲ ਕਈ ਦੰਦ-ਕਥਾਵਾਂ ਜੁੜੀਆਂ ਹੋਈਆਂ ਹਨ ਜਿਨ੍ਹਾਂ ਵਿੱਚੋਂ ਇਕ ਇਹ ਵੀ ਹੈ ਕਿ ਉਨ੍ਹਾਂ ਨੂੰ ਇਕ ਵਿਧਵਾ ਔਰਤ ਨੇ ਜਨਮ ਦੇ ਕੇ ਸੁੱਟ ਦਿੱਤਾ ਸੀ ਅਤੇ ਨੀਰੂ ਨਾਂਅ ਦੇ ਇਕ ਮੁਸਲਮਾਨ ਜੁਲਾਹੇ ਨੇ ਉਨ੍ਹਾਂ ਨੂੰ ਆਪਣੇ ਘਰ ਲਿਆ ਕੇ ਉਨ੍ਹਾਂ ਦਾ ਪਾਲਣ ਪੋਸ਼ਣ ਕੀਤਾ ਅਤੇ ਆਪਣਾ ਧੰਦਾ ਵੀ ਸਿਖਾਇਆ। ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ ਲੋਈ ਨਾਲ ਗ੍ਰਹਿਸਥ ਜੀਵਨ ਵਿੱਚ ਵੀ ਪ੍ਰਵੇਸ਼ ਕੀਤਾ।

ਕਬੀਰ ਜੀ ਦਾ ਪਰਿਵਾਰ ਵਾਰਾਣਸੀ ਵਿੱਚ ਜਿਸ ਇਲਾਕੇ ਵਿੱਚ ਰਹਿੰਦਾ ਸੀ ਉਸ ਨੂੰ ਹੁਣ 'ਕਬੀਰ ਚੌਰਾ' ਕਰਕੇ ਜਾਣਿਆ ਜਾਂਦਾ ਹੈ। ਇਥੇ ਹੀ ਪਿਛਲੇ ਪਾਸੇ ਕਬੀਰ ਮੱਠ ਹੈ ਜਿੱਥੇ ਉਨ੍ਹਾਂ ਦੀ ਯਾਦ ਵਿੱਚ ਸਮਾਗਮ ਕਰਵਾਏ ਜਾਂਦੇ ਹਨ। ਇਥੇ ਹੀ ਇਕ 'ਨੀਰੂ ਟਿੱਲਾ' ਵੀ ਹੈ ਜਿੱਥੇ ਨੀਰੂ ਜੁਲਾਹੇ ਤੇ ਉਸਦੀ ਪਤਨੀ ਦੀਆਂ ਸਮਾਧਾਂ ਹਨ। ਕਬੀਰ ਜੀ ਬਾਰੇ ਜਿਹੜੇ ਵਿਦਿਆਰਥੀ ਖੋਜ ਕਰਨ ਜਾਂ ਉਨ੍ਹਾਂ ਦੀ ਬਾਣੀ ਦਾ ਅਧਿਐਨ ਕਰਨ ਆਉਂਦੇ ਹਨ, ਉਨ੍ਹਾਂ ਲਈ ਇਥੇ ਹੀ ਠਹਿਰਨ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਹੈ।

ਕਬੀਰ ਜੀ ਨੇ ਆਪਣੀਆਂ ਰਚਨਾਵਾਂ ਵਿੱਚ ਬੜੀ ਸਾਦੀ ਤੇ ਆਮ ਲੋਕਾਂ ਦੇ ਸਮਝ ਆਉਣ ਵਾਲੀ ਬੋਲੀ ਵਰਤੀ। ਉਨ੍ਹਾਂ ਦੇ ਦੋਹੇ ਅੱਜ ਵੀ ਲੋਕਾਂ ਦੀ ਜ਼ੁਬਾਨ 'ਤੇ ਹਨ।

ਕਬੀਰ ਜੀ ਦੀ ਬਾਣੀ ਵਿੱਚ ਸਦਾਚਾਰਕ ਸੁਰ ਭਾਰੂ ਹੈ ਤੇ ਉਹ ਇਨਸਾਨ ਨੂੰ ਸੱਚੀ ਭਗਤੀ ਲਈ ਬਾਹਰੀ ਕਰਮ ਕਾਂਡਾਂ ਵੱਲੋਂ ਹਟਾ ਕੇ ਅੰਤਰ-ਆਤਮਾ ਵੱਲ ਮੋੜਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਬੀਰ ਜੀ ਦੇ 17 ਰਾਗਾਂ ਵਿੱਚ 227 ਚੌਪਦੇ ਅਤੇ 237 ਸਲੋਕ ਹਨ ਜੋ ਕਿ ਦੂਜੇ ਸੰਤਾਂ-ਭਗਤਾਂ ਦੀ ਬਾਣੀ ਨਾਲੋਂ ਜ਼ਿਆਦਾ ਹੈ। 'ਕਬੀਰ ਗ੍ਰੰਥਾਵਲੀ' ਅਤੇ 'ਬੀਜਕ' ਨਾਂ ਦੇ ਦੋ ਸੰਗ੍ਰਿਹਾਂ ਵਿੱਚ ਵੀ ਉਨ੍ਹਾਂ ਦੀ ਰਚਨਾ ਮਿਲਦੀ ਹੈ।



*ਗੁਰੂ ਗੋਬਿੰਦ ਦੋਨੋ ਖੜੇ ਕਾਕੇ ਲਾਗੂੰ ਪਾਇ*
*ਬਲਿਹਾਰੀ ਗੁਰੁ ਆਪਨੇ ਜਿਨ ਗੋਬਿੰਦ ਦੀਓ ਮਿਲਾਏ॥*
*ਬੜਾ ਹੂਆ ਤੋ ਕਿਆ ਹੂਆ ਜੈਸੇ ਪੇੜ ਖਜੂਰ*
*ਪੰਥੀ ਕੋ ਛਾਇਆ ਨਹੀਂ ਫਲ ਲਾਗੇ ਅਤੀ ਦੂਰ॥*

ਪ੍ਰਭੂ-ਭਗਤੀ ਵਿੱਚ ਲੀਨ ਹੋ ਕੇ ਸਾਦੇ, ਸ਼ਾਂਤ, ਠਹਿਰਾਓ ਅਤੇ ਸੰਤੋਖ ਵਾਲੀ ਜ਼ਿੰਦਗੀ ਬਸਰ ਕਰਨ ਲਈ ਅੱਜ ਵੀ ਉਨ੍ਹਾਂ ਦੀ ਰਚਨਾ ਬਰਾਬਰ ਮਾਰਗ-ਦਰਸ਼ਨ ਕਰਦੀ ਹੈ।

ਅਜਿਹਾ ਨਹੀਂ ਕਿ ਉਨ੍ਹਾਂ ਨੇ ਸਿਰਫ਼ ਪ੍ਰਚਲਿਤ ਧਾਰਮਿਕ ਮਾਨਤਾਵਾਂ ਦਾ ਵਿਰੋਧ ਹੀ ਕੀਤਾ, ਸਗੋਂ ਹਿੰਦੂ ਧਰਮ ਵੱਲੋਂ ਉਨ੍ਹਾਂ ਨੇ ਮੁੜ ਅਵਤਾਰ ਧਾਰਨ ਅਤੇ ਕਰਮ ਦੇ ਸਿਧਾਂਤ ਨੂੰ ਸਵੀਕਾਰ ਕੀਤਾ ਅਤੇ ਇਸਲਾਮ ਵੱਲੋਂ ਇਕ ਈਸ਼ਵਰ ਵਿੱਚ ਅਕੀਦਾ ਅਤੇ ਜਾਤ ਪਾਤ ਤੇ ਬੁੱਤ-ਪ੍ਰਸਤੀ ਨੂੰ ਅਸਵੀਕਾਰ ਕਰਨਾ ਸਿੱਖਿਆ। ਕਬੀਰ ਜੀ ਦਾ ਮੰਨਣਾ ਹੈ ਕਿ ਸਾਰਾ ਜੀਵਨ ਦੋ ਅਧਿਆਤਮਕ ਸਿਧਾਂਤਾਂ 'ਤੇ ਟਿਕਿਆ ਹੋਇਆ ਹੈ: ਇਕ ਹੈ ਜੀਵ-ਆਤਮਾ ਤੇ ਦੂਜਾ ਹੈ ਪਰਮਾਤਮਾ। ਇਹਨਾਂ ਦੋਹਾਂ ਨੂੰ ਮੰਨਣ ਨਾਲ ਹੀ ਮੁਕਤੀ ਮਿਲਦੀ ਹੈ।

ਕਬੀਰ ਜੀ ਦੀ ਖ਼ਾਸੀਅਤ ਹੀ ਇਸ ਗੱਲ ਵਿੱਚ ਹੈ ਕਿ ਉਹ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਦੇ ਮਨਾਂ ਅੰਦਰ ਇਕ ਆਦਰਯੋਗ ਅਧਿਆਤਮਕ ਸ਼ਖ਼ਸੀਅਤ ਵਜੋਂ ਬਰਾਬਰ ਵੱਸੇ ਹੋਏ ਹਨ। ਕਿਹਾ ਜਾਂਦਾ ਹੈ ਕਿ ਜਦੋਂ ਉਨ੍ਹਾਂ ਨੇ ਆਪਣੀ ਦੇਹ ਤਿਆਗੀ ਉਦੋਂ ਉਨ੍ਹਾਂ ਦੀਆਂ ਅੰਤਿਮ ਰਸਮਾਂ ਬਾਰੇ ਹਿੰਦੂ ਅਤੇ ਮੁਸਲਿਮ ਪੈਰੋਕਾਰਾਂ ਦਰਮਿਆਨ ਤਕਰਾਰ ਹੋ ਗਿਆ। ਜਦੋਂ ਉਨ੍ਹਾਂ ਨੇ ਕਬੀਰ ਜੀ ਦੀ ਦੇਹ ਤੋਂ ਚਾਦਰ ਉਠਾਈ ਤਾਂ ਉਨ੍ਹਾਂ ਨੂੰ ਦੇਹ ਦੀ ਜਗ੍ਹਾ ਫੁੱਲ ਪਏ ਹੋਏ ਮਿਲੇ। ਇਹ ਫੁੱਲ ਦੋਹਾਂ ਨੇ ਅੱਧੇ ਅੱਧੇ ਵੰਡ ਲਏ। ਮੁਸਲਮਾਨ ਪੈਰੋਕਾਰਾਂ ਨੇ ਆਪਣੇ ਹਿੱਸੇ ਦੇ ਫੁੱਲ ਦਫ਼ਨਾ ਦਿੱਤੇ ਤੇ ਹਿੰਦੂ ਪੈਰੋਕਾਰਾਂ ਨੇ ਆਪਣੇ ਹਿੱਸੇ ਦੇ ਫੁੱਲਾਂ ਦਾ ਸਸਕਾਰ ਕਰ ਦਿੱਤਾ। ਸਮਾਜਿਕ ਪਰਵਾਨਗੀ ਦੀ ਇਸ ਤੋਂ ਵੱਡੀ ਮਿਸਾਲ ਦੇਣੀ ਮੁਸ਼ਕਿਲ ਹੈ। ■

# ਕਬੱਡੀ ਕਬੱਡੀ ਕਬੱਡੀ

**ਨਵਦੀਪ ਸਿੰਘ ਗਿੱਲ**

ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਨੇ ਜਦੋਂ ਕੱਖਾਂ ਤੋਂ ਲੱਖਾਂ ਦਾ ਸਫਰ ਤੈਅ ਕੀਤਾ ਅਤੇ ਕਬੱਡੀ ਮੈਚ ਵੀ ਕੱਲਰਾਂ ਤੋਂ ਸਟੇਡੀਅਮ ਵਿੱਚ ਹੋਣ ਲੱਗੀ ਤਾਂ ਹਰ ਕੋਈ ਕਹਿਣ ਲੱਗਿਆ ਕਿ ਇਹ ਹੁਣ ਕਬੱਡੀ ਖੇਡ ਦਾ ਸਿਖਰ ਹੈ। ਪਿਛਲੇ ਵਰ੍ਹੇ ਪੰਜਾਬ ਸਰਕਾਰ ਨੇ ਇਕ ਕਰੋੜ ਦੀ ਇਨਾਮ-ਰਾਸ਼ੀ ਨਾਲ ਕਬੱਡੀ ਦਾ ਪਲੇਠਾ ਵਿਸ਼ਵ ਕੱਪ ਕਰਵਾ ਕੇ ਸਾਰੇ ਰਿਕਾਰਡ ਹੀ ਤੋੜ ਦਿੱਤੇ। ਮਨ ਪਰਚਾਵੇਂ ਦੀ ਖੇਡ ਨੇ ਪੇਸ਼ੇਵਾਰ ਰੂਪ ਧਾਰ ਲਿਆ ਅਤੇ ਕਬੱਡੀ ਦੀਆਂ ਗੱਲਾਂ ਪਿੰਡ ਦੀਆਂ ਸੱਥਾਂ ਤੋਂ ਨਿਕਲ ਕੇ ਕਸਬਿਆਂ ਅਤੇ ਵੱਡੇ ਸ਼ਹਿਰਾਂ ਵਿੱਚ ਹੋਣ ਲੱਗੀਆਂ। ਕਬੱਡੀ ਖਿਡਾਰੀਆਂ ਨੂੰ ਵੀ ਬਾਕੀ ਖੇਡਾਂ ਦੇ ਖਿਡਾਰੀਆਂ ਵਾਂਗ ਖੇਡ ਦੇ ਬਲਬੂਤੇ ਸਰਕਾਰੀ ਨੌਕਰੀਆਂ ਮਿਲੀਆਂ। ਕਬੱਡੀ ਹੁਣ ਸਕਾਈਡੋਮ 'ਤੇ ਵੀ ਪੁੱਜ ਗਈ ਹੈ। ਕਬੱਡੀ ਦੇ ਮੁਕਾਬਲੇ ਛੋਟੇ-ਛੋਟੇ ਪੇਂਡੂ ਖੇਡ ਮੇਲਿਆਂ ਤੋਂ ਸ਼ੁਰੂ ਹੋ ਕੇ ਹੁਣ ਵਿਸ਼ਵ ਕੱਪ ਤੱਕ ਪਹੁੰਚ ਗਏ ਹਨ। ਕਿਸੇ ਵੇਲੇ ਮਨ ਪਰਚਾਵੇ ਵਜੋਂ ਢਾਣੀਆਂ/ਪਿੰਡਾਂ ਵਿੱਚ ਖੇਡੀ ਜਾਂਦੀ ਕਬੱਡੀ ਲਈ ਕੋਈ ਖੇਡ ਮੈਦਾਨ ਨਹੀਂ ਬਲਕਿ ਖੇਤ, ਟਿੱਬੇ, ਚਰਗਾਹਾਂ, ਸੱਥਾਂ ਆਦਿ ਹੁੰਦੀਆਂ ਸਨ। ਹੁਣ ਕਬੱਡੀ ਮੁਕਾਬਲੇ ਵੱਡੇ ਸਟੇਡੀਅਮਾਂ ਵਿੱਚ ਰਾਤਾਂ ਦੀਆਂ ਫਲੱਡ ਲਾਈਟਾਂ ਹੇਠ ਹੁੰਦੇ ਹਨ।

ਕਬੱਡੀ ਅੱਜ ਬੁਲੰਦੀ 'ਤੇ ਹੈ। ਇਸ ਨੂੰ ਖੇਡਣ ਵਾਲੇ ਹੀਰੋ ਬਣ ਗਏ ਹਨ। ਅੱਜ ਘਰ-ਘਰ ਸਰਾਵਾਂ ਵਾਲੇ ਸੁਖਬੀਰ, ਮੰਗੀ ਬੱਗ, ਮੂਨਕ ਵਾਲੇ ਗੁਲਜ਼ਾਰੀ, ਸੁਰਖਪੁਰੀਏ ਵਾਲੇ ਦੁੱਲੇ ਤੇ ਸੰਦੀਪ ਅਤੇ ਬਿੱਟੂ ਦੁਗਾਲ ਦੀਆਂ ਗੱਲਾਂ ਹੁੰਦੀਆਂ ਹਨ। ਇਹ ਖਿਡਾਰੀ ਮਕਬੂਲੀਅਤ ਪੱਖੋਂ ਹੁਣ ਸਚਿਨ ਤੇਂਦੂਲਕਰ, ਸਾਨੀਆ ਮਿਰਜ਼ਾ, ਲਿਏਂਡਰ ਪੇਸ, ਵਿਜੇਂਦਰ ਸਿੰਘ ਜਾਂ ਅਭਿਨਵ ਬਿੰਦਰਾ ਤੋਂ ਘੱਟ ਨਹੀਂ ਹਨ। ਕਬੱਡੀ ਦਾ ਸਭ ਤੋਂ ਮਕਬੂਲ ਰੂਪ ਦਾਇਰੇ ਵਾਲਾ ਕਬੱਡੀ (ਸਰਕਲ ਸਟਾਈਲ) ਹੈ ਪਰ ਇਸ ਖੇਡ ਦੀ ਊਣਤਾਈ ਇਹ ਸੀ ਕਿ ਇਹ ਦਾਇਰੇ (ਨਿਯਮਾਂ ਨਾਲ) ਵਿੱਚ ਨਹੀਂ ਖੇਡੀ ਜਾਂਦੀ ਸੀ। ਕਬੱਡੀ ਦਾ ਇਤਿਹਾਸ ਭਾਵੇਂ ਕਾਫੀ ਪੁਰਾਣਾ ਹੈ ਪਰ ਇਸ ਨੂੰ ਮਕਬੂਲ ਕਰਨ ਵਿੱਚ ਸਰਵਣ ਬੱਲ, ਰੱਤੂ, ਮਹਿੰਦਰ ਬੋਲਾ, ਦੇਵੀ ਦਿਆਲ, ਬਲਵਿੰਦਰ ਫਿੱਡੂ, ਸ਼ਿਵਦੇਵ ਸਿੰਘ, ਹਰਜੀਤ ਬਰਾੜ (ਬਾਜਾਖਾਨਾ), ਕਾਲਾ ਗਾਜੀਆਣਾ ਦਾ ਬਹੁਤ ਅਹਿਮ ਰੋਲ ਹੈ। 20ਵੀਂ ਸਦੀ ਦੇ ਅਖੀਰ ਵਿੱਚ ਕਬੱਡੀ ਲੱਖਾਂ ਤੱਕ ਤਾਂ ਪੁੱਜ ਗਈ ਸੀ ਪਰ ਇਸ ਦੇ ਕੋਈ ਤੈਅ ਨਿਯਮ ਜਾਂ ਕੋਈ ਬੱਝਵੇਂ ਮਾਨਤਾ-ਪ੍ਰਾਪਤ ਮੁਕਾਬਲੇ ਨਾ ਹੋਣ ਕਰਕੇ ਇਸ ਨੂੰ ਬਾਕੀ ਖੇਡਾਂ ਜਿੰਨਾ ਥਾਂ ਨਹੀਂ ਮਿਲਿਆ ਸੀ। 21ਵੀਂ ਸਦੀ ਵਿੱਚ ਕਬੱਡੀ ਨੂੰ ਨਿਯਮਾਂ ਵਿੱਚ ਬੰਨ੍ਹ ਕੇ ਇਸ ਨੂੰ ਬਣਦਾ ਮਾਣ ਦਿਵਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ ਜਿਹੜੀਆਂ ਪਹਿਲੇ ਦਹਾਕੇ ਦੇ ਅਖੀਰ ਤੱਕ ਸਿਰੇ ਚੜ੍ਹੀਆਂ। ਸਭ ਤੋਂ ਵੱਡੀ ਦਿੱਕਤ ਤਾਂ ਇਸ ਖੇਡ ਨਾਲ ਜੁੜੀਆਂ ਵੱਖ-ਵੱਖ ਐਸੋਸੀਏਸ਼ਨਾਂ ਨੂੰ ਇਕੱਠਿਆਂ ਜੋੜਨਾ ਸੀ। ਇਹ ਕੰਮ ਬਹੁਤ ਔਖਾ ਸੀ। ਪੰਜਾਬ ਦਾ ਖੇਡ ਮੰਤਰਾਲਾ ਸਾਂਭ ਰਹੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਪਹਿਲਕਦਮੀ ਕਰਦਿਆਂ 2008 ਵਿੱਚ ਹਜ਼ੂਰ ਸਾਹਿਬ ਦੀ ਧਰਤੀ 'ਤੇ ਗੁਰਤਾ-ਗੱਦੀ ਸ਼ਤਾਬਦੀ ਸਮਾਗਮ ਮੌਕੇ ਕਬੱਡੀ ਦੇ ਪਲੇਠੇ ਵਿਸ਼ਵ ਕੱਪ ਦਾ ਐਲਾਨ ਕਰ ਦਿੱਤਾ। ਸ. ਬਾਦਲ ਨੇ ਇਸ ਤੋਂ ਬਾਅਦ ਕਬੱਡੀ ਨੂੰ ਬਾਕੀ ਖੇਡਾਂ ਵਾਂਗ ਖੇਡ ਵਿਭਾਗ ਦੀਆਂ ਮਾਨਤਾ ਵਾਲੀ ਸੂਚੀ ਵਿੱਚ ਦਰਜ ਕਰਵਾ ਦਿੱਤਾ।

ਕਬੱਡੀ ਵਿਸ਼ਵ ਕੱਪ ਦੀ ਵਿਉਂਤਬੰਦੀ ਹੋ ਗਈ ਹੈ। ਖੇਡਾਂ ਤੇ ਯੁਵਕ ਮਾਮਲਿਆਂ ਦੇ ਸਕੱਤਰ ਪੀ.ਐਸ.ਔਜਲਾ, ਖੇਡ ਵਿਭਾਗ ਦੇ ਡਾਇਰੈਕਟਰ ਪਰਗਟ ਸਿੰਘ ਅਤੇ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਮਲੂਕਾ ਦੀ ਅਗਵਾਈ ਵਿੱਚ ਕਬੱਡੀ ਵਿਸ਼ਵ ਕੱਪ ਦਾ ਖਾਕਾ ਉਲੀਕਿਆ ਗਿਆ। ਪ੍ਰਿੰਸੀਪਲ ਸਰਵਣ ਸਿੰਘ, ਦੇਵੀ ਦਿਆਲ, ਮੱਖਣ ਸਿੰਘ ਹਕੀਮਪੁਰ ਤੇ ਸੰਤੋਖ ਸਿੰਘ ਮੰਡੇਰ ਨੇ ਤਕਨੀਤੀ ਤੌਰ 'ਤੇ ਮੱਦਦ ਕੀਤੀ। ਅਪਰੈਲ 2010 ਵਿੱਚ

## ਸਰਕਲ ਸਟਾਈਲ ਕਬੱਡੀ

ਪੰਜਾਬੀਆਂ ਵਿੱਚ ਸਭ ਤੋਂ ਵੱਧ ਮਕਬੂਲ ਕਬੱਡੀ ਸਰਕਲ ਸਟਾਈਲ ਹੈ ਜਿਸ ਨੂੰ ਪੰਜਾਬੀਆਂ ਦੀ ਮਾਂ-ਖੇਡ ਕਿਹਾ ਜਾਂਦਾ ਹੈ। ਇਹ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਮੁੱਖ ਖੇਡ ਹੈ ਪਰ ਹੁਣ ਜਿਸ ਮੁਲਕ ਵਿੱਚ ਪੰਜਾਬੀ ਰਹਿੰਦੇ ਹਨ, ਉਥੇ ਇਹ ਬਹੁਤ ਮਕਬੂਲ ਹੋ ਗਈ ਹੈ। ਇਹਦੇ ਟੂਰਨਾਮੈਂਟ ਭਾਰਤ ਤੇ ਪਾਕਿਸਤਾਨ ਤੋਂ ਬਿਨਾਂ ਇੰਗਲੈਂਡ, ਕੈਨੇਡਾ, ਅਮਰੀਕਾ, ਇਟਲੀ, ਹਾਲੈਂਡ, ਜਰਮਨੀ, ਸਪੇਨ, ਆਸਟਰੀਆ, ਬੈਲਜੀਅਮ, ਨਾਰਵੇ, ਨਿਊਜ਼ੀਲੈਂਡ, ਆਸਟ੍ਰੇਲੀਆ, ਕੀਨੀਆ, ਮਲਾਇਆ, ਸਿੰਗਾਪੁਰ ਤੇ ਅਰਬ ਦੇਸ਼ਾਂ ਵਿੱਚ ਵੀ ਹੋਣ ਲੱਗ ਪਏ ਹਨ। ਪੰਜਾਬ ਸਰਕਾਰ ਵੱਲੋਂ ਸਰਕਲ ਸਟਾਈਲ ਕਬੱਡੀ ਦੇ ਕਰਵਾਏ ਗਏ ਪਲੇਠੇ 'ਵਿਸ਼ਵ ਕਬੱਡੀ ਕੱਪ' ਵਿੱਚ ਇਰਾਨ ਦੀ ਟੀਮ ਨੇ ਹਿੱਸਾ ਲਿਆ ਜਿਹੜੀ ਨਿਰੋਲ ਤੌਰ 'ਤੇ ਇਰਾਨੀ ਵਾਸੀਆਂ 'ਤੇ ਆਧਾਰਿਤ ਸੀ। ਸਰਕਲ ਸਟਾਈਲ ਕਬੱਡੀ ਲਈ ਇਹ ਸ਼ੁਭ ਸ਼ਗਨ ਹੈ ਕਿ ਇਹ ਹੋਰਨਾਂ ਮੁਲਕਾਂ ਵਿੱਚ ਵੀ ਮਕਬੂਲ ਹੋ ਰਹੀ ਹੈ। ਪਹਿਲੇ ਵਿਸ਼ਵ ਕੱਪ ਵਿੱਚ 9 ਮੁਲਕਾਂ ਨੇ ਹਿੱਸਾ ਲਿਆ। ਜੇ ਇਹ ਗਿਣਤੀ ਇਸ ਤਰ੍ਹਾਂ ਵਧਦੀ ਰਹੀ ਤਾਂ ਸੰਭਵ ਹੈ ਕਿ ਕਿਸੇ ਵੇਲੇ ਇਹ ਓਲੰਪਿਕ ਖੇਡਾਂ ਦਾ ਵੀ ਹਿੱਸਾ ਬਣ ਜਾਵੇ।

ਪੰਜਾਬ ਸਟਾਈਲ ਖੇਡਣ ਲਈ ਪਝੰਤਰ ਫੁੱਟ ਦਾ ਦਾਇਰਾ ਲਾਇਆ ਜਾਂਦਾ ਹੈ। ਪੰਜਾਬ ਸਟਾਈਲ ਕਬੱਡੀ 'ਚ 'ਕੱਲੇ ਨੂੰ 'ਕੱਲਾ ਫੜ੍ਹਦਾ ਹੈ ਤੇ ਕਿਸੇ ਨੂੰ ਵੀ ਮੈਦਾਨ 'ਚੋਂ ਬਾਹਰ ਨਹੀਂ ਭੇਜਿਆ ਜਾਂਦਾ। ਜੇ ਦੋ ਜਣੇ ਫੜ੍ਹਨ ਤਾਂ ਫਾਊਲ ਗਿਣਿਆ ਜਾਂਦੈ। ਪੰਜਾਬੀਆਂ ਨੂੰ 'ਕੱਲੇ ਨਾਲ 'ਕੱਲਾ ਟੱਕਰਨ ਵਾਲੀ ਖੇਡ ਹੀ ਚੰਗੀ ਲੱਗਦੀ ਹੈ। ਸਰਕਲ ਸਟਾਈਲ ਕਬੱਡੀ ਪੰਜਾਬੀਆਂ ਲਈ ਸਰੀਰਕ ਕਰਤਬਾਂ ਦੀ ਸ਼ਾਇਰੀ ਹੈ। ਇਹਦੇ ਵਿੱਚ ਪੰਜਾਬੀ ਬਹੁਤ ਕੁਝ ਵੇਖਦੇ ਹਨ। ਆਪਣਾ ਇਤਿਹਾਸ, ਸੂਰਬੀਰਤਾ, ਜਿਗਰਾ, ਸਿਰੜ, ਸਹਿਣਸ਼ੀਲਤਾ, ਦਮ ਤੇ ਆਪਣੀ ਤਾਕਤ। ਪੰਜਾਬ ਦੀ ਭੂਗੋਲਿਕ ਸਥਿਤੀ ਅਜਿਹੀ ਸੀ ਕਿ ਇਸ ਦੀ ਧਰਤੀ ਸਦੀਆਂ ਬੱਧੀ ਹਮਲਿਆਂ ਤੇ ਠੱਲ੍ਹਾਂ ਦਾ ਮੈਦਾਨ ਬਣੀ ਰਹੀ। ਪੰਜਾਬੀ ਹਮਲਾਵਰਾਂ ਨੂੰ ਡੱਕਦੇ ਤੇ ਮਰਦੇ ਮਾਰਦੇ। ਹਮਲਾਵਰ ਤਕੜਾ ਹੁੰਦਾ ਤਾਂ ਮਾਰ ਧਾੜ ਕਰ ਕੇ ਆਪਣੇ ਘਰ ਪਰਤ ਜਾਂਦਾ। ਰਾਖੇ ਤਕੜੇ ਹੁੰਦੇ ਤਾਂ ਹਮਲਾਵਰ ਮਾਰਿਆ ਜਾਂਦਾ। ਇਸ ਕਰਮ ਨੂੰ ਕਬੱਡੀ ਦੀ ਖੇਡ ਵਿੱਚ ਵਾਰ ਵਾਰ ਦੁਹਰਾਇਆ ਜਾਂਦਾ ਤੇ ਇਸ ਕਾਰਨ ਇਹ ਖੇਡ ਪੰਜਾਬੀਆਂ ਦੇ ਮਨਾਂ ਨੂੰ ਵਧੇਰ ਟੁੰਬਦੀ ਹੈ। ਕਬੱਡੀ ਨੈਸ਼ਨਲ ਸਟਾਈਲ ਵਿੱਚ ਹਾਲੇ ਵੀ ਕਬੱਡੀ ਕਬੱਡੀ ਬੋਲੀ ਜਾਂਦੀ ਹੈ ਪਰ ਪੰਜਾਬ ਸਟਾਈਲ ਕਬੱਡੀ ਵਿੱਚ ਰੇਡ ਦਾ ਸਮਾਂ ਨਿਸ਼ਚਿਤ ਹੋ ਜਾਣ ਕਾਰਨ 'ਕਬੱਡੀ' ਬੋਲਣਾ ਬੰਦ ਹੋ ਗਿਆ ਹੈ।



ਪਹਿਲਾ ਕਬੱਡੀ ਵਿਸ਼ਵ ਕੱਪ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਖੇਡਿਆ ਗਿਆ। ਪਟਿਆਲਾ ਦੇ ਰੰਗਾਰੰਗ ਉਦਘਾਟਨੀ ਸਮਾਰੋਹ ਤੋਂ ਬਾਅਦ ਸੰਗਰੂਰ, ਜਲੰਧਰ, ਹੁਸ਼ਿਆਰਪੁਰ, ਗੁਰਦਾਸਪੁਰ ਤੇ ਅੰਮ੍ਰਿਤਸਰ ਵਿਖੇ ਲੀਗ ਮੁਕਾਬਲੇ ਹੋਏ। ਬਠਿੰਡਾ ਵਿਖੇ ਲੱਖਾਂ ਦਰਸ਼ਕਾਂ ਦੀ ਹਾਜ਼ਰੀ ਵਿੱਚ ਗਹਿ ਗੱਚ ਸੈਮੀ ਫਾਈਨਲ ਹੋਏ। ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਦੂਧੀਆ ਰੌਸ਼ਨੀ ਵਿੱਚ ਫਾਈਨਲ ਖੇਡਿਆ ਜਿਹੜਾ ਭਾਰਤ ਨੇ ਪਾਕਿਸਤਾਨ ਨੂੰ ਇਕਪਾਸੜ ਮੁਕਾਬਲੇ ਵਿੱਚ ਹਰਾ ਕੇ ਜਿੱਤਿਆ। 9 ਦੇਸ਼ਾਂ ਦੀ ਸ਼ਮੂਲੀਅਤ ਨਾਲ ਇਹ ਵਿਸ਼ਵ ਕੱਪ ਕਬੱਡੀ ਦਾ ਸਿਖਰ ਹੋ ਨਿਬੜਿਆ। ਫਾਈਨਲ ਮੈਚ ਦੇ ਮੁੱਖ ਮਹਿਮਾਨ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਮੌਕੇ 'ਤੇ ਹੀ ਪੰਜਾਬ ਦੇ ਖਿਡਾਰੀਆਂ ਨੂੰ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਜਿਹੜਾ ਖਿਡਾਰੀਆਂ ਨੂੰ ਮੰਡੀਕਰਨ ਬੋਰਡ ਵਿੱਚ ਨੌਕਰੀ ਦੇ ਕੇ ਪੂਰਾ ਵੀ ਕਰ ਦਿੱਤਾ ਗਿਆ। ਖਿਡਾਰੀਆਂ ਨੂੰ ਇਕ ਕਰੋੜ ਦਾ ਇਨਾਮ ਵੱਖਰਾ ਮਿਲਿਆ। ਪੰਜਾਬ ਸਰਕਾਰ ਵੱਲੋਂ ਹੁਣ ਵਿਸ਼ਵ ਕਬੱਡੀ ਲੀਗ ਦੀ ਯੋਜਨਾ ਬਣਾਈ ਜਾ ਰਹੀ ਹੈ।

ਕਬੱਡੀ ਖੇਡ ਹੁਣ ਸਿਖਰ 'ਤੇ ਹੈ ਅਤੇ ਲੋੜ ਹੈ ਇਸ ਨੂੰ ਮਿਲੇ ਮਾਣ-ਸਨਮਾਨ ਨੂੰ ਬਰਕਰਾਰ ਰੱਖਣ ਦੀ। ਪਿੰਡ-ਪਿੰਡ ਹੁੰਦੇ ਕਬੱਡੀ ਟੂਰਨਾਮੈਂਟ ਅਤੇ ਕਬੱਡੀ ਕੱਪ ਕਰਵਾਉਣ ਵਾਲੇ ਪ੍ਰਬੰਧਕਾਂ ਨੂੰ ਨਿਯਮਾਂ ਹੇਠ ਹੀ ਮੁਕਾਬਲੇ ਕਰਵਾਉਣੇ ਚਾਹੀਦੇ ਹਨ। ਕਬੱਡੀ ਨੂੰ ਲੱਗੇ ਡਰੱਗ ਦੇ ਜੱਫੇ ਨੂੰ ਵੀ ਦੂਰ ਕਰਨ ਦੀ ਲੋੜ ਹੈ। ਵਿਸ਼ਵ ਕੱਪ ਦੌਰਾਨ ਡੋਪਿੰਗ ਦੇ ਦੋਸ਼ੀ ਖਿਡਾਰੀ ਟੀਮ 'ਚੋਂ ਬਾਹਰ ਕੀਤੇ ਗਏ ਸਨ ਅਤੇ ਲੋੜ ਹੈ ਕਿ ਹਰ ਖੇਡ ਮੇਲੇ ਵਿੱਚ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਹੋਣ। ਉਹ ਦਿਨ ਦੂਰ ਨਹੀਂ ਜਦੋਂ ਸਰਕਲ ਸਟਾਈਲ ਕਬੱਡੀ ਕਿਸ ਵੇਲੇ ਏਸ਼ਿਆਈ/ਰਾਸ਼ਟਰਮੰਡਲ/ਓਲੰਪਿਕ ਖੇਡਾਂ ਦਾ ਹਿੱਸਾ ਹੋਵੇਗੀ। ■

## ਇਤਿਹਾਸ ਤੇ ਵੱਖ-ਵੱਖ ਰੂਪ

ਕਬੱਡੀ ਦੇ ਕਈ ਰੂਪ ਤੇ ਨਾਂ ਪ੍ਰਚਲਿਤ ਰਹੇ ਹਨ। ਕਦੇ ਇਸ ਨੂੰ ਖੇਡ ਚੜ੍ਹਨਾ ਕਿਹਾ ਜਾਂਦਾ ਸੀ। ਕਦੇ ਸੌਂਚੀ ਕੱਚੀ ਤੇ ਕਦੇ ਸੌਂਚੀ ਪੱਕੀ। ਸ਼ਮਲਿਆਂ ਵਾਲੀ, ਪੀਰ ਕੌਡੀ, ਪੜ ਕੌਡੀ, ਬੱਧੀ, ਬੈਠਵੀਂ, ਬੁਰਜੀਆਂ ਵਾਲੀ, ਘੋੜ ਕਬੱਡੀ, ਦੋਧ, ਚੀਰਵੀਂ ਤੇ ਚਾਟਾਂ ਵਾਲੀ ਇਸ ਦੇ ਨਾਂ ਰਹੇ ਹਨ। ਇਸ ਨੂੰ ਅੰਬਰਸਰੀ, ਫਿਰੋਜ਼ਪੁਰੀ, ਲਾਹੌਰੀ, ਮੁਲਤਾਨੀ, ਲਾਇਲਪੁਰੀ, ਬਹਾਵਲਪੁਰੀ ਤੇ ਅੰਬਾਲਵੀ ਵੀ ਆਖਿਆ ਜਾਂਦਾ ਰਿਹਾ। ਮਾਝੇ 'ਚ ਢੇਰੀ ਵਾਲੀ ਕਬੱਡੀ ਅੱਜ ਵੀ ਖੇਡੀ ਜਾਂਦੀ ਹੈ। ਕਿਤੇ ਕੌਡੀ-ਕੌਡੀ ਬੋਲੀ ਜਾਂਦੀ, ਕਿਤੇ ਗੁੰਗੀ ਰਹਿੰਦੀ। ਸਮੇਂ ਨਾਲ ਕਬੱਡੀ ਦੇ ਇਹ ਸਾਰੇ ਰੂਪ ਦਾਇਰੇ ਵਾਲੀ ਕਬੱਡੀ ਵਿੱਚ ਢਲ ਗਏ ਹਨ। ਜ਼ੋਰ-ਅਜ਼ਮਾਈ ਕਰਦਿਆਂ ਇਹ ਧਾਵੀ ਨੂੰ ਜਾਫੀ ਰਾਹੀਂ ਪਕੜ ਕੇ ਰੱਖਣ ਵਾਲੀ ਖੇਡ ਹੈ। ਇਸ ਵਿੱਚ ਕਿਸੇ ਖੇਡ-ਸਾਮਾਨ ਦੀ ਲੋੜ ਨਹੀਂ ਪੈਂਦੀ। 'ਕੱਲੇ ਜਾਂਘੀਏ, ਲੰਗੋਟ ਤੇ ਕੱਛੇ ਪਾ ਕੇ ਹੀ ਇਹ ਖੇਡ ਸਦੀਆਂ ਤੋਂ ਖੇਡੀ ਜਾ ਰਹੀ ਹੈ।

ਕਬੱਡੀ ਦੇ ਹੁਣ ਤਿੰਨ ਮੁੱਖ ਰੂਪ ਹਨ। ਇਕ ਹੈ ਨੈਸ਼ਨਲ ਸਟਾਈਲ, ਦੂਜੀ ਦਾਇਰੇ ਵਾਲੀ ਪੰਜਾਬ ਸਟਾਈਲ ਤੇ ਤੀਜੀ ਬੀਚ ਕਬੱਡੀ। ਇਨ੍ਹਾਂ ਵਿੱਚੋਂ ਕਬੱਡੀ ਨੈਸ਼ਨਲ ਸਟਾਈਲ ਭਾਰਤ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸੂਬਿਆਂ, ਮਹਿਕਮਿਆਂ, ਨੈਸ਼ਨਲ ਪੱਧਰ ਤੇ ਏਸ਼ਿਆਈ ਖੇਡਾਂ ਵਿੱਚ ਖੇਡੀ ਜਾ ਰਹੀ ਹੈ। ਇਸ ਨੂੰ ਭਾਰਤ ਤੋਂ ਬਿਨਾਂ ਪਾਕਿਸਤਾਨ, ਚੀਨ, ਜਪਾਨ, ਥਾਈਲੈਂਡ, ਸ੍ਰੀਲੰਕਾ, ਬਰਮਾ, ਬੰਗਲਾਦੇਸ਼, ਇੰਡੋਨੇਸ਼ੀਆ, ਇਰਾਨ ਤੇ ਏਸ਼ੀਆ ਦੇ ਕੁਝ ਹੋਰ ਮੁਲਕਾਂ ਨੇ ਵੀ ਅਪਨਾ ਲਿਆ ਹੈ। ਨੈਸ਼ਨਲ ਸਟਾਈਲ ਕੱਬਡੀ ਨੂੰ ਕੌਮੀ ਪੱਧਰ 'ਤੇ ਮਾਨਤਾ ਦੇ ਦਿੱਤੀ ਗਈ। ਇਸ ਨੂੰ ਦੱਖਣੀ ਭਾਰਤ ਵਿਚ ਚਡੂ ਗੁਡੂ, ਬੰਗਾਲ 'ਚ ਡੋ-ਡੋ ਤੇ ਮਹਾਰਾਸ਼ਟਰ ਵਿੱਚ ਹੂ ਟੂ ਟੂ। ਉੱਤਰ ਪ੍ਰਦਸ਼ ਦੇ ਲੋਕ ਕਬੱਡੀ ਪਾਉਂਦਿਆਂ 'ਰਾਮ ਲਖਸ਼ਮਣ ਜਾਨਕੀ, ਜੈ ਬੋਲੋ ਹਨੂੰਮਾਨ ਕੀ' ਕਹਿੰਦੇ ਹਨ। ਕਬੱਡੀ ਨੈਸ਼ਨਲ ਸਟਾਈਲ ਵੀ ਤਿੰਨ ਤਰ੍ਹਾਂ ਦੀ ਹੈ। ਸੰਜੀਵਨੀ, ਜੈਮਨੀ ਤੇ ਅਮਰ।

ਮਿੰਨੀ ਪਾਰਲੀਮੈਂਟ

# ਸ਼੍ਰੋਮਣੀ ਕਮੇਟੀ ਚੋਣਾਂ
# ਦੇਰੀ ਪਿੱਛੇ ਰਾਜਨੀਤੀ

**ਗੁਰਦਰਸ਼ਨ ਸਿੰਘ ਬਾਹੀਆ**

ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸਿਰਮੌਰ ਪੰਥਕ ਸੰਸਥਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਸਾਲ 2009 ਵਿੱਚ ਹੋਣ ਵਾਲੀਆਂ ਆਮ ਚੋਣਾਂ ਨੇੜ-ਭਵਿੱਖ ਵਿੱਚ ਵੀ ਹੁੰਦੀਆਂ ਨਜ਼ਰ ਨਹੀਂ ਆ ਰਹੀਆਂ। ਸ਼ਰੋਮਣੀ ਕਮੇਟੀ ਦੀ ਸਥਾਪਨਾ 1925 ਦੇ ਪੰਜਾਬ ਗੁਰਦੁਆਰਾ ਐਕਟ ਅਧੀਨ ਹੋਈ ਹੈ ਜਿਸ ਅਨੁਸਾਰ ਕੇਂਦਰ ਸਰਕਾਰ ਨੇ ਗੁਰਦੁਆਰਾ ਚੋਣ ਕਮਿਸ਼ਨ ਦੁਆਰਾ ਇਸ ਸੰਸਥਾ ਦੀਆਂ ਆਮ ਚੋਣਾਂ ਹਰ ਪੰਜ ਸਾਲ ਬਾਅਦ ਕਰਾਉਣੀਆਂ ਹੁੰਦੀਆਂ ਹਨ। ਪਿਛਲੀਆਂ ਚੋਣਾਂ 2004 ਵਿੱਚ ਹੋਈਆਂ ਸਨ ਅਤੇ ਇਹ 2009 ਵਿੱਚ ਹੋ ਜਾਣੀਆਂ ਚਾਹੀਦੀਆਂ ਸਨ।



ਸਵ. ਜਥੇਦਾਰ
ਗੁਰਚਰਨ ਸਿੰਘ ਟੌਹੜਾ



ਜਥੇਦਾਰ
ਅਵਤਾਰ ਸਿੰਘ ਮੱਕੜ



ਤੇਜਾ ਸਿੰਘ ਸਮੁੰਦਰੀ ਹਾਲ

ਗੁਰਦੁਆਰਾ ਚੋਣ ਕਮਿਸ਼ਨ ਨੇ ਵੋਟਾਂ ਬਨਾਉਣ ਅਤੇ ਵੋਟਰ ਸੂਚੀਆਂ ਛਪਵਾਉਣ ਦਾ ਸਾਰਾ ਕੰਮ ਮੁਕੰਮਲ ਕਰਨ ਤੋਂ ਬਾਅਦ ਲੰਘੀ ਮਈ ਵਿੱਚ ਚੋਣ ਪ੍ਰੋਗਰਾਮ ਬਣਾ ਕੇ ਕੇਂਦਰ ਸਰਕਾਰ ਨੂੰ ਭੇਜ ਵੀ ਦਿੱਤਾ ਸੀ ਪਰ ਕੇਂਦਰ ਨੇ ਕੋਈ ਹੁੰਗਾਰਾ ਨਹੀਂ ਭਰਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਮਿੱਥੇ ਗਏ ਸਮੇਂ ਉੱਤੇ ਨਾ ਕਰਾਉਣ ਦਾ ਵਰਤਾਰਾ ਪਹਿਲੀ ਵਾਰ ਨਹੀਂ ਵਾਪਰ ਰਿਹਾ। 2004 ਦੀਆਂ ਚੋਣਾਂ ਵੀ 1996 ਤੋਂ (ਅੱਠ ਸਾਲ) ਬਾਅਦ ਕਰਵਾਈਆਂ ਗਈਆਂ ਸਨ। 1996 ਦੀ ਚੋਣ ਤਾਂ ਸਤਾਰਾਂ ਸਾਲ ਬਾਅਦ ਕਰਵਾਈ ਗਈ ਸੀ ਤੇ ਉਸ ਵੇਲੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅਦਾਲਤ ਦਾ ਸਹਾਰਾ ਵੀ ਲੈਣਾ ਪਿਆ ਸੀ।

ਆਮ ਚੋਣਾਂ ਸਮੇਂ ਸਿਰ ਨਾ ਕਰਾਉਣ ਨਾਲ ਇਸ ਸੰਸਥਾ ਦੇ ਆਮ ਪ੍ਰਬੰਧ ਵਿੱਚ ਖੜੋਤ ਅਤੇ ਖਾਮੀਆਂ ਆਉਂਦੀਆਂ ਹਨ। ਲੰਬਾ ਸਮਾਂ ਉਹੀ ਪ੍ਰਬੰਧਕਾਂ ਦੇ ਬਣੇ ਰਹਿਣ ਕਾਰਨ ਬਹੁਤ ਵਾਰੀ ਪ੍ਰਬੰਧ ਵਿੱਚ ਕਈ ਵਿਗਾੜ ਵੀ ਪੈਦਾ ਹੋ ਜਾਂਦੇ ਹਨ। ਸਿੱਖ ਜਗਤ ਵਿੱਚ ਕਈ ਸ਼ੰਕੇ ਵੀ ਪੈਦਾ ਹੁੰਦੇ ਹਨ ਕਿ ਚੁਣੇ ਗਏ ਮੈਂਬਰ ਖੁਦ ਹੀ ਕਾਬਜ਼ ਰਹਿਣ ਲਈ ਚੋਣਾਂ ਨਹੀਂ ਕਰਵਾ ਰਹੇ ਜਾਂ ਚੋਣਾਂ ਨਹੀਂ ਹੋਣ ਦੇ ਰਹੇ ਹਾਲਾਂਕਿ ਸ਼੍ਰੋਮਣੀ ਕਮੇਟੀ ਤਾਂ ਆਪਣੇ ਹਰ ਆਮ ਇਜਲਾਸ ਵਿੱਚ ਇਹ ਚੋਣਾਂ ਕਰਾਉਣ ਦੀ ਮੰਗ ਕਰਦੀ ਆ ਰਹੀ ਹੈ।

ਸਵਾਲ ਤਾਂ ਇਹ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਸਮੇਂ ਸਿਰ ਕਿਉਂ ਨਹੀਂ ਕਰਵਾਈਆਂ ਜਾਂਦੀਆਂ? ਸ਼ਾਇਦ ਇਸ ਦਾ ਕਾਰਨ ਇਹ ਕਿ ਕੇਂਦਰ ਸਰਕਾਰ ਇਹ ਚੋਣਾਂ ਸਿਆਸੀ ਗਿਣਤੀਆਂ ਮਿਣਤੀਆਂ ਅਨੁਸਾਰ ਕਰਾਉਂਦੀ ਰਹੀ ਹੈ। ਸਾਲ 2009 ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਕੀਤੀ ਜਾ ਰਹੀ ਦੇਰੀ ਪਿੱਛੇ ਵੀ ਕੁਝ ਅਜਿਹਾ ਹੀ ਹੋਣ ਦਾ ਅੰਦੇਸ਼ਾ ਹੈ। ਹਰਿਆਣੇ ਦੇ ਸਿੱਖਾਂ ਨੂੰ ਆਪਣੀ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਨਾਉਣ ਲਈ ਉਤਸ਼ਾਹਿਤ ਕਰਨ ਅਤੇ ਵੱਖ ਵੱਖ ਨਾਵਾਂ ਤੇ ਰੰਗਾਂ ਵਾਲੇ "ਪੰਥਕ ਦਲਾਂ" ਨੂੰ ਥਾਪੜਾ ਦਿੱਤੇ ਜਾਣ ਨੂੰ ਇਸੇ ਸੰਦਰਭ ਵਿੱਚ ਵੇਖਿਆ ਜਾ ਸਕਦਾ ਹੈ।

ਕੇਂਦਰ ਸਰਕਾਰ ਦੀ ਮਨਸ਼ਾ ਇਹ ਵੀ ਜਾਪਦੀ ਹੈ ਕਿ ਗੁਰਦੁਆਰਾ ਚੋਣਾਂ ਅਗਲੇ ਵਰ੍ਹੇ ਫਰਵਰੀ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨਾ ਕਰਵਾਈਆਂ ਜਾਣ। ਉਸਨੂੰ ਡਰ ਹੈ ਕਿ ਇਹਨਾਂ ਚੋਣਾਂ ਵਿੱਚ ਹੋਣ ਵਾਲੀ ਜਿੱਤ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਸੂਬੇ ਵਿੱਚ ਸਿਆਸੀ ਹੁੰਗਾਰਾ ਮਿਲੇਗਾ। ਪਿਛਲਾ ਰਿਕਾਰਡ ਸਾਖੀ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਹਮੇਸ਼ਾਂ ਹੀ ਸ਼੍ਰੋਮਣੀ ਅਕਾਲੀ ਦਲ ਦੀ ਹੀ ਜਿੱਤ ਹੁੰਦੀ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਮੁਕਾਬਲੇ ਕਦੇ "ਖਾਲਸਾ ਦਲ" ਕਦੇ "ਸਾਧ ਸੰਗਤ ਬੋਰਡ" ਅਤੇ ਕਦੇ "ਸੰਤ ਸਮਾਜ" ਜਾਂ ਵੱਖ ਵੱਖ ਨਾਵਾਂ ਵਾਲੇ ਅਕਾਲੀ ਦਲ ਬਣਾ ਕੇ ਖੜੇ ਕੀਤੇ ਜਾਂਦੇ ਰਹੇ ਪਰ ਸਿੱਖ ਜਗਤ ਨੇ ਆਪਣੇ ਜਾਨ ਤੋਂ ਪਿਆਰੇ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹਮੇਸ਼ਾਂ ਹੀ ਸ਼੍ਰੋਮਣੀ ਅਕਾਲੀ ਦਲ ਨੂੰ ਸੌਂਪਿਆ। ਸ਼ਾਇਦ ਇਹ ਇਸ ਕਰਕੇ ਵਾਪਰਦਾ ਰਿਹਾ ਹੈ ਕਿ ਸਿੱਖ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਤੋਂ ਮਹੰਤਾਂ ਦਾ ਕੰਟਰੋਲ ਖਤਮ ਕਰਕੇ "ਸੰਗਤੀ ਪ੍ਰਬੰਧ" ਸਥਾਪਿਤ ਕਰਾਉਣ ਲਈ ਸ਼ਰੋਮਣੀ ਅਕਾਲੀ ਦਲ ਨੇ ਬੜਾ ਲੰਮਾ ਅਤੇ ਲਹੂ-ਡੋਲਵਾਂ ਸੰਘਰਸ਼ ਲੜਿਆ ਹੈ। ਸ਼ਹੀਦੀਆਂ ਦਿੱਤੀਆਂ, ਜੇਲ੍ਹਾਂ ਕੱਟੀਆਂ ਅਤੇ ਜਾਇਦਾਦਾਂ ਕੁਰਕ ਕਰਵਾਈਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਉਤੇ ਮਹਾਤਮਾ ਗਾਂਧੀ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਦਿਤੀ ਗਈ ਤਾਰ ਵਿੱਚ ਲਿਖਿਆ ਸੀ, "ਵਧਾਈਆਂ, ਗੁਰਦੁਆਰੇ ਆਜ਼ਾਦ ਹੋ ਗਏ ਹਨ, ਹੁਣ ਦੇਸ਼ ਵੀ ਛੇਤੀ ਆਜ਼ਾਦ ਹੋ ਜਾਵੇਗਾ।"

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 'ਚ ਦੇਰੀ ਤੋਂ ਸਿੱਖ ਜਗਤ ਵਿੱਚ ਕੇਂਦਰ ਸਰਕਾਰ ਵਿਰੁੱਧ ਰੋਸ ਹੈ। ਇਹ ਦੇਰੀ ਸਿੱਖ-ਜਗਤ ਅੰਦਰ ਇਹ ਭਾਵਨਾ ਹੋਰ ਪਕੇਰੀ ਕਰੇਗੀ ਕਿ ਕੇਂਦਰ ਸਰਕਾਰ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿੱਚ ਸਿੱਧੀ ਦਖਲਅੰਦਾਜ਼ੀ ਕਰਦੀ ਹੈ। ■

# ਰਿਸ਼ਵਤਖੋਰੀ, ਕਾਲਾ ਧਨ ਅਤੇ ਲੋਕ-ਸੰਘਰਸ਼

**ਜਾਗ੍ਰਤੀ ਬਿਉਰੋ**

ਸਮਾਜ ਸੇਵੀ ਅੰਨਾ ਹਜ਼ਾਰੇ ਵੱਲੋਂ 15 ਅਗਸਤ ਤੱਕ ਸੰਸਦ ਤੋਂ ਲੋਕਪਾਲ ਬਿੱਲ ਦੀ ਪ੍ਰਵਾਨਗੀ ਲੈ ਲੈਣ ਦੇ ਦਿੱਤੇ ਗਏ ਅਲਟੀਮੇਟਮ ਅਤੇ ਯੋਗ ਗੁਰੂ ਰਾਮਦੇਵ ਵੱਲੋਂ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਰਵਾਏ ਗਏ ਕਾਲੇ ਧਨ ਨੂੰ ਵਾਪਿਸ ਲਿਆਉਣ ਲਈ ਚੱਲ ਰਿਹਾ ਲੋਕ-ਸੰਘਰਸ਼ ਇੱਕ ਨਵੇਂ ਦੌਰ ਵਿੱਚ ਪਹੁੰਚ ਗਿਆ ਹੈ। ਮੁਲਕ ਦੇ ਰਾਜਨੀਤਕ ਤੇ ਪ੍ਰਬੰਧਕੀ ਸਿਸਟਮ ਅੰਦਰ ਫੈਲੀ ਰਿਸ਼ਵਤਖੋਰੀ ਨੂੰ ਖਤਮ ਕਰਨ ਲਈ ਕੋਈ ਠੋਸ ਕਦਮ ਉਠਾਉਣ ਅਤੇ ਧਨ ਕੁਬੇਰਾਂ ਵੱਲੋਂ ਵਿਦੇਸ਼ੀ ਬੈਂਕਾਂ ਵਿੱਚ ਜਮ੍ਹਾਂ ਕਰਵਾਏ ਗਏ ਕਾਲੇ ਧਨ ਨੂੰ ਕੌਮੀ ਜਾਇਦਾਦ ਐਲਾਨ ਕੇ ਇਸ ਨੂੰ ਵਾਪਸ ਲਿਆਉਣ ਦੀ ਮੰਗ ਨੂੰ ਲੈ ਕੇ ਲੋਕ ਸੜਕਾਂ 'ਤੇ ਆਉਣੇ ਸ਼ੁਰੂ ਹੋ ਗਏ ਹਨ।

ਦਰਅਸਲ ਮੁਲਕ ਦਾ ਹਰ ਆਮ ਸ਼ਹਿਰੀ ਹਰ ਪੱਧਰ ਉੱਤੇ ਫੈਲੇ ਭ੍ਰਿਸ਼ਟਾਚਾਰ ਤੋਂ ਤੰਗ ਆਇਆ ਹੋਇਆ ਹੈ। ਉਸਨੂੰ ਹਰ ਵੱਡਾ- ਛੋਟਾ ਕੰਮ ਕਰਵਾਉਣ ਲਈ ਰਿਸ਼ਵਤ ਦੇਣੀ ਪੈਂਦੀ ਹੈ। ਇਸ ਰਿਸ਼ਵਤਖੋਰੀ ਦਾ ਸੰਤਾਪ ਤਾਂ ਲੋਕ ਪਿਛਲੇ



ਅੰਨਾ ਹਜ਼ਾਰੇ

ਕਾਫੀ ਲੰਬੇ ਸਮੇਂ ਤੋਂ ਭੋਗ ਰਹੇ ਹਨ, ਪਰ ਪਿਛਲੇ ਕੁਝ ਸਮੇਂ ਵਿੱਚ ਉਪਰੋਥਲੀ ਸਾਹਮਣੇ ਆਏ ਭ੍ਰਿਸ਼ਟਾਚਾਰ ਦੇ ਕੁਝ ਵੱਡੇ ਘਪਲਿਆਂ ਨੇ ਲੋਕਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਦਿੱਤਾ ਹੈ। ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਮੌਜੂਦਾ ਕੇਂਦਰ ਸਰਕਾਰ ਦੇ ਕਾਰਜ-ਕਾਲ ਦੌਰਾਨ 2-ਜੀ ਸਪੈਕਟਰਮ ਦੇ 1,76,000 ਕਰੋੜ ਰੁਪਏ ਦੇ ਘਪਲੇ ਨੇ ਤਾਂ ਲੋਕਾਂ ਨੂੰ ਸੁੰਨ ਹੀ ਕਰ ਦਿੱਤਾ ਹੈ। ਇਸ ਤਰ੍ਹਾਂ ਹੀ ਰਾਸ਼ਟਰਮੰਡਲ ਖੇਡਾਂ ਅਤੇ ਬੰਬਈ ਦੀ ਆਦਰਸ਼ ਹਾਊਸਿੰਗ ਸੁਸਾਇਟੀ ਮਾਮਲੇ ਵਿੱਚ ਹੋਈਆਂ ਆਰਥਿਕ ਬੇਨਿਯਮੀਆਂ ਅਤੇ ਘਪਲੇਬਾਜ਼ੀਆਂ ਨੇ ਵੀ ਲੋਕਾਂ ਦੇ ਮਨਾਂ ਵਿੱਚ ਰਾਜਸੀ ਸੱਤਾ ਅਤੇ ਅਹੁਦੇ ਨੂੰ ਪੈਸਾ ਇੱਕਠਾ ਕਰਨ ਲਈ ਵਰਤਣ ਵਾਲੇ ਰਾਜਨੀਤਕ ਵਿਅਕਤੀਆਂ ਅਤੇ ਅਧਿਕਾਰੀਆਂ ਪ੍ਰਤੀ ਨਫਰਤ ਪੈਦਾ ਹੋਈ ਹੈ। ਭ੍ਰਿਸ਼ਟਾਚਾਰ ਦਾ ਮਸਲਾ ਬੜਾ ਗੰਭੀਰ ਅਤੇ ਬੇਹੱਦ ਪੇਚੀਦਾ ਬਣ ਚੁੱਕਾ ਹੈ। ਇਹ ਕਿਸੇ ਇਕ ਸਰਕਾਰ ਦੇ ਸਮੇਂ ਵਿੱਚ ਪੈਦਾ ਨਹੀਂ ਹੋਇਆ ਅਤੇ ਨਾ ਹੀ ਇਸ ਲਈ ਕਿਸ ਇੱਕ ਰਾਜਨੀਤਕ ਪਾਰਟੀ ਨੂੰ ਦੋਸ਼ੀ ਠਹਿਰਾਇਆ ਜਾ ਸਕਦਾ ਹੈ। ਆਜ਼ਾਦੀ ਤੋਂ ਬਾਅਦ ਸੱਤਾ ਵਿੱਚ ਆਈਆਂ ਸਾਰੀਆਂ ਸਰਕਾਰਾਂ ਹੀ ਇਸ ਲਈ ਜ਼ਿੰਮੇਵਾਰ ਹਨ। ਸਾਡੇ ਰਾਜਨੀਤਕ ਅਤੇ ਪ੍ਰਬੰਧਕੀ ਸਿਸਟਮ ਵਿੱਚ ਅਨੇਕਾਂ ਖਾਮੀਆਂ ਹਨ।

ਭ੍ਰਿਸ਼ਟਾਚਾਰ ਦੇ ਨਾਲ ਜੁੜਿਆ ਹੋਇਆ ਦੂਜਾ ਮਾਮਲਾ ਵਿਦੇਸ਼ੀ ਬੈਂਕਾਂ ਵਿੱਚ ਪਿਆ ਕਾਲਾ ਧਨ ਵਾਪਸ ਲਿਆਉਣ ਦਾ ਹੈ। ਇਹ ਕਾਲਾ ਧਨ ਕੀ ਹੈ? ਇਹ ਧਨ ਉਹ ਹੈ ਜਿਸ ਉੱਤੇ ਬਣਦਾ ਟੈਕਸ ਨਹੀਂ ਦਿੱਤਾ ਗਿਆ ਹੁੰਦਾ ਜਾਂ ਆਪਣੀ ਆਮਦਨ ਦੇ ਐਲਾਨੀਆ ਸਰੋਤ ਤੋਂ ਬਿਨਾਂ ਗਲਤ ਸਾਧਨਾਂ ਰਾਹੀਂ ਕਮਾਇਆ ਗਿਆ ਹੋਵੇ। ਇੱਕ ਅੰਦਾਜ਼ੇ ਅਨੁਸਾਰ ਸਾਲ 2008 ਤੱਕ ਭਾਰਤੀਆਂ ਦਾ ਵਿਦੇਸ਼ੀ ਬੈਂਕਾਂ ਵਿੱਚ 20,85,000 ਕਰੋੜ ਰੁਪਇਆ ਪਿਆ ਹੈ। ਇਹ ਕਾਲਾ ਧਨ ਤਾਂ ਸਿਰਫ ਉਹ ਹੈ ਜਿਹੜਾ



ਬਾਬਾ ਰਾਮਦੇਵ

ਬੈਂਕਾਂ ਵਿੱਚ ਪਿਆ ਹੈ। ਇਸ ਤੋਂ ਇਲਾਵਾ ਚਲ ਅਤੇ ਅਚਲ ਜਾਇਦਾਦ ਵਿੱਚ ਲਾਇਆ ਗਿਆ ਧਨ ਇਸ ਤੋਂ ਵੱਖਰਾ ਹੈ। ਜੇ ਇਹ ਧਨ ਵਾਪਸ ਮੁਲਕ ਵਿੱਚ ਆ ਜਾਵੇ ਤਾਂ ਸਾਡਾ ਮੁਲਕ ਸੱਚੀ-ਮੁੱਚੀਂ ਸਵਰਗ ਬਣ ਸਕਦਾ ਹੈ।

ਇਸ ਸਬੰਧੀ ਇੱਕ ਨੁਕਤਾ ਇਹ ਵੀ ਹੈ ਕਿ ਕਾਲਾ ਧਨ ਵਾਪਸ ਲਿਆਉਣ ਦੇ ਨਾਲ ਨਾਲ ਨਿੱਤ ਪੈਦਾ ਹੋ ਰਹੇ ਕਾਲੇ ਧਨ ਨੂੰ ਰੋਕਣ ਲਈ ਵੀ ਠੋਸ ਕਦਮ ਉਠਾਏ ਜਾਣੇ ਚਾਹੀਦੇ ਹਨ। ਜੇ ਅਸੀਂ ਕਾਲਾ ਧਨ ਅਜੇ ਵਾਪਸ ਨਹੀਂ ਲਿਆ ਸਕਦੇ ਤਾਂ ਨਵੇਂ ਪੈਦਾ ਹੋ ਰਹੇ ਕਾਲੇ ਧਨ ਨੂੰ ਰੋਕਣ ਲਈ ਠੋਸ ਕਦਮ ਤਾਂ ਚੁੱਕ ਹੀ ਸਕਦੇ ਹਾਂ।

ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਅਸਰਦਾਰ ਕਦਮ ਚੁੱਕਣ ਤੋਂ ਬਿਨਾਂ ਲੋਕਾਂ ਨੂੰ ਹੁਣ ਸ਼ਾਂਤ ਨਹੀਂ ਕੀਤਾ ਜਾ ਸਕਣਾ। ਇਸ ਲਈ ਭ੍ਰਿਸ਼ਟਾਚਾਰ ਪੈਦਾ ਹੋਣ ਦੇ ਕਾਰਨਾਂ ਦੀ ਪਛਾਣ ਕਰਕੇ ਉਹਨਾਂ ਨੂੰ ਖਤਮ ਕਰਨਾ ਹੋਵੇਗਾ। ਮਿਸਾਲ ਵਜੋਂ ਸਰਕਾਰੀ ਸੇਵਾਵਾਂ ਨੂੰ ਸਮਾਂਬੱਧ ਕਰਕੇ ਰਿਸ਼ਵਤਖੋਰੀ ਨੂੰ ਨੱਥ ਪਾਈ ਜਾ ਸਕਦੀ ਹੈ, ਕਿਉਂਕਿ ਦੇਰੀ ਵਿਚੋਂ ਹੀ ਭ੍ਰਿਸ਼ਟਾਚਾਰ ਪੈਦਾ ਹੁੰਦਾ ਹੈ। ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਆਰਡੀਨੈਂਸ ਜਾਰੀ ਕਰਨ ਅਤੇ ਕਾਨੂੰਨ ਬਨਾਉਣ ਦਾ ਫੈਸਲਾ ਕਰਕੇ ਇਕ ਸ਼ਲਾਘਾਯੋਗ ਕਦਮ ਉਠਾਇਆ ਗਿਆ ਹੈ। ਇਸ ਨਾਲ ਨਿਸ਼ਚੇ ਹੀ ਭ੍ਰਿਸ਼ਟਾਚਾਰ ਨੂੰ ਠੱਲ੍ਹ ਪਾਉਣ ਵਿੱਚ ਮਦਦ ਮਿਲੇਗੀ।

ਪੂਰੇ ਮੁਲਕ ਵਿੱਚ ਕੇਂਦਰ-ਬਿੰਦੂ ਬਣੇ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਮਸਲੇ ਨੂੰ ਹੱਲ ਕਰਨ ਦਾ ਸਮਾਂ ਆ ਗਿਆ ਹੈ। ਇਸ ਲਈ ਕੇਂਦਰ ਸਰਕਾਰ ਦੇ ਨਾਲ-ਨਾਲ ਵਿਰੋਧੀ ਪਾਰਟੀਆਂ ਅਤੇ ਸਮਾਜ-ਸੇਵੀ ਸੰਸਥਾਵਾਂ ਨੂੰ ਈਮਾਨਦਾਰੀ ਨਾਲ ਆਪਣੇ ਫਰਜ਼ ਨਿਭਾਉਣੇ ਚਾਹੀਦੇ ਹਨ। ■

## ਕੇਂਦਰ ਬਾਬਾ ਰਾਮਦੇਵ ਦੀਆਂ ਮੰਗਾਂ ਤੁਰੰਤ ਮੰਨੇ: ਬਾਦਲ



ਪੰਜਾਬ ਦੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਅੱਜ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਯੋਗ ਗੁਰੂ ਬਾਬਾ ਰਾਮਦੇਵ, ਜੋ ਦੇਸ਼ ਵਿੱਚ ਭ੍ਰਿਸ਼ਟਾਚਾਰ ਅਤੇ ਕਾਲੇ ਧਨ ਦੇ ਮੁੱਦਿਆਂ ਦੇ ਖਿਲਾਫ ਮਰਨ ਵਰਤ 'ਤੇ ਬੈਠੇ ਹਨ,ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ। ਉਨ੍ਹਾਂ ਕਿਹਾ ਕਿ ਕੇਂਦਰ ਦੇਸ਼ ਦੇ ਇਹਨਾਂ ਗੰਭੀਰ ਅਤੇ ਕੌਮੀ ਮਹੱਤਤਾ ਵਾਲੇ ਮੁੱਦਿਆਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰੇ। ਉਹਨਾਂ ਦੁਹਰਾਇਆ ਕਿ ਸ਼੍ਰੋਮਣੀ ਅਕਾਲੀ ਦਲ ਭ੍ਰਿਸ਼ਟਾਚਾਰ ਖਤਮ ਕਰਨ ਅਤੇ ਵਿਦੇਸ਼ੀ ਬੈਂਕਾਂ ਵਿੱਚ ਪਿਆ ਕਾਲਾ ਧਨ ਦੇਸ਼ ਵਿੱਚ ਵਾਪਸ ਲਿਆਉਣ ਦੇ ਮੁੱਦਿਆਂ 'ਤੇ ਪਹਿਲਾਂ ਤੋਂ ਹੀ ਵਚਨਬੱਧ ਰਿਹਾ ਹੈ। ਉਹਨਾਂ ਕਿਹਾ ਕਿ ਵਿਦੇਸ਼ੀ ਬੈਂਕਾਂ ਵਿੱਚ ਪਿਆ ਕਾਲਾ ਧਨ ਵਾਪਸ ਲਿਆ ਕੇ ਉਹਨਾਂ ਗਰੀਬ ਲੋਕਾਂ ਦੀ ਆਰਥਿਕ ਸਥਿਤੀ ਸੁਧਾਰਨ ਵਾਸਤੇ ਖਰਚ ਕੀਤਾ ਜਾਣਾ ਚਾਹੀਦਾ ਹੈ, ਜੋ ਦੋ ਡੰਗ ਦੀ ਰੋਟੀ ਤੋਂ ਵੀ ਵਿਰਵੇ ਰਹਿੰਦੇ ਹਨ।

# ਯੂ ਕੇ ਵਿੱਚ
# ਸਭ ਤੋਂ ਛੋਟੀ ਉਮਰ ਦੇ ਸਿੱਖ ਮੇਅਰ

ਜਾਗ੍ਰਤੀ ਬਿਉਰੋ

ਤਨਮਨਜੀਤ ਸਿੰਘ ਢੇਸੀ (32) ਅਜਿਹੇ ਨੌਜਵਾਨ ਸਿੱਖ ਮੇਅਰ ਹਨ ਜਿਹੜੇ ਦੱਖਣੀ ਪੂਰਬੀ ਕਾਊਂਟੀ ਕੈਂਟ ਦੀ ਗ੍ਰਾਵੇਸ਼ਮ ਕੌਂਸਲ ਵਿੱਚ ਲੇਬਰ ਕੌਂਸਲਰਾਂ ਦੁਆਰਾ ਸਰਵਸੰਮਤੀ ਨਾਲ ਚੁਣੇ ਜਾਣ ਪਿੱਛੋਂ ਯੂ ਕੇ ਵਿੱਚ ਸਭ ਤੋਂ ਛੋਟੇ ਮੇਅਰ ਬਣ ਗਏ ਹਨ। 44-ਮੈਂਬਰੀ ਕੌਂਸਲ ਦੀ ਚੋਣ ਮਈ ਵਿੱਚ ਹੋਈ ਸੀ ਜਿਸ ਵਿੱਚ ਲੇਬਰ ਪਾਰਟੀ ਨੂੰ 25 ਸੀਟਾਂ ਜਦ ਕਿ ਕੰਜ਼ਰਵੇਟਿਵ ਪਾਰਟੀ 19 ਸੀਟਾਂ ਹਾਸਲ ਕਰਕੇ ਪਿੱਛੇ ਰਹਿ ਗਈ। ਲੇਬਰ ਪਾਰਟੀ ਨੇ ਸ਼੍ਰੀ ਢੇਸੀ ਨੂੰ ਸਰਬਸੰਮਤੀ ਨਾਲ ਮੇਅਰ ਚੁਣ ਲਿਆ। ਇਹ ਪਹਿਲੀ ਵਾਰ ਹੋਇਆ ਹੈ ਕਿ ਗ੍ਰਾਵੇਸ਼ਮ ਤੋਂ ਪੰਜਾਬੀ ਮੂਲ ਦੇ ਕੌਂਸਲਰ ਚੁਣੇ ਗਏ ਹਨ। ਬਾਕੀ ਕੌਂਸਲਰਾਂ ਵਿੱਚ ਸਰਵ ਸ਼੍ਰੀ ਨਰਿੰਦਰ ਸਿੰਘ ਥਾਂਡੀ (ਨਾਰਥਫਲੀਟ ਸਾਊਥ ਵਾਰਡ), ਮੱਖਣ ਸਿੰਘ (ਪੈਲਹਮ ਵਾਰਡ) ਬਲਬੀਰ ਸਿੰਘ ਸੰਘਾ (ਪੈਲਹਮ ਵਾਰਡ) ਅਤੇ ਗੁਰਦੀਪ ਬੰਗੜ (ਸੈਂਟਰਲ ਵਾਰਡ)।

ਤਨਮਨਜੀਤ ਸਿੰਘ ਯਾਰਕਸ਼ਾਇਰ ਵਿਖੇ ਐਸਕੋਰਟ ਵਿੱਚ 17 ਅਗਸਤ 1978 ਨੂੰ ਪੈਦਾ ਹੋਏ। ਉਸ ਵੇਲੇ ਉਨ੍ਹਾਂ ਦੇ ਮਾਤਾ ਪਿਤਾ ਨਜ਼ਦੀਕੀ ਕਸਬੇ ਸਲੌਅ ਵਿੱਚ ਰਹਿੰਦੇ ਸਨ। ਉਨ੍ਹਾਂ ਦੇ ਪਿਤਾ ਜਸਪਾਲ ਸਿੰਘ ਢੇਸੀ ਉਸਾਰੀ ਸਨਅਤ ਵਿੱਚ ਕੰਮ ਕਰਦੇ ਸਨ ਤੇ ਉਨ੍ਹਾਂ ਨੇ ਆਪਣੀ ਪਿਤਾ ਦਲਵਿੰਦਰ ਕੌਰ ਢੇਸੀ ਦੇ ਨਾਲ ਆਪਣੀ ਕੰਪਨੀ ਬਣਾ ਲਈ। ਤਨਮਨਜੀਤ ਆਪਣੀ ਪ੍ਰਾਇਮਰੀ ਸਿੱਖਿਆ ਇਧਰਲੇ ਪੰਜਾਬ ਵਿੱਚ ਹੀ ਲਈ ਜਿਸ ਲਈ ਉਹ ਆਪਣੇ ਮਾਂ-ਬਾਪ ਦੇ ਸ਼ੁਕਰਗੁਜ਼ਾਰ ਹਨ ਕਿਉਂਕਿ ਇਧਰੋਂ ਉਨ੍ਹਾਂ ਨੇ ਜਿਹੜੀਆਂ ਜੀਵਨ ਕੀਮਤਾਂ ਸਿੱਖੀਆਂ ਉਨ੍ਹਾਂ ਕਰਕੇ ਹੀ ਉਨ੍ਹਾਂ ਦਾ ਅੱਜ ਸਮਾਜ ਵਿੱਚ ਮਾਣ-ਤਾਣ ਹੈ। ਇਸ ਦਾ ਉਨ੍ਹਾਂ ਨੂੰ ਇਹ ਫਾਇਦਾ ਹੋਇਆ ਕਿ ਦੁਨੀਆ ਭਰ ਵਿੱਚ ਦੱਖਣੀ ਏਸ਼ੀਆਈ ਲੋਕਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੂੰ ਸਮਝਣ ਵਿੱਚ ਬਹੁਤ ਮੱਦਦ ਮਿਲੀ। ਉਹ ਸਿਰਫ ਪੰਜਾਬੀ, ਹਿੰਦੀ ਤੇ ਉਰਦੂ ਹੀ ਅਸਾਨੀ ਨਾਲ ਨਹੀਂ ਬੋਲਦੇ ਸਗੋਂ ਫ੍ਰੈਂਚ, ਜਰਮਨ, ਇਟਾਲੀਅਨ ਅਤੇ ਲੈਟਿਨ ਭਾਸ਼ਾਵਾਂ ਦਾ ਵੀ ਗਿਆਨ ਰੱਖਦੇ ਹਨ। ਲੋਕਾਂ ਨਾਲ ਜ਼ਿਆਦਾ ਗੱਲਬਾਤ ਹੁੰਦੀ ਰਹਿਣ ਕਰਕੇ ਉਹ ਹਰਮਨਪਿਆਰੇ ਹੋ ਗਏ। ਉਨ੍ਹਾਂ ਨੂੰ ਵੱਖ ਵੱਖ ਮੁੱਦਿਆਂ 'ਤੇ ਯੂ ਕੇ ਤੇ ਭਾਰਤ ਦੇ ਕਈ ਟੀਵੀ ਚੈਨਲਾਂ 'ਤੇ ਗੱਲਬਾਤ ਵਾਸਤੇ ਬੁਲਾਇਆ ਜਾਂਦਾ ਹੈ। ਉਨ੍ਹਾਂ ਦੇ ਯੂਰਪ, ਉਤਰੀ ਅਮਰੀਕਾ, ਦੱਖਣੀ ਅਮਰੀਕਾ ਤੇ ਏਸ਼ੀਆ ਦੇ ਮੁਲਕਾਂ ਦਾ ਖੂਬ ਦੌਰਾ ਕੀਤਾ ਹੈ। ਉਹ ਸਮਾਜ ਦੇ ਸਾਰੇ ਵਰਗਾਂ ਨਾਲ ਬੜੀ ਅਸਾਨੀ ਨਾਲ ਗੱਲਬਾਤ ਕਰਨ ਦੀ ਸਮਰਥਾ ਰਖਦੇ ਹਨ ਭਾਵੇਂ ਉਨ੍ਹਾਂ ਨਾਲ ਗੱਲਬਾਤ ਕਰਨ ਵਾਲਾ ਅੰਗਰੇਜ਼ੀ ਬੋਲਦੇ ਹੋਵੇ ਜਾਂ ਕੋਈ ਹੋਰ ਯੂਰਪੀ ਭਾਸ਼ਾ।



ਤਨਮਨਜੀਤ ਨੇ ਆਪਣੀ ਪ੍ਰਾਇਮਰੀ ਸਿੱਖਿਆ ਇਧਰਲੇ ਪੰਜਾਬ ਵਿੱਚ ਹੀ ਲਈ ਜਿਸ ਲਈ ਉਹ ਆਪਣੇ ਮਾਂ-ਬਾਪ ਦੇ ਸ਼ੁਕਰਗੁਜ਼ਾਰ ਹਨ ਕਿਉਂਕਿ ਇਧਰੋਂ ਉਨ੍ਹਾਂ ਨੇ ਜਿਹੜੀਆਂ ਜੀਵਨ ਕੀਮਤਾਂ ਸਿੱਖੀਆਂ ਉਨ੍ਹਾਂ ਕਰਕੇ ਹੀ ਉਨ੍ਹਾਂ ਦਾ ਅੱਜ ਸਮਾਜ ਵਿੱਚ ਮਾਣ-ਤਾਣ ਹੈ। ਇਸ ਦਾ ਉਨ੍ਹਾਂ ਨੂੰ ਇਹ ਫਾਇਦਾ ਹੋਇਆ ਕਿ ਦੁਨੀਆ ਭਰ ਵਿੱਚ ਦੱਖਣੀ ਏਸ਼ੀਆਈ ਲੋਕਾਂ ਨਾਲ ਗੱਲਬਾਤ ਕਰਨ ਤੇ ਉਨ੍ਹਾਂ ਨੂੰ ਸਮਝਣ ਵਿੱਚ ਬਹੁਤ ਮੱਦਦ ਮਿਲੀ।

ਤਨਮਨਜੀਤ ਦੇਸ਼ ਦੀਆਂ ਤਿੰਨ ਵਕਾਰੀ ਯੂਨੀਵਰਸਿਟੀਆਂ (ਯੂਨੀਵਰਸਿਟੀ ਕਾਲਜ ਲੰਦਨ, ਕੈਬਲ ਕਾਲਜ ਆਕਸਫੋਰ ਅਤੇ ਕੈਂਬਰਿਜ ਯੂਨੀਵਰਸਿਟੀ) ਵਿੱਚ ਪੜ੍ਹਾਈ ਕਰਨ ਦਾ ਮਾਣ ਹਾਸਲ ਹੋਇਆ। ਪੜ੍ਹਾਈ ਪੂਰੀ ਕਰਕੇ ਉਹ ਆਪਣੇ ਪਾਰਿਵਾਰਕ ਕਾਰੋਬਾਰ ਵਿੱਚ ਆ ਗਏ। ਬਾਅਦ ਵਿੱਚ ਉਨ੍ਹਾਂ ਨੇ ਐਡਨਬਰੋ, ਸਕਾਟਲੈਂਡ ਵਿੱਚ ਕਈ ਪ੍ਰੋਜੈਕਟਾਂ 'ਤੇ ਕੰਮ ਕੀਤਾ। ਇਸ ਤੋਂ ਬਾਅਦ ਉਹ ਕੈਂਟ ਆ ਗਏ। 2005 ਵਿੱਚ ਉਨ੍ਹਾਂ ਨੇ ਮਨਵੀਨ ਕੌਰ ਸੰਧੂ ਨਾਲ ਵਿਆਹ ਕਰਾ ਲਿਆ ਤੇ ਉਹ ਹੁਣ ਇਕ ਬੇਟੇ ਦੇ ਬਾਪ ਹਨ।

ਸਿਆਸਤ ਅਤੇ ਸਮਾਜ ਸੇਵਾ ਦੀ ਗੁੜ੍ਹਤੀ ਉਨ੍ਹਾਂ ਨੂੰ ਪਰਿਵਾਰ ਵਿੱਚੋਂ ਹੀ ਮਿਲੀ ਹੈ। ਉਨ੍ਹਾਂ ਦੇ ਮਾਂ-ਬਾਪ ਨੇ ਕਈ ਤਰ੍ਹਾਂ ਦੀਆਂ ਖੈਰਾਤੀ ਸਰਗਰਮੀਆਂ ਵਿੱਚ ਹਿੱਸਾ ਲਿਆ ਹੈ ਅਤੇ ਉਨ੍ਹਾਂ ਦੇ ਸਹੁਰਾ ਸਾਹਿਬ ਨੇ ਪੰਜਾਬ ਵਿਧਾਨ ਸਭਾ ਦੀ ਚੋਣ ਵੀ ਲੜੀ ਹੈ। ਇਸ ਲਈ ਜਾਪਦਾ ਹੀ ਸੀ ਕਿ ਉਹ ਸਿਆਸਤ ਦਾ ਰਸਤਾ ਜ਼ਰੂਰ ਚੁਣਨਗੇ। 29 ਸਾਲ ਦੀ ਉਮਰ ਵਿੱਚ ਉਨ੍ਹਾਂ ਨੂੰ ਸਥਾਨਕ ਕੌਂਸਲ ਦੀਆਂ ਚੋਣਾਂ ਲੜਨ ਲਈ ਹੱਲਾਸ਼ੇਰੀ ਦਿੱਤੀ ਗਈ ਤੇ 2007 ਵਿੱਚ ਉਹ ਲੇਬਰ ਪਾਰਟੀ ਵੱਲੋਂ ਨਾਰਥਫਲੀਟ ਨਾਰਥ ਵਾਰਡ ਤੋਂ ਕੌਂਸਲਰ ਦੀ ਚੋਣ ਜਿੱਤ ਗਏ। ਸਥਾਨਕ ਲੇਬਰ ਪਾਰਟੀ ਪ੍ਰਤੀ ਸਾਰੀਆਂ ਵਾਰਡਾਂ ਵਿੱਚ ਲੇਬਰ ਪੱਖੀ ਵੋਟਰਾਂ ਦੀ ਗਿਣਤੀ ਘਟਣ ਦੇ ਬਾਵਜੂਦ ਨਾਰਥਫਲੀਟ ਨਾਰਥ ਵਾਰਡ ਵਿੱਚ ਵੋਟਾਂ ਦੀ ਪ੍ਰਤੀਸ਼ਤਤਾ ਵਧ ਗਈ ਹੈ। ਇਸ ਦਾ ਵੱਡਾ ਕਾਰਨ ਇਹ ਸੀ ਕਿ ਤਨਮਨਜੀਤ ਸਿੰਘ ਦੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ-ਮਿਤਰਾਂ ਵੱਲੋਂ ਘਰ-ਘਰ ਜਾ ਕੇ ਕੀਤਾ ਗਿਆ ਚੋਣ ਪ੍ਰਚਾਰ ਸੀ ਜਿਸ ਕਾਰਨ ਉਨ੍ਹਾਂ ਦੀ ਸ਼ਾਨਦਾਰ ਜਿੱਤ ਹੋਈ।

ਇਸ ਵੇਲੇ ਤਨਮਨਜੀਤ ਦੋ ਸਥਾਨਕ ਸਕੂਲਾਂ ਦੇ ਸਕੂਲ ਗਵਰਨਰ ਹਨ। ਇਕ ਨਰਸਰੀ ਸਕੂਲ ਜਦਕਿ ਦੂਜਾ ਸਕੈਂਡਰੀ ਸਕੂਲ ਹੈ। ਉਹ ਲੇਬਰ ਪਾਰਟੀ ਦੇ ਗ੍ਰਾਵੇਸ਼ਮ ਹਲਕੇ ਦੇ ਚੇਅਰਮੈਨ ਵੀ ਹਨ। ਇਹ ਉਹ ਅਹੁਦਾ ਹੈ ਜਿਸਦੇ ਲਈ ਪਾਰਟੀ ਮੈਂਬਰਾਂ ਨੇ ਉਨ੍ਹਾਂ ਨੂੰ ਸਾਲ 2009 ਤੇ ਸਾਲ 2010 ਵਿੱਚ ਸਰਵਸੰਮਤੀ ਨਾਲ ਚੁਣਿਆ ਹੈ। ਗ੍ਰਾਵੇਸ਼ਮ ਕੌਂਸਲ ਦੇ ਵਿੱਚ ਤਨਮਨਜੀਤ ਸ਼ੈਡੋ ਕੈਬੇਨੇਟ ਮੈਂਬਰ ਹਨ।

ਤਨਮਨਜੀਤ ਨਾਰਥਫਲੀਟ ਨਾਰਥ ਲਈ ਹੀ ਨਹੀਂ ਸਗੋਂ ਪੂਰੇ ਗ੍ਰਾਵੇਸ਼ਮਬਰੋ ਦੇ ਵਸਨੀਕਾਂ ਲਈ ਲਗਾਤਾਰ ਕੰਮ ਕਰਨਾ ਚਾਹੁੰਦੇ ਹਨ। ਉਹ ਸਮਝਦੇ ਹਨ ਕਿ ਆਪਣੇ ਲਈ ਤਾਂ ਹਰ ਕੋਈ ਸਮਾਂ ਕੱਢ ਲੈਂਦਾ ਹੈ ਪਰ ਉਸ ਦੀ ਸ਼ਖ਼ਸੀਅਤ ਵਿੱਚ ਨਿਖਾਰ ਉਦੋਂ ਹੀ ਆਉਂਦਾ ਹੈ ਜਦੋਂ ਉਹ ਦੂਜਿਆਂ ਲਈ ਸਮਾਂ ਕੱਢੇ ਤੇ ਉਨ੍ਹਾਂ ਦੇ ਕੰਮ ਆਵੇ। ■

# ਦਿਲਾਂ 'ਚ ਵੱਸ ਚੁੱਕੀ ਆਵਾਜ਼

# ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ

**ਭਾਈ ਹਰਬੰਸ ਸਿੰਘ ਜੀ ਨੂੰ ਸਿੱਖ ਸੰਗਤਾਂ ਵੱਲੋਂ ਮਿਲੇ ਅਥਾਹ ਪਿਆਰ ਅਤੇ ਸਤਿਕਾਰ ਦੇ ਨਾਲ ਨਾਲ ਉਹਨਾਂ ਨੂੰ ਪੰਜਾਬ ਸਰਕਾਰ ਨੇ ਵਿਸ਼ੇਸ਼ ਐਵਾਰਡ ਨਾਲ ਨਿਵਾਜਿਆ। ਸਿੱਖ ਪੰਥ ਦੇ ਮਹਾਨ ਕੀਰਤਨੀਏ ਗੁਰਪੁਰੀ ਵਾਸੀ ਸੰਤ ਸੁਜਾਨ ਸਿੰਘ ਦੀ ਯਾਦ ਵਿੱਚ ਕੀਰਤਨ ਦੇ ਖੇਤਰ ਅੰਦਰ ਦਿੱਤਾ ਜਾਂਦਾ ਐਵਾਰਡ ਵੀ ਆਪ ਜੀ ਨੂੰ ਇਸ ਵਰ੍ਹੇ ਦਿੱਤਾ ਗਿਆ ਸੀ। ਸਵਰਗੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਅੰਤਮ ਰਸਮਾਂ ਸਮੇਂ ਕੀਰਤਨ ਕਰਨ ਦਾ ਮਾਣ ਵੀ ਆਪ ਜੀ ਨੂੰ ਹੀ ਹਾਸਲ ਹੋਇਆ ਸੀ। ਭਾਈ ਸਾਹਿਬ ਜੀ ਸ਼ਾਇਦ ਗੁਰੂ ਘਰ ਦੇ ਇੱਕੋ ਇੱਕ ਕੀਰਤਨੀਏ ਸਨ ਜਿਨ੍ਹਾਂ ਨੇ 36 ਵਾਰੀ ਹੇਮਕੁੰਟ ਸਾਹਿਬ ਦੀ ਯਾਤਰਾ ਵੀ ਕੀਤੀ ਅਤੇ ਉਥੇ ਕੀਰਤਨ ਦੀ ਸੇਵਾ ਵੀ ਕੀਤੀ।**

ਜਾਗ੍ਰਤੀ ਬਿਉਰੋ

ਭਾਈ ਹਰਬੰਸ ਸਿੰਘ ਜੀ ਜਗਾਧਰੀ ਵਾਲੇ ਗੁਰਬਾਣੀ ਕੀਰਤਨ ਦਾ ਭਰ ਵਗਦਾ ਦਰਿਆ ਸਨ। ਸੰਗੀਤ ਅਤੇ ਗੁਰਬਾਣੀ ਦੇ ਗਿਆਤਾ ਹੋਣ ਦੇ ਨਾਲ ਨਾਲ ਭਾਈ ਸਾਹਿਬ ਨੂੰ ਸਿੱਖ ਇਤਿਹਾਸ ਦਾ ਵੀ ਡੂੰਘਾ ਗਿਆਨ ਸੀ। ਕੁਦਰਤ ਵੱਲੋਂ ਬਖ਼ਸ਼ੀ ਸੁਰੀਲੀ ਤੇ ਮਧੁਰ ਆਵਾਜ਼ ਵਿੱਚ ਉਚਾਰੀ 'ਧੁਰ ਕੀ ਬਾਣੀ' ਜਦੋਂ ਸੁਰ, ਤਾਲ ਅਤੇ ਲੈਅ ਵਿੱਚ ਬੱਝ ਕੇ ਸਰੋਤਿਆਂ ਦੇ ਕੰਨਾਂ ਤੱਕ ਅਪੜਦੀ ਸੀ ਤਾਂ ਸ਼ਬਦ ਦਾ ਪ੍ਰਭਾਵ ਧੁਰ ਰੂਹ ਤੱਕ ਲਹਿ ਜਾਂਦਾ ਸੀ।

ਨਿਰੋਲ ਗੁਰਬਾਣੀ ਕੀਰਤਨ ਤੋਂ ਬਿਨਾਂ ਭਾਈ ਸਾਹਿਬ ਨੇ ਸਿੱਖ ਸਿਧਾਂਤਾਂ ਨੂੰ ਸਿੱਖ ਗੁਰੂ ਸਾਹਿਬਾਨ ਅਤੇ ਸਿਦਕੀ ਗੁਰਸਿੱਖਾਂ ਦੀਆਂ ਜੀਵਨੀਆਂ ਨਾਲ ਸਬੰਧਤ ਅਹਿਮ ਘਟਨਾਵਾਂ ਨਾਲ ਜੋੜ ਕੇ, ਸਿੱਖ ਸੰਗਤਾਂ ਸਾਹਮਣੇ ਉਜਾਗਰ ਕੀਤਾ। ਭਾਈ ਹਰਬੰਸ ਸਿੰਘ ਜੀ ਦੀ 'ਕਥਾਨਕ ਕੀਰਤਨ' ਦੀ ਇਹ ਪ੍ਰਪਾਟੀ ਭਾਵੇਂ ਕਈਆਂ ਨੂੰ ਕੱਚੀ ਬਾਣੀ ਦਾ ਗਾਇਨ ਲੱਗਦੀ ਸੀ, ਪਰ ਸੱਚ ਇਹ ਹੈ ਕਿ ਲੱਖਾਂ ਪ੍ਰਾਣੀਆਂ ਨੂੰ ਭਾਈ ਸਾਹਿਬ ਨੇ ਆਪਣੇ ਗਾਇਨ ਰਾਹੀਂ ਗੁਰੂ ਘਰ ਨਾਲ ਜੋੜਿਆ। ਦੇਸ਼ਾਂ ਵਿਦੇਸ਼ਾਂ ਵਿੱਚ ਉਹਨਾਂ ਦੇ ਲੱਖਾਂ ਪ੍ਰਸ਼ੰਸਕ ਹਨ। ਨਿਰੋਲ ਗੁਰਬਾਣੀ ਕੀਰਤਨ ਦੇ ਨਾਲ ਨਾਲ ਉਹਨਾਂ ਦੇ ਗਾਇਨ ਦੀਆਂ ਸਾਰੀਆਂ ਕੈਸਿਟਾਂ ਲੱਖਾਂ ਦੀ ਗਿਣਤੀ ਵਿੱਚ ਵਿਕੀਆਂ। 'ਸਵਾਸਾਂ ਦੀ ਮਾਲਾ' ਅਤੇ 'ਮਿਹਰਾਂ ਵਾਲਿਆ ਸਾਈਆਂ' ਕੈਸਿਟਾਂ ਦੀ ਤਾਂ ਰਿਕਾਰਡ-ਤੋੜ ਵਿਕਰੀ ਹੋਈ। ਪੰਜਾਬੀ ਬੋਲੀ ਦੀਆਂ ਕੁਝ ਕੁ ਧੁਨੀਆਂ ਉਚਾਰਨ ਵਿੱਚ ਦਿੱਕਤ ਆਉਣ ਦੇ ਬਾਵਜੂਦ, ਭਾਈ ਹਰਬੰਸ ਸਿੰਘ ਜੀ ਸੁਰੀਲੇ ਕੰਠ, ਸੁਰ, ਤਾਲ, ਲੈਅ ਅਤੇ ਗੁਰੂ ਘਰ ਵਿੱਚ ਅਪਾਰ ਸ਼ਰਧਾ ਦਾ ਅਨੂਠਾ ਸੰਗਮ ਹੋਣ ਕਰਕੇ ਆਪ ਜੀ ਦਾ ਉਚਾਰਿਆ ਹੋਇਆ ਇੱਕ ਇੱਕ ਸ਼ਬਦ ਸੰਗਤਾਂ ਦੇ ਧੁਰ ਅੰਦਰ ਤੱਕ ਉਤਰ ਜਾਂਦਾ ਸੀ।

ਪਾਕਿਸਤਾਨ ਵਿੱਚ ਰਹਿ ਗਏ ਜ਼ਿਲਾ ਸਰਗੋਧਾ ਦੇ ਪਿੰਡ ਝੰਗ ਮੰਘਿਆਣਾ ਅੰਦਰ 1 ਮਾਰਚ 1940 ਨੂੰ ਜਨਮੇ ਭਾਈ ਹਰਬੰਸ ਸਿੰਘ ਜੀ ਨੂੰ ਗੁਰਬਾਣੀ ਕੀਰਤਨ ਦੀ ਗੁੜ੍ਹਤੀ ਘਰ ਵਿੱਚੋਂ ਹੀ ਮਿਲੀ ਕਿਉਂਕਿ ਆਪ ਜੀ ਦੇ ਪਿਤਾ ਭਾਈ ਲਾਲ ਸਿੰਘ ਜੀ ਬਾਬਾ ਨੰਦ ਸਿੰਘ ਨਾਨਕਸਰ ਵਾਲਿਆਂ ਦੇ ਜੱਥੇ ਦੇ ਹਜ਼ੂਰੀ ਰਾਗੀ ਸਨ। ਆਪ ਜੀ ਨੇ ਵੀ ਬਾਬਾ ਨੰਦ ਸਿੰਘ ਜੀ ਤੋਂ ਅਸ਼ੀਰਵਾਦ ਹਾਸਲ ਕਰਕੇ ਸੱਤ ਸਾਲ ਦੀ ਉਮਰੇ ਹੀ ਕੀਰਤਨ ਦੀ ਸਿਖਲਾਈ ਲੈਣੀ ਅਰੰਭ ਦਿੱਤੀ ਸੀ। ਮੁਲਕ ਦੀ ਵੰਡ ਸਮੇਂ 1947 ਵਿੱਚ ਆਪ ਪਰਿਵਾਰ ਸਮੇਤ ਜਗਾਧਰੀ ਆ ਟਿਕੇ ਅਤੇ ਕੀਰਤਨ ਦੀ ਸੇਵਾ ਦੇ ਨਾਲ ਨਾਲ ਪਰਿਵਾਰ ਦੀ ਰੋਜ਼ੀ ਰੋਟੀ ਲਈ ਕੁਝ ਚਿਰ ਪਿੱਤਲ ਦੇ ਭਾਂਡਿਆਂ ਉੱਤੇ ਨੱਕਾਸ਼ੀ ਕਰਨ ਦਾ ਕੰਮ ਕਰਦੇ ਰਹੇ। ਭਾਈ ਸਾਹਿਬ 1968 ਵਿੱਚ ਪੱਕੇ ਤੌਰ ਉੱਤੇ ਲੁਧਿਆਣਾ ਵੱਸ ਗਏ ਪਰ ਲੰਬਾ ਸਮਾਂ ਜਗਾਧਰੀ ਰਹਿਣ ਕਰਕੇ ਆਪ ਜੀ ਦੇ ਨਾਂ ਨਾਲ 'ਜਗਾਧਰੀ ਵਾਲੇ' ਲਕਬ ਅਖੀਰ ਤੱਕ ਜੁੜਿਆ ਰਿਹਾ।

ਭਾਈ ਹਰਬੰਸ ਸਿੰਘ ਜੀ ਨੂੰ ਸਿੱਖ ਸੰਗਤਾਂ ਵੱਲੋਂ ਮਿਲੇ ਅਥਾਹ ਪਿਆਰ ਅਤੇ ਸਤਿਕਾਰ ਦੇ ਨਾਲ ਨਾਲ ਉਹਨਾਂ ਨੂੰ ਪੰਜਾਬ ਸਰਕਾਰ ਨੇ ਵਿਸ਼ੇਸ਼ ਐਵਾਰਡ ਨਾਲ ਨਿਵਾਜਿਆ। ਸਿੱਖ ਪੰਥ ਦੇ ਮਹਾਨ ਕੀਰਤਨੀਏ ਗੁਰਪੁਰੀ ਵਾਸੀ ਸੰਤ ਸੁਜਾਨ ਸਿੰਘ ਦੀ ਯਾਦ ਵਿੱਚ ਕੀਰਤਨ ਦੇ ਖੇਤਰ ਅੰਦਰ ਦਿੱਤਾ ਜਾਂਦਾ ਐਵਾਰਡ ਵੀ ਆਪ ਜੀ ਨੂੰ ਇਸ ਵਰ੍ਹੇ ਦਿੱਤਾ ਗਿਆ ਸੀ। ਸਵਰਗੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀਆਂ ਅੰਤਮ ਰਸਮਾਂ ਸਮੇਂ ਕੀਰਤਨ ਕਰਨ ਦਾ ਮਾਣ ਵੀ ਆਪ ਜੀ ਨੂੰ ਹੀ ਹਾਸਲ ਹੋਇਆ ਸੀ। ਭਾਈ ਸਾਹਿਬ ਜੀ ਸ਼ਾਇਦ ਗੁਰੂ ਘਰ ਦੇ ਇੱਕੋ ਇੱਕ ਕੀਰਤਨੀਏ ਸਨ ਜਿਨ੍ਹਾਂ ਨੇ 36 ਵਾਰੀ ਹੇਮਕੁੰਟ ਸਾਹਿਬ ਦੀ ਯਾਤਰਾ ਵੀ ਕੀਤੀ ਅਤੇ ਉਥੇ ਕੀਰਤਨ ਦੀ ਸੇਵਾ ਵੀ ਕੀਤੀ।



"ਬਾਬਾ ਬੋਲਤੇ ਥੇ ਕਹਾ ਗਏ" ਦੇ ਗੁਰਵਾਕ ਅਨੁਸਾਰ ਲੱਖਾਂ ਪ੍ਰਾਣੀਆਂ ਨੂੰ 'ਸ਼ਬਦ ਗੁਰੂ' ਨਾਲ ਜੋੜਣ ਵਾਲੇ ਗੁਰੂ ਘਰ ਦੇ ਇਸ ਅਨਿੰਨ ਸ਼ਰਧਾਲੂ, ਨਿਸ਼ਕਾਮ ਸੇਵਕ ਅਤੇ ਮਹਾਨ ਕੀਰਤਨੀਏ ਦੀ ਮਿੱਠੀ ਤੇ ਸੁਰੀਲੀ ਅਵਾਜ਼ ਸਦਾ ਲਈ ਖਾਮੋਸ਼ ਹੋ ਗਈ। ਆਪ ਕੁਝ ਮਹੀਨਿਆਂ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਲੁਧਿਆਣਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਸਨ। ਆਪਣੀ ਸਾਰੀ ਹਯਾਤੀ ਅੰਮ੍ਰਿਤ ਵੇਲੇ ਨਾਲ ਜੁੜੇ ਰਹੇ ਭਾਈ ਸਾਹਿਬ ਜੀ ਦੀ ਆਤਮਾ, ਬੀਤੀ 13ਮਈ ਨੂੰ ਅੰਮ੍ਰਿਤ ਵੇਲੇ ਢਾਈ ਵਜੇ "ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ" ਅਨੁਸਾਰ ਪ੍ਰਮਾਤਮਾ ਵਿੱਚ ਲੀਨ ਹੋ ਗਈ। 21 ਮਈ ਨੂੰ ਉਹਨਾਂ ਦੀ ਅੰਤਮ ਅਰਦਾਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਮੇਤ ਸਿੱਖ ਪੰਥ ਦੀਆਂ ਪ੍ਰਮੁੱਖ ਹਸਤੀਆਂ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੀ ਸੰਗਤ ਆਪਣੇ ਆਪ ਵਿਚ ਹੀ ਇਸ ਗੱਲ ਦਾ ਸਬੂਤ ਸੀ ਕਿ ਸਿੱਖ ਪੰਥ ਵਿੱਚ ਉਹਨਾਂ ਦਾ ਅਥਾਹ ਸਤਿਕਾਰ ਅਤੇ ਅਹਿਮ ਸਥਾਨ ਸੀ। ਭਾਈ ਸਾਹਿਬ ਦੇ ਜਾਣ ਤੋਂ ਬਾਅਦ ਵੀ ਉਹਨਾਂ ਦੀ ਅਵਾਜ਼ ਸਿੱਖ ਸ਼ਰਧਾਲੂਆਂ ਨੂੰ ਗੁਰੂ ਘਰ ਨਾਲ ਜੋੜਦੀ ਰਹੇਗੀ। ■

*ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਕਰੀਬ 40 ਸਾਲ ਪੰਜਾਬ 'ਤੇ ਰਾਜ ਕੀਤਾ। ਏਨੇ ਲੰਮੇ ਅਰਸੇ ਦੌਰਾਨ ਨਾ ਸਿਰਫ਼ ਉਨ੍ਹਾਂ ਨੇ ਇਕ ਦਬਦਬੇ ਵਾਲੇ ਕੁਸ਼ਲ ਪ੍ਰਸ਼ਾਸਕ ਵਜੋਂ ਆਪਣਾ ਸਿੱਕਾ ਜਮਾਇਆ ਸਗੋਂ ਸਭ ਨੂੰ ਇਕ ਨਜ਼ਰ ਨਾਲ ਵੇਖ ਕੇ ਆਪਣੀ ਧਰਮ-ਨਿਰਪੱਖਤਾ ਦਾ ਸਬੂਤ ਵੀ ਦਿੱਤਾ। ਆਪਣੀ ਪਰਜਾ ਨਾਲ ਉਨ੍ਹਾਂ ਦਾ ਕਿੰਨਾ ਪਿਆਰ ਸੀ ਤੇ ਉਹ ਉਸ ਲਈ ਕੁਝ ਵੀ ਕਰਨ ਲਈ ਤਿਆਰ ਹੋ ਜਾਂਦੇ ਸਨ, ਇਸ ਦਾ ਪ੍ਰਮਾਣ ਉਨ੍ਹਾਂ ਬਾਰੇ ਪ੍ਰਚਲਿਤ ਗਾਥਾਵਾਂ ਵਿੱਚੋਂ ਵੇਖਿਆ ਜਾ ਸਕਦਾ ਹੈ। ਅਜਿਹੀ ਹੀ ਇਕ ਗਾਥਾ ਨੂੰ ਪੰਜਾਬ ਦੇ ਇਕ ਕਵੀ ਨੇ 'ਪਾਂਡੀ ਪਾਤਸ਼ਾਹ' ਨਾਂ ਦੀ ਲੰਮੀ ਕਵਿਤਾ ਵਿੱਚ ਕਲਮਬੰਦ ਕੀਤਾ ਹੈ ਜਿਸ ਵਿੱਚੋਂ ਉਨ੍ਹਾਂ ਦਾ ਮਾਨਵੀ ਚਿਹਰਾ ਸਾਹਮਣੇ ਆਉਂਦਾ ਹੈ। ਇਸ ਮਹੀਨੇ 29 ਨੂੰ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਹੈ। ਅਦਾਰਾ 'ਜਾਗ੍ਰਤੀ' ਇਸ ਮੌਕੇ ਇਹ ਕਵਿਤਾ ਛਾਪ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹੈ।*

# ਪਾਂਡੀ ਪਾਤਸ਼ਾਹ

**ਵਿਧਾਤਾ ਸਿੰਘ ਤੀਰ**

ਕੋਈ ਰੋਕੇ ਭਲਾ ਕਿਵੇਂ ਸਾਹਿਬ ਦੇ ਭਾਣੇ ਨੂੰ
ਇਕ ਵੇਲਾ ਐਸਾ ਵੀ, ਆਇਆ ਇਸ ਧਰਤੀ 'ਤੇ
ਦਾਤਾ ਵੀ ਸਹਿਕ ਗਿਆ, ਇਕ ਨਿੱਕੇ ਦਾਣੇ ਨੂੰ।

ਭੁੱਖੇ ਬਘਿਆੜ ਜਿਉਂ, ਆ ਭੁੱਖਾ ਕਾਲ ਪਿਆ
ਧਰਤੀ ਇਹ ਭਾਗ ਭਰੀ, ਪੰਜਾਂ ਦਰਿਆਵਾਂ ਦੀ
ਮੂੰਹ ਆਈ ਆਫ਼ਤ ਦੇ, ਕੋਈ ਉਲਟਾ ਫਾਲ ਪਿਆ।

ਮੁਟਿਆਰਾਂ ਕੁੜੀਆਂ ਸਭ, ਪੂਣੀ ਰੰਗ ਹੋ ਗਈਆਂ
ਪਿੱਤ ਪੈ ਗਏ ਭੋਖੇ ਦੇ, ਸਭ ਛੈਲ ਜਵਾਨਾਂ ਨੂੰ
ਰੱਤਾਂ ਵਿੱਚ ਨਾੜਾਂ ਦੇ, ਸੁੱਕੀਆਂ ਤੇ ਖਲੋ ਗਈਆਂ।

ਬੁੱਢਿਆਂ ਦਾ ਹਾਲ ਬੁਰਾ, ਗੱਭਰੂ ਵੀ ਝੁਕ ਗਏ ਸਨ
ਨਾ ਪੇਟ ਪਿਆ ਝੁਲਕਾ, ਨਾ ਭੁੱਖ ਦੀ ਅੱਗ ਬੁਝੀ
ਮਾਵਾਂ ਦੀ ਛਾਤੀ 'ਚੋਂ ਦੁੱਧ ਸੜ ਸੜ ਸੁੱਕ ਗਏ ਸਨ।

ਕਈ ਹੀਰੇ ਮਾਵਾਂ ਦੇ, ਲੱਖ ਤਰਲੇ ਕਰਨ ਲੱਗੇ
ਚੁੰਘ ਚੁੰਘ ਕੇ ਥਣ ਸੁੱਕੇ, ਲੈ ਲੈ ਕੇ ਵਿਲ੍ਹਕਣੀਆਂ
ਜਦ ਜੀਵਨ ਜੋਗੇ ਵੀ, ਲੁਛ ਲੁਛ ਕੇ ਮਰਨ ਲੱਗੇ।



ਪੰਜਾਬ ਦੇ ਰਾਜੇ ਤੋਂ, ਰਣਜੀਤ ਪਿਆਰੇ ਤੋਂ
ਇਹ ਝਾਕੀ ਦਰਦਾਂ ਦੀ, ਤਦ ਗਈ ਸਹਾਰੀ ਨਾ
ਦੁਖੀਆਂ ਦੇ ਦਰਦੀ ਤੋਂ, ਲਿੱਸਿਆਂ ਦੇ ਸਹਾਰੇ ਤੋਂ।


ਢੰਡੋਰਾ ਦੇ ਦਿੱਤਾ, ਹੋਕਾ ਫਿਰਵਾ ਦਿੱਤਾ
ਪੱਤਣਾਂ ਚੌਰਾਹਿਆਂ 'ਤੇ, ਸ਼ਾਹੀ ਦਰਵਾਜ਼ੇ 'ਤੇ
ਇਹ ਮੋਟੇ ਅੱਖਰਾਂ ਵਿੱਚ, ਲਿਖ ਕੇ ਲਗਵਾ ਦਿੱਤਾ।

"ਰਾਜਾ ਤਾਂ ਰਾਖਾ ਹੈ, ਭੰਡਾਰਾ ਪਰਜਾ ਦਾ
ਤੜਕੇ ਤੋਂ ਸ਼ਾਮਾਂ ਤੱਕ, ਦਰਵਾਜ਼ੇ ਖੁੱਲ੍ਹੇ ਨੇ
ਅੰਨ ਹਰ ਕੋਈ ਲੈ ਜਾਵੇ, ਹੈ ਸਾਰਾ ਪਰਜਾ ਦਾ।"

ਇਕ ਵਾਰੀ ਜਿਤਨੇ ਵੀ, ਕੋਈ ਚਾ ਕੇ ਲੈ ਜਾਵੇ
ਹਿੰਦੂ, ਸਿੱਖ, ਮੁਸਲਿਮ ਦਾ, ਕੋਈ ਮੂਲ ਮੁਲਾਹਜ਼ਾ ਨਹੀਂ
ਹੈ ਜਿਸ ਨੂੰ ਲੋੜ ਬਣੀ, ਉਹ ਆ ਕੇ ਲੈ ਜਾਵੇ।

ਸੁੰਞੇਂ ਜਿਹੇ ਕੂਚੇ ਵਿੱਚ, ਲਾਹੌਰ ਦੀ ਵਾਸੀ ਵਿੱਚ
ਇਕ ਮੋਚੀ ਬੁੱਢੜੇ ਦੀ, ਕੰਨੀ ਇਹ ਭਿਣਕ ਪਈ
ਇਕ 'ਆਸ਼ਾ' ਚਮਕ ਪਈ, ਝੱਟ ਆਣ 'ਉਦਾਸੀ' ਵਿੱਚ।

ਝੱਟ ਬੂਹਿਓਂ ਅੰਦਰ ਹੋ, ਦਾਦੇ ਦੁਖਿਆਰੇ ਨੂੰ
ਇਉਂ ਪੋਤਾ ਕਹਿਣ ਲੱਗਾ, ਢਿੱਡ ਉਤੇ ਹੱਥ ਧਰ ਕੇ
ਭੁੱਖਾਂ ਦੇ ਰੁਲਾਏ ਨੂੰ, ਵਖ਼ਤਾਂ ਦੇ ਮਾਰੇ ਨੂੰ।



"ਬਾਬਾ ਦੀ ਲਾਦੇ ਦਾ, ਤਹਿ ਦਿਆ 'ਪਛਾਹੀ' ਹੈ
ਲਾਦੇ ਦੇ ਮਹਿਲਾਂ ਤੋਂ, ਛਬ ਦਾਣੇ ਲੈ ਆਵੋ
ਉਥੇ ਤੋਈ ਧਾਟਾ ਨਹੀਂ, ਅਦ ਬੇਪਲਵਾਹੀ ਹੈ।

ਜੇ ਮੇਲੇ ਨਾਲ ਤਲੋ, ਦਾਣੇ ਲੈ ਆਵਾਂ ਦੇ
ਦੰਦੋਲੀ ਉਲ੍ਹੇ ਕਲੋ, ਮੈਂ ਫਲ ਤੇ ਤੁਲਦਾ ਹਾਂ
ਜੇ ਤਲ ਤੇ ਲੈ ਆਈਏ, ਲਦ ਲਦ ਤੇ ਥਾਂਵਾਂ ਦੇ।

ਸੁਣ ਬੁੱਢੜੇ ਮੋਚੀ ਨੂੰ, ਲਗ ਸੀਨੇ ਤੀਰ ਗਿਆ
ਪੋਤੇ ਦੀਆਂ ਲਾਡਲੀਆਂ, ਥੱਥੀਆਂ ਤੇ ਤੋਤਲੀਆਂ
ਘਾ ਦਿਲ ਤੇ ਕਰ ਗਈਆਂ, ਨੈਣਾਂ 'ਚੋਂ ਨੀਰ ਗਿਆ।

ਤੱਕ ਹਿੰਮਤ ਆਪਣੀ ਨੂੰ, ਪਹਿਲਾਂ ਤਾਂ ਝੁਰਿਆ ਉਹ
ਪਰ ਆਜ਼ਜ਼ ਪੋਤੇ ਦੀ, ਭੁੱਖ ਜਿੰਦ ਨੂੰ ਖਾਂਦੀ ਸੀ,
ਹੱਥਾਂ 'ਚ ਡੰਗੋਰੀ ਲੈ, ਲੱਕ ਬੰਨ੍ਹ ਕੇ ਤੁਰਿਆ ਉਹ।

ਹਿਚਕੋਲੇ ਖਾਂਦਾ ਉਹ, ਇਉਂ ਜਿਉਂਦਾ ਮਰਦਾ ਉਹ
ਪੋਤੇ ਨੂੰ ਨਾਲ ਲਈ, ਡੰਗੋਰੀ ਫੜੀ ਹੋਈ
ਪੁੱਜ ਪਿਆ ਭੰਡਾਰੇ 'ਤੇ ਲੱਖ ਤਰਲੇ ਕਰਦਾ ਉਹ।

ਘਿਗਿਆਈ ਬੋਲੀ ਵਿੱਚ, ਉਸ ਅਰਜ਼ ਸੁਣਾ ਦਿੱਤੀ
ਜਾ ਕੋਲ ਭੰਡਾਰੀ ਦੇ, ਮਾਰੇ ਲਾਚਾਰੀ ਦੇ
ਮੈਲੀ ਜਿਹੀ ਚਾਦਰ ਹੀ, ਚੁੱਪ ਚਾਪ ਵਿਛਾ ਦਿੱਤੀ।

ਦਰਦੀ ਭੰਡਾਰੀ ਨੇ, ਝੱਟ ਚਾਦਰ ਭਰ ਦਿੱਤੀ
ਉਸ ਦਰਦ ਰੰਞਾਣੇ ਦੀ, ਉਸ ਭੁੱਖਣ ਭਾਣੇ ਦੀ
ਆਸ਼ਾ ਜੋ ਦਿਲ ਦੀ ਸੀ, ਝੱਟ ਪੂਰੀ ਕਰ ਦਿੱਤੀ।

ਪਰ ਪੰਡ ਜੋ ਬੰਨ੍ਹ ਧਰੀ, ਸੀ ਦੋ ਮਣ ਭਾਰੀ ਉਹ
ਇੱਕ ਬਾਲ ਅੰਞਾਣਾ ਸੀ, ਇੱਕ ਬਾਬਾ ਬੁੱਢੜਾ ਸੀ
ਪੰਡ ਚੁੱਕਦਾ ਕੌਣ ਭਲਾ, ਟੁਰਨੋਂ ਸੀ ਆਰੀ ਉਹ।

ਆਖ਼ਰ ਇਉਂ ਕੁਦਰਤ ਨੇ, ਇੱਕ ਢੋਅ ਢੁਕਾਇਆ ਹੈ
ਇੱਕ ਸਿੱਖ ਚਿੱਟ-ਕੱਪੜੀਆ, ਦਾੜ੍ਹੀ ਸੂ ਦੁੱਧ ਜਿਹੀ
ਉਸ ਬੁੱਢੜੇ ਬਾਬੇ ਵੱਲ, ਔਹ ਭੱਜਿਆ ਆਇਆ ਹੈ।

ਕੀਤੀ ਹਮਦਰਦੀ ਆ, "ਐਵੇਂ ਨਾ ਝੁਰ ਬਾਬਾ
ਮੈਂ ਤੇਰਾ ਪੁੱਤਰ ਹਾਂ", ਕਹਿ ਪੰਡ ਉਠਾ ਲੀਤੀ
ਫ਼ਿਰ ਬੋਲਿਆ ਬਾਬੇ ਨੂੰ, "ਚੱਲ ਘਰ ਨੂੰ ਟੁਰ ਬਾਬਾ।"

ਤੱਕ ਬੁੱਢੜੇ ਮੋਚੀ ਨੇ, ਲੱਖ ਸ਼ੁਕਰ ਮਨਾਇਆ ਹੈ
ਦਿਲ ਦੇ ਵਿੱਚ ਕਹਿੰਦਾ ਹੈ, "ਇਹ ਬੰਦਾ, ਬੰਦਾ ਨਹੀਂ
ਇਸ ਆਜ਼ਜ਼ ਬੰਦੇ ਲਈ, ਇਹ ਅੱਲਾ ਆਇਆ ਹੈ।"

ਔਹ ਪਾਂਡੀ ਜਾਂਦਾ ਹੈ, ਕਿਹਾ ਸੋਹਣਾ ਲੱਗਦਾ ਹੈ
ਭਾਰੀ ਹੈ ਪੰਡ ਬੜੀ, ਪੈਂਡਾ ਵੀ ਚੋਖਾ ਹੈ
ਪਾਂਡੀ ਦੇ ਪਿੰਡੇ 'ਚੋਂ, ਪਿਆ ਮੁੜ੍ਹਕਾ ਵਗਦਾ ਹੈ।

ਪੁੱਜ ਪਿਆ ਟਿਕਾਣੇ 'ਤੇ, ਮੋਚੀ ਦੇ ਘਰ ਆਇਆ
ਪੰਡ ਸੁੱਟ ਕੇ ਮੁੜਿਆ ਜਾਂ, ਜਾਂ ਉਥੋਂ ਤੁਰਨ ਲੱਗਾ
ਉਸ ਬੁੱਢੜੇ ਮੋਚੀ ਦਾ, ਦਿਲ ਡਾਢਾ ਭਰ ਆਇਆ।

ਉਸ ਪਿਆਰੇ ਪਾਂਡੀ ਦੀ, ਉਸ ਸੋਹਣੇ ਪਾਂਡੀ ਦੀ
ਉਸ ਕੰਨੀ ਪਕੜ ਲਈ, ਮਨਮੋਹਣੇ ਪਾਂਡੀ ਦੀ
ਦਿਲਦਾਰੀ ਇਉਂ ਕੀਤੀ, ਦਿਲ ਖੋਹਣੇ ਪਾਂਡੀ ਦੀ।

"ਸਰਦਾਰਾ, ਜਿਉਂਦਾ ਰਹੁ, ਕੀ ਨਾਂ ਹੈ ਦੱਸ ਤੇਰਾ
ਤੂੰ ਮੁੱਲ ਲੈ ਲੀਤਾ ਏ, ਇਸ ਬੁੱਢੜੇ ਮੋਚੀ ਨੂੰ
ਕਬਰਾਂ ਵਿੱਚ ਪੈ ਕੇ ਵੀ, ਗਾਵੇਗਾ ਜੱਸ ਤੇਰਾ।"

ਉਸ ਹੀਰੇ ਪਾਂਡੀ ਨੇ, ਝੱਟ ਚਾਦਰ ਲਾਹ ਦਿੱਤੀ
ਬਰਦੀ ਵੀ ਸ਼ਾਹੀ ਸੀ, ਸਿਰ 'ਤੇ ਵੀ ਕਲਗੀ ਸੀ
ਇਹ ਕਹਿ ਕੇ ਬੁੱਢੜੇ ਨੂੰ, ਇੱਕ ਹਲਚਲ ਪਾ ਦਿੱਤੀ।

"ਬਾਬਾ, ਮੈਂ ਰਾਜਾ ਹਾਂ, ਨਾਂ ਹੈ 'ਰਣਜੀਤ' ਮੇਰਾ
'ਨੇਕੀ' ਹੈ ਕਾਰ ਮੇਰੀ, ਸਾਂਝਾ ਹੈ ਧਰਮ ਮੇਰਾ
ਪਰਜਾ ਲਈ ਜਾਨ ਦਿਆਂ, ਪੇਸ਼ਾ ਹੈ 'ਪ੍ਰੀਤ' ਮੇਰਾ।

ਕਾਬਲ ਦੀਆਂ ਕੰਧਾਂ ਤੱਕ, ਮੈਂ ਪਾਉਂਦਾ ਘੂਕਰ ਹਾਂ
ਪਰ ਪਿਆਰੇ ਬਾਬਾ ਜੀ, ਪਰਜਾ ਦਾ ਕੂਕਰ ਹਾਂ।" ■




ਫੋਟੋ: ਰਾਜਨ ਮਾਨ

# ਹਿੱਕ ‘ਤੇ ਪੱਥਰ ਰੱਖ ਕੇ ਬਰਦਾਸ਼ਤ ਕਰੋ

ਚਾਚਾ ਚੰਡੀਗੜ੍ਹੀਆ

ਡਾ. ਗੁਰਨਾਮ ਸਿੰਘ ਤੀਰ

ਚੰਡੀਗੜ੍ਹ ਵਿਖੇ ਆਲ-ਇੰਡੀਆ ਕਵੀ-ਦਰਬਾਰ ਹੋ ਰਿਹਾ ਸੀ। ਬਰਾੜ ਸਾਹਿਬ ਉਸਦੇ ਸਟੇਜ-ਸਕੱਤਰ ਸਨ।

ਦੂਰ-ਦੂਰ ਤੋਂ ਆਏ ਕਈ ਤਰ੍ਹਾਂ ਦੇ ਕਵੀ ਭਾਗ ਲੈ ਰਹੇ ਸਨ।

ਇੱਕ ਕਵੀ ਨੇ ਸਾਰੇ ਸਰੋਤੇ ਬੋਰ ਕਰ ਦਿੱਤੇ।

ਹਟੇ ਹੀ ਨਾ। ਲੋਕ ਹੂਟ ਕਰੀ ਜਾਣ।

ਅਖ਼ੀਰ ਬਰਾੜ ਸਾਹਿਬ ਖੜੇ ਹੋ ਕੇ ਕਹਿਣ ਲੱਗੇ,“ਭਰਾਵੋ, ਇਨ੍ਹਾਂ ਨੇ ਉਹ ਕਵਿਤਾ ਲਿਖੀ ਹੈ, ਜਿਸ ਨੂੰ ਪੜ੍ਹਣ ‘ਤੇ ਅੱਧਾ ਘੰਟਾ ਲੱਗੇ।”

ਇਨ੍ਹਾਂ ਨੂੰ ਕਵਿਤਾ ਪੜ੍ਹਿਆਂ ਵੀਹ ਮਿੰਟ ਹੋ ਗਏ ਹਨ,ਦਸ ਮਿੰਟ ਹੋਰ ਰਹਿੰਦੇ ਹਨ।

ਤੁਸੀਂ ਸਬਰ-ਸਬੂਰੀ ਕਰਕੇ ਤੇ ਆਪਣੀ ਹਿੱਕ ‘ਤੇ ਪੱਥਰ ਰੱਖ ਕੇ ਇਨ੍ਹਾਂ ਨੂੰ ਦਸ ਮਿੰਟ ਲਈ ਹੋਰ ਬਰਦਾਸ਼ਤ ਕਰੋ।


ਜੇ ਤੁਸੀਂ ਰੌਲਾ ਪਾਉਣੋ ਨਾ ਹਟੇ ਤੇ ਇਨ੍ਹਾਂ ਨੂੰ ਤੁਹਾਡੇ ਰੌਲੇ ਦੀ ਸਮਝ ਨਾ ਪਈ ਤਾਂ ਮੈਂ ਫਰਮਇਸ਼ੀ ਪ੍ਰੋਗਰਾਮ ਵਾਲਿਆਂ ਵਾਂਗ ਇਨ੍ਹਾਂ ਨੂੰ ਮੁੱਢ ਤੋਂ ਫਿਰ ਸ਼ੁਰੂ ਕਰਵਾ ਦਿਆਂਗਾ।”

ਸਰੋਤੇ ਚੁੱਪ ਕਰ ਗਏ ਪਰ ਕਵੀ ਮਹੋਦੇ ਨੂੰ ਫਿਰ ਵੀ ਸਮਝ ਨਾ ਪਈ।

ਅਖ਼ੀਰ ਬਰਾੜ ਸਾਹਿਬ ਨੇ ਉਠ ਕੇ ਉਨ੍ਹਾਂ ਦੇ ਕੰਨ ਵਿੱਚ ਕਿਹਾ,“ ਅੱਜ ਤੁਸੀਂ ਮੁਆਫ਼ੀ ਦਿਓ, ਫਿਰ ਕਿਸੇ ਦਿਨ ਕਵੀ-ਦਰਬਾਰ ਕਰਕੇ ਤੁਹਾਡੀ ਏਦੂੰ ਵੀ ਵੱਡੀ ਕਵਿਤਾ ਸੁਣਵਾਏ ਜਾਣ ਦਾ ਪ੍ਰਬੰਧ ਕਰਾਂਗੇ, ਭਾਵੇਂ ਕੋਈ ਸੁਣਨਾ ਚਾਹਵੇ ਜਾਂ ਨਾ।”

ਉਹ ਅੱਗੋਂ ਕਹਿਣ ਲੱਗਾ,“ ਮਹਾਂਰਾਜ, ਆਪੋ ਆਪਣੇ ਦਸਤੂਰ ਹਨ।

ਸਾਡਾ ਤਾਂ ਕੋਈ ਜਿੰਨਾ ਚਿਰ ਪਜਾਮਾ ਫੜ ਕੇ ਨਾ ਖਿੱਚੇ, ਅਸੀਂ ਕੋਈ ਕਵਿਤਾ ਕਦੇ ਅੱਧ-ਵਿਚਾਲੇ ਨਹੀਂ ਛੱਡੀ,”



ਬਰਾੜ ਸਾਹਿਬ ਦੇ ਇੱਕ ਜ਼ਿਮੀਂਦਾਰ ਮਿੱਤਰ ਨੂੰ ਸੱਪ ਲੜ ਗਿਆ। ਇਹ ਉਨ੍ਹਾਂ ਦੀ ਖ਼ਬਰ ਲੈਣ ਗਏ ਅਤੇ ਹਮਦਰਦੀ ਵਜੋਂ ਕਹਿਣ ਲੱਗੇ, ਪਤਾ ਲੱਗਾ ਸੀ , ਤੁਹਾਨੂੰ ਕੀੜਾ ਛੋਹ ਗਿਆ ਹੈ। ਜ਼ਿਮੀਂਦਾਰ ਕਹਿਣ ਲੱਗਾ, ਜੀ ਹਾਂ, ਛੋਹ ਗਿਆ ਸੀ ਪਰ ਪਰਮਾਤਮਾ ਦੀ ਕਿਰਪਾ ਨਾਲ ਬਚ ਗਏ ਹਾਂ। ਬਰਾੜ ਸਾਹਿਬ ਇੱਕ ਉਦਾਸੀ ਭਰੀ ਉਬਾਸੀ ਲੈ ਕੇ ਕਹਿਣ ਲੱਗੇ, ਰੱਬ ਦੇ ਰੰਗ ਹਨ, ਹੁਣ ਪਹਿਲਾਂ ਵਾਲੇ ਸੱਪ ਹੀ ਨਹੀਂ ਰਹੇ।

ਬਰਾੜ ਸਾਹਿਬ ਨੇ ਕਈ ਥਾਈਂ ਸਕੂਲ ਕਾਲਜ ਖੁਲਵਾਉਣ ਵਿੱਚ ਬੜੀ ਸਹਾਇਤਾ ਕੀਤੀ। ਇਨ੍ਹਾਂ ਨੂੰ ਪਤਾ ਲੱਗਾ ਕਿ ਇੱਕ ਸੰਤ ਕੋਲ ਲੱਖਾਂ ਰੁਪਏ ਹਨ। ਬਰਾੜ ਸਾਹਿਬ ਉਨ੍ਹਾਂ ਨੂੰ ਕਾਲਜ ਵਾਲੀ ਥਾਂ ‘ਤੇ ਲੈ ਆਏ। ਹਜ਼ਾਰਾਂ ਬੰਦੇ ਇਕੱਠੇ ਕੀਤੇ। ਸੰਤਾਂ ਦੀ ਭਰਪੂਰ ਸ਼ਲਾਘਾ ਕੀਤੀ ਤੇ ਮਗਰੋਂ ਆਪਣੇ ਕੋਲੋਂ ਐਲਾਨ ਕੀਤਾ ਕਿ ਮਹਾਰਾਜ ਜੀ ਇਸ ਕਾਲਜ ਨੂੰ ਲੱਖਾਂ ਦਮੜੇ ਸਹਾਇਤਾ ਦੇਣਗੇ। ਸੰਤਾਂ ਨੇ ਸੰਗਤਾਂ ਨੂੰ ਮੰਚ ਤੋਂ ਸੰਬੋਧਨ ਕਰਦਿਆਂ ਕਿਹਾ, ਸਾਡੇ ਧਰਮ ਅਸਥਾਨ ਦੀ ਕਮੇਟੀ ਨੇ ਤੁਹਾਡੇ ਕਾਲਜ ਦੀਆਂ ਮੰਗਾਂ ਨੂੰ ਮੁੱਖ ਰੱਖ ਕੇ ਫੈਸਲਾ ਕੀਤਾ ਹੈ ਕਿ ਇਸ ਕਾਲਜ ਲਈ ਪੰਜ ...ਪੰਜ ...ਪੰਜ ...। ਬਰਾੜ ਸਾਹਿਬ ਵਿੱਚੇ ਹੀ ਇਹ ਸਮਝ ਕੇ ਕਿ ਪੰਜ ਲੱਖ ਰੁਪਿਆ ਦਾਨ ਹੋਣ ਲੱਗਾ ਹੈ, ਜੈਕਾਰੇ ਛੱਡਣ ਲੱਗੇ। ਪਰ ਸੰਤਾਂ ਨੇ ਇਨ੍ਹਾਂ ਨੂੰ ਸ਼ਾਂਤਮਈ ਉਪਦੇਸ਼ ਦਿੰਦਿਆਂ ਕਿਹਾ, ਸਾਧ ਸੰਗਤ ਜੀ, ਸੁਣੋ ਤਾਂ ਸਹੀ, ਮੈਂ ਕਹਿ ਰਿਹਾ ਸਾਂ ਕਿ ਸਾਡੇ ਧਾਰਮਿਕ ਅਸਥਾਨ ਦੀ ਪ੍ਰਬੰਧਕ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਤੁਹਾਡੇ ਕਾਲਜ ਲਈ ਪੰਜ ਸੌ ਪੱਕੀਆਂ ਇੱਟਾਂ ਦਾਨ ਕੀਤੀਆਂ ਜਾਣ। ਬਰਾੜ ਸਾਹਿਬ ਔਖੇ ਹੋ ਕੇ ਕਹਿਣ ਲੱਗੇ, ਸੰਤ ਜੀ ਇੱਟਾਂ ਰਹਿਣ ਦਿਓ। ਬੱਜਰੀ ਦੇ ਪੰਜ ਟਰੱਕ ਮੰਗਵਾ ਦਿਓ ਤਾਂ ਕਿ ਹਰ ਸਰੋਤੇ ਦੇ ਸਿਰ ਵਿਚ ਇੱਕ-ਇੱਕ ਰੋੜੀ ਮਾਰੀ ਜਾ ਸਕੇ।

ਬਰਾੜ ਸਾਹਿਬ ਆਪਣੇ ਇੱਕ ਜਿਗਰੀ ਦੋਸਤ ਦੀ ਗੱਲ ਸੁਣਾਉਂਦੇ ਹੋਏ ਕਹਿਣ ਲੱਗੇ, ਉਹ ਪਾਗਲਖ਼ਾਨੇ ਗਿਆ ਤੇ ਪ੍ਰਬੰਧਕਾਂ ਨੂੰ ਕਹਿਣ ਲੱਗਾ, ਤੁਸੀਂ ਆਪਣੇ ਮਰੀਜ਼ ਚੈਕ ਕਰੋ, ਮੈਨੂੰ ਇੱਕ ਅੱਧਾ ਘਟਿਆ ਲੱਗਦਾ ਹੈ। ਉਨ੍ਹਾਂ ਚੈਕ ਕਰਕੇ ਕਿਹਾ, ਸਾਡੇ ਮਰੀਜ਼ ਪੂਰੇ ਹਨ ਤੁਹਾਨੂੰ ਸ਼ੱਕ ਕਿਉਂ ਪਿਆ? ਬਰਾੜ ਸਾਹਿਬ ਦਾ ਮਿੱਤਰ ਕਹਿਣ ਲੱਗਾ ਰਾਤ ਮੇਰੀ ਪਤਨੀ ਕਿਸੇ ਨਾਲ ਨਿੱਕਲ ਗਈ ਹੈ। ਹੋਰ ਕੋਈ ਲਿਜਾ ਨਹੀਂ ਸਕਦਾ। ਇੱਥੋਂ ਕੋਈ ਪਾਗਲ ਹੀ ਲੈ ਗਿਆ ਹੋਵੇਗਾ। ਇਸੇ ਤਰ੍ਹਾਂ ਬਰਾੜ ਸਾਹਿਬ ਦਾ ਇੱਕ ਹੋਰ ਮਿੱਤਰ ਆ ਕੇ ਕਹਿਣ ਲੱਗਾ, ਮੈਨੂੰ ਵਧਾਈ ਦਿਓ, ਮੇਰੀ ਪਤਨੀ ਮੇਰੇ ਇੱਕ ਦੋਸਤ ਨਾਲ ਨਿੱਕਲ ਗਈ ਹੈ। ਬਰਾੜ ਸਾਹਿਬ ਪੁੱਛਣ ਲੱਗੇ,

ਤੁਹਾਡੇ ਦੋਸਤ ਦਾ ਕੀ ਨਾਮ ਸੀ? ਉਹ ਅੱਗੋਂ ਕਹਿਣ ਲੱਗਾ, ਇਹ ਤਾਂ ਮੈਨੂੰ ਵੀ ਪਤਾ ਨਹੀਂ ਪਰ ਏਡਾ ਵੱਡਾ ਅਹਿਸਾਨ ਕੋਈ ਜਿਗਰੀ ਦੋਸਤ ਹੀ ਕਰ ਸਕਦਾ ਹੈ।

ਬਰਾੜ ਸਾਹਿਬ ਦਾ ਵਿਸ਼ਵਾਸ ਹੈ ਕਿ ਹਾਸ-ਵਿਅੰਗ ਸੰਕਟ ਵਿੱਚੋਂ ਪੈਦਾ ਹੁੰਦਾ ਹੈ। ਉਹ ਆਪ ਵੀ ਕਿਸੇ ਨਾ ਕਿਸੇ ਸੰਕਟ ਵਿੱਚ ਫਸੇ ਰਹਿੰਦੇ ਹਨ ਤੇ ਘਰਦਿਆਂ ਨੂੰ ਵੀ ਫਸਾਈ ਰੱਖਦੇ ਹਨ। ਇੱਕ ਦਿਨ ਕਿਸੇ ਨੇ ਪੁੱਛਿਆ ਕਿ ਤੁਹਾਡੇ ਘਰ ਦੇ ਜੀਅ ਆਪੋ ਵਿੱਚ ਬੜੇ ਲੜਦੇ ਰਹਿੰਦੇ ਹਨ ਇਸ ਦਾ ਕੀ ਕਾਰਨ ਹੈ? ਤਦ ਬਰਾੜ ਸਾਹਿਬ ਕਹਿਣ ਲੱਗੇ, ਕਾਰਨ ਕੋਈ ਨਹੀਂ। ਸਾਡੇ ਜੀਆਂ ਨੂੰ ਫ਼ੁਰਦੀ ਬੜੀ ਹੈ। ਜਿਸ ਨੂੰ ਜੋ ਫ਼ੁਰੇ ਜਾਂ ਸੁੱਝੇ, ਉਹ ਬਗੈਰ ਨਤੀਜਾ ਸੋਚਣ ਦੇ ਮੂੰਹ 'ਚੋਂ ਕੱਢ ਦਿੰਦਾ ਹੈ।

ਬਰਾੜ ਸਾਹਿਬ ਨੇ ਫ਼ਾਰਮ ਬਣਾਇਆ। ਜਦੋਂ ਫ਼ਸਲ ਪੱਕੀ ਤਾਂ ਗੜੇ ਪੈਣ ਲੱਗ ਪਏ ਹਨ। ਬਰਾੜ ਸਾਹਿਬ ਨੂੰ ਇਸ ਸੰਕਟ ਵਿੱਚ ਅਕਾਲ ਪੁਰਖ ਯਾਦ ਆਇਆ। ਹੱਥ ਜੋੜ ਕੇ ਖੜੇ ਹੋ ਗਏ ਤੇ ਕਹਿਣ ਲੱਗੇ, ਹੇ ਸੱਚੇ ਪਾਤਸ਼ਾਹ, ਗੜੇ ਬੰਦ ਕਰੋ। ਫਿਰ ਹੋਰ ਵੱਡੇ ਤੇ ਫਿਰ ਹੋਰ ਵੱਡੇ ਤੇ ਅਖ਼ੀਰ ਉਸ ਤੋਂ ਵੀ ਵੱਡੇ ਗੜੇ ਪੈਣੇ ਸ਼ੁਰੂ ਹੋ ਗਏ। ਅਖ਼ੀਰ ਅੱਕ ਕੇ ਰੱਬ ਨੂੰ ਕਹਿਣ ਲੱਗੇ,"ਡਾਹਡਿਆ, ਹੁਣ ਜਿੰਨਾਂ ਲੱਗਦਾ ਹੈ, ਲਾ ਲੈ ਜ਼ੋਰ। ਤੈਥੋਂ ਇਹ ਝੱਲਿਆ ਨਹੀਂ ਗਿਆ ਕਿ ਕਿਸੇ ਭੁੱਖੇ ਢਿੱਡ ਵਿੱਚ ਅਸੀਂ ਵੀ ਪਾਈਆ ਆਟਾ ਪਾ ਸਕੀਏ।"

ਬਰਾੜ ਸਾਹਿਬ ਨੂੰ ਇਨ੍ਹਾਂ ਦਾ ਇੱਕ ਜਮਾਤੀ ਕਹਿਣ ਲੱਗਾ, ਵਿਅੰਗਕਾਰ ਹੋਣ ਦਾ ਸਦਕਾ ਤੁਹਾਥੋਂ ਸਾਰੀ ਦੁਨੀਆਂ ਕੁਝ ਭੈਅ ਖਾਂਦੀ ਹੈ।


ਜਦੋਂ ਤੁਸੀਂ ਕਿਸੇ ਦੀ ਤਾਰੀਫ ਕਰਦੇ ਹੋ ਤਦ ਉਸ ਵਿੱਚ ਵੀ ਵਿਅੰਗ ਹੁੰਦਾ ਹੈ। ਪਰ ਤੁਸੀਂ ਆਪਣੀ ਪਤਨੀ ਦੀ ਬੜੀ ਸ਼ਲਾਘਾ ਕਰਦੇ ਹੋ। ਉਸ ਵਿੱਚ ਐਸਾ ਕੀ ਗੁਣ ਹੈ?

ਬਰਾੜ ਸਾਹਿਬ ਇੱਧਰ-ਉੱਧਰ ਝਾਕ ਕੇ ਕਹਿਣ ਲੱਗੇ, ਸਾਰੇ ਸ਼ਰੀਫ ਪਤੀ ਪਤਨੀਆਂ ਤੋਂ ਡਰਦੇ ਹਨ। ਇੱਕ ਲੇਡੀ ਆਈ.ਏ.ਐਸ. ਅਫ਼ਸਰ ਵਿਆਹ ਕਰਵਾਉਣ ਪਿੱਛੋਂ ਬਰਾੜ ਸਾਹਿਬ ਨੂੰ ਮਿਲਣ ਆਈ। ਨਾਲ ਉਸ ਦਾ ਪਤੀ ਦੇਵ ਵੀ ਸੀ ਜੋ ਬਰਾੜ ਸਾਹਿਬ ਦਾ ਦੂਰੋਂ-ਨੇੜਿਉਂ ਰਿਸ਼ਤੇਦਾਰ ਸੀ। ਬਰਾੜ ਸਾਹਿਬ ਨੇ ਖ਼ੁਸ਼ ਹੋ ਕੇ ਉਨ੍ਹਾ ਨੂੰ ਚਾਹ-ਪਾਣੀ ਪਿਲਾਇਆ।

ਸ਼ਹਿਰ ਦੇ ਕੁਝ ਪੱਤਰਕਾਰ ਵੀ ਸੱਦ ਲਏ ਗਏ। ਨਵੀਂ ਜੋੜੀ ਦੀ ਜਾਣ-ਪਛਾਣ ਕਰਵਾਉਂਦਿਆਂ ਹੋਇਆਂ ਬਰਾੜ ਸਾਹਿਬ ਕਹਿਣ ਲੱਗੇ, ਸ਼ੁਕਰ ਹੈ, ਇਨ੍ਹਾਂ ਦਾ ਵੀ ਆਨੰਦ ਕਾਰਜ ਹੋਇਆ। ਨਹੀਂ ਤਾਂ ਸਾਰੇ ਆਸ ਲਾਹ ਬੈਠੇ ਸਨ ਕਿ ਇਹ ਛੜਿਆਂ ਵਾਂਗ ਹੀ ਜਾਣਗੇ।

ਬੀਬੀ ਹੁਰੀਂ ਕਿਸੇ ਸਮੇਂ ਸ਼ਿਮਲੇ ਵਿਖੇ ਡਿਪਟੀ-ਕਮਿਸ਼ਨਰ ਲੱਗੇ ਹੋਏ ਸਨ।

ਇਨ੍ਹਾਂ ਦਾ ਇੱਕ ਸੇਵਾਦਾਰ ਬਾਹਰ ਬਰਾਂਡੇ ਵਿੱਚ ਬੈਠਾ ਠੁਰ-ਠੁਰ ਕਰ ਰਿਹਾ ਸੀ।




ਬੀਬੀ ਜੀ ਆਪਣੇ ਕਮਰੇ ਵਿੱਚ ਬੈਠੇ ਅੰਗੀਠੀ ਸੇਕ ਰਹੇ ਸਨ। ਇਨ੍ਹਾਂ ਨੇ ਤਰਸ ਖਾ ਕੇ ਸੇਵਾਦਾਰ ਨੂੰ ਅੰਦਰ ਬੁਲਾ ਲਿਆ ਤੇ ਅੰਗੀਠੀ ਸੇਕਣ ਦੀ ਆਗਿਆ ਦਿੱਤੀ। ਮਗਰੋਂ ਕਹਿਣ ਲੱਗੇ, ਭਾਈ, ਜੇ ਤੂੰ ਚਾਹਵੇਂ ਤਾਂ ਦੋ-ਚਾਰ ਦਿਨ ਦੀ ਛੁੱਟੀ ਚਲਿਆ ਜਾਹ। ਆਪਣੇ ਬਾਲ-ਬੱਚਿਆਂ ਨੂੰ ਮਿਲ ਆਵੀਂ। ਸਾਡਾ ਸਰ ਜਾਵੇਗਾ।

ਉਹ ਅੱਗੋਂ ਬੜੇ ਭੋਲੇ ਭਾਅ ਕਹਿਣ ਲੱਗਾ, ਬੀਬੀ ਜੀ ਪਹਿਲਾਂ ਤਾਂ ਮੈਂ ਅਠਾਰਾਂ ਸਾਲ ਫ਼ੌਜ ਵਿੱਚ ਨੌਕਰੀ ਕੀਤੀ। ਉਦੋਂ ਵਿਆਹ ਦੀ ਲੋੜ ਨਹੀਂ ਪਈ। ਉਸ ਤੋਂ ਪਿੱਛੋਂ ਕੋਈ ਰਿਸ਼ਤਾ ਕਰਨ ਵਾਲਾ ਨਹੀਂ ਆਇਆ। ਕਈਂ ਥਾਈਂ ਮੁੱਲ ਦੇ ਰਿਸ਼ਤਿਆਂ ਬਾਰੇ ਵੀ ਗੱਲਬਾਤ ਚੱਲੀ। ਪਰ ਉਹ ਮੱਝ-ਗਾਂ ਨਾਲੋਂ ਵੀ ਵਧੇਰੇ ਪੈਸੇ ਮੰਗਦੇ ਸਨ। ਅਸੀਂ ਸਲਾਹ ਹਟਾ ਦਿੱਤੀ।

ਮੈਂ ਤਾਂ ਤੁਹਾਡੇ ਵਾਂਗ "ਮਿਸ" ਹੀ ਹਾਂ।

ਲੇਡੀ ਡਿਪਟੀ-ਕਮਿਸ਼ਨਰ ਸੇਵਾਦਾਰ ਦੇ ਮੂੰਹ ਵੱਲ ਵੇਖ ਰਹੀ ਸੀ ਤੇ ਅਖ਼ੀਰ ਕਹਿਣ ਲੱਗੀ," ਮਿਸ ਸਾਹਿਬਾ, ਤੁਸੀਂ ਕਿਰਪਾ ਬਾਹਰ ਹੀ ਬੈਠੋ।"

ਉਸ ਸੇਵਾਦਾਰ ਵਰਗੀ ਹਾਲਤ ਕਈ ਵਾਰ ਇਸ ਵਿਚਾਰੇ ਵਿਅੰਗਕਾਰ ਦੀ ਹੋ ਜਾਂਦੀ ਹੈ ਅਤੇ ਹੋ ਇਸ ਲਈ ਜਾਂਦੀ ਹੈ ਕਿ ਇਹ ਆਪਣੀ ਆਦਤ ਤੋਂ ਮਜਬੂਰ ਹੈ। ਜਿੱਥੇ ਕਿਸੇ ਦੀ ਮਾੜੀ-ਮੋਟੀ ਚੂਲ ਹਿੱਲੀ ਵੇਖੀ, ਝੱਟ ਉਸ 'ਤੇ ਵਿਅੰਗ ਕੱਸ ਦਿੰਦੇ ਹਨ। ਨਾਲ-ਨਾਲ ਕਹਿੰਦੇ ਹਨ," ਮੈਂ ਕੇਵਲ ਅਜਿਹਾ ਵਿਅੰਗ ਕੱਸਦਾ ਹਾਂ, ਜਿਸ 'ਤੇ ਮੇਰਾ ਪਾਤਰ ਵੀ ਖ਼ੁਸ਼ ਹੋਵੇ।

ਜੇ ਖ਼ੁਸ਼ ਹੋਣ ਦੀ ਥਾਂ ਬੁੜਬੁੜਾਉਣ ਲੱਗ ਪਵੇ ਤਦ ਵਿਅੰਗ ਨਹੀਂ ਰਹਿੰਦਾ ਸਗੋਂ ਗਾਲੀ-ਗਲੋਚ ਹੋ ਜਾਂਦਾ ਹੈ।

ਬਰਾੜ ਸਾਹਿਬ ਨੇ ਇੱਕ ਦਿਨ ਆਪਣੇ ਦੋਸਤਾਂ-ਮਿੱਤਰਾਂ ਨੂੰ ਇਸ ਖ਼ੁਸ਼ੀ ਵਿੱਚ ਬੜੀ ਵੱਡੀ ਚਾਹ-ਪਾਰਟੀ ਦਿੱਤੀ ਕਿਉਂਕਿ ਉਨ੍ਹਾਂ ਨੂੰ ਪਿਆਰ ਕਰਨ ਵਾਲੀ ਇੱਕ ਅਭਿਨੇਤਰੀ ਨੇ ਗੁੱਸੇ ਵਿੱਚ ਆ ਕੇ ਬੰਬਈ ਦੇ ਬੀਚ 'ਤੇ ਰੇਤਾ ਵਿੱਚ ਲੱਤ ਮਾਰੀ ਸੀ ਤੇ ਕਿਹਾ ਸੀ ਕਿ ਮੈਂ ਡੁੱਬਦੀ ਸਮੁੰਦਰ ਵਿੱਚ ਡੁੱਬ ਜਾਵਾਂਗੀ।

ਬਰਾੜ ਸਾਹਿਬ ਨੇ ਇਸ ਗੱਲ ਦੀ ਬੜੀ ਖ਼ੁਸ਼ੀ ਮਨਾਈ ਕਿ ਸ਼ੁਕਰ ਹੈ ਕਿ "ਭਲਾ ਹੋਇਆ ਮੇਰਾ ਚਰਖ਼ਾ ਟੁੱਟਾ, ਜਿੰਦ ਅਜਾਬੋਂ ਛੁੱਟੀ।

ਹੁਣ ਮਿਰਜ਼ੇ ਦੀਆਂ ਸੱਦਾਂ ਲਾਇਆ ਕਰਾਂਗੇ।

ਜਦੋਂ ਦੋਸਤ-ਮਿੱਤਰ ਰੰਗ-ਬਿਰੰਗੀ ਕਰਾਕਰੀ ਵਿੱਚ ਚਾਹ ਪੀ ਰਹੇ ਸਨ ਤਾਂ ਇੱਕ ਨੇ ਕਿਹਾ,"ਬਰਾੜ ਸਾਹਿਬ, ਇਹ ਤਾਂ ਕਮਾਲ ਦੇ ਬਰਤਨ ਇਕੱਠੇ ਕੀਤੇ ਹਨ। ਇਹੋ ਜਿਹੀ ਕਰਾਕਰੀ ਤਾਂ ਕਿਸੇ ਰਾਜੇ-ਮਹਾਰਾਜੇ ਘਰ ਹੀ ਹੋ ਸਕਦੀ ਹੈ।"

ਬਰਾੜ ਸਾਹਿਬ ਦੀ ਪਤਨੀ ਕਹਿਣ ਲੱਗੀ," ਇਹ ਤਾਂ ਜੀ ਸਾਰੇ ਮੁਹੱਲੇ ਦੀ ਖ਼ਿਦਮਤ ਲਈ ਗਈ ਹੈ। ਆਪਣੇ ਤਾਂ ਇਨ੍ਹਾਂ ਭਾਂਡਿਆਂ ਵਿੱਚ ਬਸ ਦੋ-ਚਾਰ ਠੂਠੇ ਹਨ। ਉਹ ਵੀ ਅੱਧੇ ਭੱਜੇ ਤੇ ਅੱਧੇ ਤਿੜਕੇ ਹਨ। ਇਨ੍ਹਾਂ ਦਾ ਸਭ ਕੁਝ ਬਰਾੜ ਸਾਹਿਬ ਵਰਗਾ ਹੋਇਆ ਪਿਆ ਹੈ।"

ਬਰਾੜ ਸਾਹਿਬ ਆਪਣੇ 'ਤੇ ਕੱਸੇ ਵਿਅੰਗ ਦੀ ਤਾਬ ਨਾ ਝੱਲਦੇ ਹੋਏ ਝੂਠੀ-ਮੂਠੀ ਮੁਸਕਰਾ ਰਹੇ ਸਨ। ■

# ਵਜ਼ਾਰਤ 'ਚ ਭਾਜਪਾ ਦੇ ਨਵੇਂ ਚਿਹਰੇ

ਭਾਜਪਾ ਵੱਲੋਂ ਪੰਜਾਬ ਵਜ਼ਾਰਤ ਵਿੱਚੋਂ ਆਪਣੇ ਨੁਮਾਇੰਦੇ ਬਦਲਣ ਅਤੇ ਕੁਝ ਨਵੇਂ ਚਿਹਰੇ ਸ਼ਾਮਲ ਕਰਨ ਦਾ ਮਨ ਬਣਾਉਣ ਮਗਰੋਂ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਅਕਾਲੀ-ਭਾਜਪਾ ਸਰਕਾਰ ਵਿੱਚ ਵਜ਼ਾਰਤੀ ਰੱਦੋ-ਬਦਲ ਹੋਈ।

ਇਸ ਸਾਰੇ ਅਮਲ ਵਿੱਚ ਸਰਵਸ੍ਰੀ ਮਨੋਰੰਜਨ ਕਾਲੀਆ, ਚੌਧਰੀ ਸਵਰਨਾ ਰਾਮ ਅਤੇ ਮਾਸਟਰ ਮੋਹਨ ਲਾਲ ਨੂੰ ਮੰਤਰੀ ਪਦ ਤੋਂ ਲਾਂਭੇ ਹੋਣਾ ਪਿਆ ਕਿਉਂਕਿ ਇਨ੍ਹਾਂ ਦੇ ਬਦਲੇ ਸੀਨੀਅਰ ਭਾਜਪਾ ਨੇਤਾਵਾਂ ਸਰਵਸ੍ਰੀ ਸਤਪਾਲ ਗੋਸਾਈਂ, ਸੁਰਜੀਤ ਕੁਮਾਰ ਜਿਆਣੀ ਅਤੇ ਅਰੁਣੇਸ਼ ਸ਼ਾਕਿਰ ਨੂੰ ਵਜ਼ਾਰਤ ਵਿੱਚ ਸ਼ਾਮਲ ਕੀਤਾ ਗਿਆ।

ਦੋ ਹੋਰ ਸੀਨੀਅਰ ਭਾਜਪਾ ਸ੍ਰੀ ਤੀਕਸ਼ਨ ਸੂਦ ਅਤੇ ਸ੍ਰੀਮਤੀ ਲਕਸ਼ਮੀ ਕਾਂਤਾ ਚਾਵਲਾ ਨੂੰ ਵਜ਼ਾਰਤ ਵਿੱਚ ਤਾਂ ਬਰਕਰਾਰ ਰੱਖਿਆ ਗਿਆ ਹੈ ਪਰ ਉਨ੍ਹਾਂ ਦੇ ਮਹਿਕਮੇ ਬਦਲ ਦਿੱਤੇ ਗਏ ਹਨ। ਸ੍ਰੀ ਕਾਲੀਆ ਦੀ ਥਾਂ ਸ੍ਰੀ ਤੀਕਸ਼ਨ ਸੂਦ ਨੂੰ ਵਿਧਾਨ ਸਭਾ ਵਿੱਚ 19-ਮੈਂਬਰੀ ਭਾਜਪਾ ਗੁੱਟ ਦਾ ਨੇਤਾ ਚੁਣ ਲਿਆ ਗਿਆ ਹੈ।

ਭਾਜਪਾ ਦੇ ਵਜ਼ੀਰਾਂ ਤੋਂ ਇਲਾਵਾ, ਭਾਜਪਾ ਦੇ ਪੰਜ ਵਿਧਾਇਕਾਂ ਨੂੰ ਚੀਫ ਪਾਰਲੀਮਾਨੀ ਸਕੱਤਰਾਂ ਵਜੋਂ ਸਹੁੰ ਚੁਕਾਈ ਗਈ। ਇਨ੍ਹਾਂ ਵਿੱਚ ਇਕ ਹਨ ਸ੍ਰੀ ਸੁਖਪਾਲ ਸਿੰਘ ਨੰਨੂ, ਜਿਨ੍ਹਾਂ ਨੇ ਭਾਜਪਾ ਹਾਈ ਕਮਾਂਡ ਵੱਲੋਂ ਸ਼ੁਰੂ ਕੀਤੀ ਗਈ ਇਸ ਤਬਾਦਲਾ ਮਸ਼ਕ ਦੇ ਸਬੰਧ ਵਿੱਚ ਪਹਿਲਾਂ ਅਸਤੀਫ਼ਾ ਦੇ ਦਿੱਤਾ ਸੀ।



ਪੰਜਾਬ ਦੇ ਰਾਜਪਾਲ ਸ੍ਰੀ ਸ਼ਿਵਰਾਜ ਪਾਟਿਲ ਅਤੇ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨਵੇਂ ਬਣੇ ਮੰਤਰੀਆਂ ਸ੍ਰੀ ਤੀਕਸ਼ਣ ਸੂਦ, ਪ੍ਰੋ. ਲਕਸ਼ਮੀ ਕਾਂਤਾ ਚਾਵਲਾ, ਸ੍ਰੀ ਸੱਤ ਪਾਲ ਗੋਸਾਈਂ, ਸ੍ਰੀ ਸੁਰਜੀਤ ਕੁਮਾਰ ਜਿਆਣੀ ਅਤੇ ਸ੍ਰੀ ਅਰੁਣੇਸ਼ ਸ਼ਾਕਿਰ ਨਾਲ।

ਇਨ੍ਹਾਂ ਤੋਂ ਇਲਾਵਾ ਹਨ ਸਰਵਸ੍ਰੀ ਕੇ ਡੀ ਭੰਡਾਰੀ, ਅਮਰਜੀਤ ਸਿੰਘ ਸ਼ਾਹੀ, ਬਿਸ਼ੰਬਰ ਦਾਸ ਅਤੇ ਦਿਨੇਸ਼ ਸਿੰਘ। ਇਨ੍ਹਾਂ ਵਿੱਚੋਂ ਦੋ ਨੂੰ ਸ੍ਰੀ ਜਗਦੀਸ਼ ਸਾਹਨੀ ਅਤੇ ਸ੍ਰੀ ਰਾਜ ਖੁਰਾਨਾ ਦੀ ਥਾਂ 'ਤੇ ਲਾਇਆ ਗਿਆ ਹੈ। ਇਨ੍ਹਾਂ ਨੇ ਵੀ ਅਸਤੀਫ਼ੇ ਦਿੱਤੇ ਹੋਏ ਸਨ।

ਕੈਬਨਿਟ ਮੰਤਰੀ ਸ੍ਰੀ ਤੀਕਸ਼ਨ ਸੂਦ ਹੁਣ ਸਥਾਨਕ ਪ੍ਰਸ਼ਾਸਨ, ਸਨਅਤਾਂ ਤੇ ਵਣਜ ਅਤੇ ਪਾਰਲੀਮਾਨੀ ਮਾਮਲਿਆਂ ਦਾ ਵਿਭਾਗ ਦੇਖਣਗੇ ਅਤੇ ਪ੍ਰੋ. ਲਕਸ਼ਮੀ ਕਾਂਤਾ ਚਾਵਲਾ ਸਮਾਜਿਕ ਸੁਰੱਖਿਆ ਅਤੇ ਮਹਿਲਾ ਤੇ ਬਾਲ ਵਿਕਾਸ ਦਾ ਵਿਭਾਗ ਸੰਭਾਲਣਗੇ। ਸ੍ਰੀ ਸੁਰਜੀਤ ਕੁਮਾਰ ਜਿਆਣੀ ਨੂੰ ਟਰਾਂਸਪੋਰਟ, ਤਕਨੀਕੀ ਸਿੱਖਿਆ ਤੇ ਸਨਅਤੀ ਸਿਖਲਾਈ ਵਿਭਾਗ ਦਿੱਤਾ ਗਿਆ ਹੈ ਜਦ ਕਿ ਸ੍ਰੀ ਅਰੁਣੇਸ਼ ਸ਼ਾਕਿਰ ਨੂੰ ਜੰਗਲਾਤ ਤੇ ਵਣ-ਜੀਵਨ ਸੰਭਾਲ, ਕਿਰਤ ਤੇ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦਿੱਤਾ ਗਿਆ ਹੈ।

ਨਵੇਂ ਨਿਯੁਕਤ ਕੀਤੇ ਗਏ ਚੀਫ਼ ਪਾਰਲੀਮਾਨੀ ਸਕੱਤਰ ਸ੍ਰੀ ਕੇ ਡੀ ਭੰਡਾਰੀ ਨੂੰ ਆਬਕਾਰੀ ਤੇ ਕਰ ਵਿਭਾਗ ਦੇ ਕੇ ਮੁੱਖ ਮੰਤਰੀ ਨਾਲ ਲਗਾਇਆ ਗਿਆ ਹੈ। ਇਸੇ ਤਰ੍ਹਾਂ ਸ੍ਰੀ ਅਮਰਜੀਤ ਸਿੰਘ ਨੂੰ ਖ਼ਜ਼ਾਨਾ ਵਿਭਾਗ ਦੇ ਕੇ ਡਾ. ਉਪਿੰਦਰਜੀਤ ਨਾਲ ਲਗਾਇਆ ਗਿਆ ਹੈ। ਸ੍ਰੀ ਦਿਨੇਸ਼ ਸਿੰਘ ਨੂੰ ਖ਼ੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੇ ਕੇ ਸ੍ਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨਾਲ ਲਗਾਇਆ ਗਿਆ ਹੈ। ਸ੍ਰੀ ਸੁਖਪਾਲ ਸਿੰਘ ਨੰਨੂੰ ਨੂੰ ਮਾਲ, ਮੁੜਵਸੇਬਾ ਤੇ ਬਿਪਤਾ ਪ੍ਰਬੰਧਨ ਵਿਭਾਗ ਅਲਾਟ ਕਰਕੇ ਸ੍ਰੀ ਅਜੀਤ ਸਿੰਘ ਕੋਹਾੜ ਨਾਲ ਲਗਾਇਆ ਗਿਆ ਹੈ ਅਤੇ ਸ੍ਰੀ ਬਿਸ਼ੰਬਰ ਦਾਸ ਨੂੰ ਜੰਗਲਾਤ, ਵਣ-ਜੀਵਨ ਸੰਭਾਲ ਦੇ ਕੇ ਸ੍ਰੀ ਅਰੁਣੇਸ਼ ਸ਼ਾਕਿਰ ਨਾਲ ਲਗਾਇਆ ਗਿਆ ਹੈ।



ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਸ੍ਰੀ ਸੁਖਪਾਲ ਸਿੰਘ ਨੰਨੂੰ (ਫਿਰੋਜ਼ਪੁਰ), ਦਿਨੇਸ਼ ਸਿੰਘ( ਸੁਜਾਨਪੁਰ), ਕੇ ਕੇ ਭੰਡਾਰੀ (ਜਲੰਧਰ ਉਤਰੀ), ਅਮਰਜੀਤ ਸਿੰਘ ਸਾਹੀ (ਦਸੂਹਾ) ਅਤੇ ਬਿਸੰਬਰ ਦਾਸ (ਨਰੋਟ ਮਹਿਰਾ) ਨੂੰ ਚੀਫ਼ ਪਾਰਲੀਮਾਨੀ ਸਕੱਤਰਾਂ ਵਜੋਂ ਸਹੁੰ ਚੁਕਾਉਂਦੇ ਹੋਏ।

## ਮਹਾਰਾਜਾ ਦਲੀਪ ਸਿੰਘ ਦੀ ਯਾਦਗਾਰ

ਪੰਜਾਬ ਸਰਕਾਰ ਵੱਲੋਂ ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿੱਚ ਇਕ ਯਾਦਗਾਰ ਮਿਊਜ਼ੀਅਮ ਰਾਏਕੋਟ ਨੇੜੇ ਪਿੰਡ ਬੱਸੀਆਂ ਵਿਖੇ ਸਥਾਪਤ ਕੀਤਾ ਜਾਵੇਗਾ, ਜੋ ਇਨਟੈਕ ਵੱਲੋਂ 5 ਏਕੜ ਭੂਮੀ 'ਤੇ ਵਿਕਸਿਤ ਕੀਤਾ ਜਾਵੇਗਾ। ਇਹ ਫੈਸਲਾ ਮੁੱਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਨੇ ਲੁਧਿਆਣਾ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਲਈ ਸੱਦੀ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਲਿਆ। ਵਰਨਣਯੋਗ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਪਿੰਡ ਬੱਸੀਆਂ ਨਾਲ ਇਤਿਹਾਸਿਕ ਸਾਂਝ ਹੈ, ਇਥੋਂ ਦੇ ਰੈਸਟ ਹਾਊਸ ਵਿੱਚ ਉਨ੍ਹਾਂ ਨੂੰ ਅੰਗਰੇਜ਼ਾਂ ਨੇ ਲੰਡਨ ਲਿਜਾਣ ਤੋਂ ਪਹਿਲਾਂ ਹਿਰਾਸਤ ਵਿੱਚ ਰੱਖਿਆ ਸੀ।

ਪਿੰਡ ਬੱਸੀਆਂ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਯਾਦ ਵਿੱਚ ਇਕ ਇੰਜੀਨਿਰਿੰਗ ਕਾਲਜ ਉਸਾਰਨ ਲਈ ਯੋਜਨਾ ਤਿਆਰ ਕਰਨ ਲਈ ਵੀ ਜ਼ਿਲ੍ਹਾ ਪ੍ਰਸ਼ਾਸਨ ਨੂੰ ਕਿਹਾ ਗਿਆ।

## ਵਿਸ਼ੇਸ਼ ਫੋਟਗਰਾਫ਼ੀ ਮੁਹਿੰਮ

ਪੰਜਾਬ ਦੀ ਮੁੱਖ ਚੋਣ ਅਧਿਕਾਰੀ ਕੁਸਮਜੀਤ ਸਿੱਧੂ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ 18 ਸਾਲ ਉਮਰ ਦੇ ਸਾਰੇ ਨਾਗਰਿਕ ਜਲਦ ਹੀ ਆਪਣੀ ਵੋਟ ਅਤੇ ਵੋਟ ਪਹਿਚਾਣ ਪੱਤਰ ਬਣਾ ਲੈਣ ਕਿਉਂਕਿ ਇਸ ਵੇਲੇ ਵੋਟਰ ਸੂਚੀ ਵਿੱਚ ਸੁਧਾਈ ਦਾ ਕੰਮ ਚੱਲ ਰਿਹਾ ਹੈ। ਜਨਵਰੀ 2012 ਵਿੱਚ ਪੰਜਾਬ ਵਿਧਾਨ ਸਭਾ ਦੀਆਂ ਆਮ ਚੋਣਾਂ ਦੇ ਮੱਦੇਨਜ਼ਰ ਇਹ ਅਤਿਅੰਤ ਜ਼ਰੂਰੀ ਹਨ। ਚੋਣ ਵਿਭਾਗ ਪੰਜਾਬ ਵੱਲੋਂ ਇਸ ਮੰਤਵ ਲਈ ਪਹਿਲੀ ਜੂਨ ਤੋਂ 30 ਜੂਨ 2011 ਤੱਕ ਸਪੈਸ਼ਲ ਫੋਟੋਗ੍ਰਾਫੀ ਮੁਹਿੰਮ ਚਲਾਈ ਜਾ ਰਹੀ ਹੈ।

ਅਜੇ ਵੀ ਕਾਫੀ ਵੋਟਰਾਂ ਦੇ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਹੋਣੇ ਰਹਿੰਦੇ ਹਨ ਜਦੋਂ ਕਿ ਦੋ ਫੀਸਦੀ ਵੋਟਰਾਂ ਦੀ ਫੋਟੋ ਵੀ ਵੋਟਰ ਸੂਚੀ ਵਿੱਚ ਸ਼ਾਮਲ ਹੋਣੀ ਰਹਿੰਦੀ ਹੈ। 18 ਸਾਲ ਦੀ ਉਮਰ ਦੇ ਜਿਨ੍ਹਾਂ ਨਾਗਰਿਕਾਂ ਨੇ ਹਾਲੇ ਆਪਣੀ ਵੋਟ ਨਹੀਂ ਬਣਾਈ ਉਹ ਛੇਤੀ ਹੀ ਫਾਰਮ ਨੰਬਰ 6 ਭਰ ਕੇ ਦੋ ਫੋਟੋਆਂ ਸਮੇਤ ਆਪਣੇ ਬੂਥ ਲੈਵਲ ਅਫਸਰ (ਬੀ.ਐਲ.ਓ.) ਜਾਂ ਚੋਣਕਾਰ ਰਜਿਸਟ੍ਰੇਸ਼ਨ ਨੂੰ ਦੇ ਸਕਦਾ ਹੈ।

ਸਕੂਲਾਂ ਅਤੇ ਕਾਲਜਾਂ ਦੇ ਹੋਸਟਲਾਂ ਵਿੱਚ ਰਹਿੰਦੇ ਵਿਦਿਆਰਥੀ ਆਪਣੇ ਪ੍ਰਿੰਸੀਪਲ ਰਾਹੀਂ ਫਾਰਮ ਨੰਬਰ 6 ਖੁਦ ਭਰ ਕੇ ਦੋ ਫੋਟੋਆਂ ਸਮੇਤ ਸਬੰਧਤ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੂੰ ਵੋਟਰ ਸੂਚੀ ਵਿਚ ਨਾਮ ਦਰਜ ਕਰਨ ਲਈ ਭੇਜ ਸਕਦੇ ਹਨ। ਇਸ ਦੇ ਨਾਲ ਹੀ ਜਿਨ੍ਹਾਂ ਵੋਟਰਾਂ ਨੂੰ ਹਾਲੇ ਤੱਕ ਵੋਟਰ ਫੋਟੋ ਸ਼ਨਾਖਤੀ ਕਾਰਡ ਨਹੀਂ ਮਿਲਿਆ ਜਾਂ ਕਾਰਡ ਵਿੱਚ ਕੋਈ ਗਲਤੀ ਹੈ, ਉਹ ਵੀ ਬੀ.ਐਲ.ਓ. ਨਾਲ ਸੰਪਰਕ ਕਰ ਸਕਦਾ ਹੈ।

## ਕਰਜ਼ੇ ਲਈ ਸਰਲ ਵਿਧੀ

ਪੰਜਾਬ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਿਅਕਤੀਆਂ ਨੂੰ ਬੈਂਕਾਂ ਤੋਂ ਕਰਜ਼ਾ ਲੈਣ ਅਤੇ ਧਾਰਾ 107/151 ਦੇ ਕੇਸਾਂ ਵਿੱਚ ਜ਼ਮਾਨਤ ਕਰਾਉਣ ਦੀ ਵਿਧੀ ਸਰਲ ਬਣਾਈ ਜਾਵੇਗੀ।

ਪੰਜਾਬ ਦੇ ਭਲਾਈ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ ਨੇ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ, ਭੋਂ ਵਿਕਾਸ ਅਤੇ ਵਿੱਤ ਕਾਰਪੋਰਸ਼ਨ ਵੱਲੋਂ ਲਾਗੂ ਕੀਤੀਆਂ ਜਾਂਦੀਆਂ ਕਰਜ਼ਾ ਸਕੀਮਾਂ ਅਧੀਨ ਜੇਕਰ ਕਿਸੇ ਵੀ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀ ਵੱਲੋਂ ਕਰਜ਼ਾ ਲਿਆ ਜਾਣਾ ਹੁੰਦਾ ਹੈ, ਤਦ ਉਸ ਵੱਲੋਂ ਜਿੰਨੀ ਰਾਸ਼ੀ ਦਾ ਕਰਜ਼ਾ ਪ੍ਰਾਪਤ ਕਰਨ ਲਈ ਦਰਖਾਸਤ ਦਿੱਤੀ ਜਾਂਦੀ ਹੈ, ਉਸ ਦੀ ਸਕਿਉਰਟੀ ਵਜੋਂ, ਉਸ ਨੂੰ ਪ੍ਰਾਪਰਟੀ ਦੀ ਗਰੰਟੀ ਜਾਂ ਕਿਸੇ ਵਿਅਕਤੀ ਦੀ ਜ਼ਾਮਨੀ ਦੇਣੀ ਪੈਂਦੀ ਹੈ।

ਇਸ ਵਰਗ ਨਾਲ ਸਬੰਧਤ ਪਰਿਵਾਰਾਂ ਕੋਲ ਨਾ ਤਾਂ ਕੋਈ ਪ੍ਰਾਪਰਟੀ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਗਰੰਟੀ ਦੇਣ ਲਈ ਕੋਈ ਵਿਅਕਤੀ ਤਿਆਰ ਹੁੰਦਾ ਹੈ, ਜਿਸ ਕਾਰਨ ਉਹ ਕਰਜ਼ਾ ਲੈਣ ਤੋ ਵਾਂਝੇ ਰਹਿ ਜਾਂਦੇ ਹਨ।

ਇਸ ਤਰ੍ਹਾਂ ਹੀ ਗਰੀਬ ਲੋਕਾਂ ਦੇ ਖਿਲਾਫ਼ ਜਦੋਂ ਧਾਰਾ 107/151 ਤਹਿਤ ਕੇਸ ਦਰਜ ਹੋ ਜਾਂਦੇ ਹਨ ਤਦ ਉਹਨਾਂ ਨੂੰ ਜ਼ਮਾਨਤ ਲੈਣ ਵਿੱਚ ਬਹੁਤ ਮੁਸ਼ਕਿਲਾਂ ਆਉਂਦੀਆਂ ਹਨ, ਕਿਉਂਕਿ ਧਾਰਾ 107/151 ਤਹਿਤ ਜ਼ਮਾਨਤ ਕਰਵਾਉਣ ਲਈ ਕਿਸੇ ਨਾ ਕਿਸੇ ਵਿਅਕਤੀ, ਜਿਸ ਦੀ ਕੋਈ ਪ੍ਰਾਪਰਟੀ ਹੋਵੇ, ਦੀ ਗਰੰਟੀ ਦਿੱਤੀ ਜਾਣੀ ਹੁੰਦੀ ਹੈ ਜਾਂ ਉਸ ਵਿਅਕਤੀ ਵੱਲੋਂ ਖੁਦ ਜ਼ਮਾਨਤ ਕਰਵਾਉਣ ਲਈ, ਉਸ ਦੀ ਪ੍ਰਾਪਰਟੀ ਦਾ ਸਬੂਤ ਦਿੱਤਾ ਜਾਣਾ ਹੁੰਦਾ ਹੈ। ਪ੍ਰੰਤੂ ਜਿਹੜੇ ਗਰੀਬ ਲੋਕਾਂ ਕੋਲ ਆਪਣੀ ਪ੍ਰਾਪਰਟੀ ਨਹੀਂ ਹੁੰਦੀ, ਉਹਨਾਂ ਨੂੰ ਇਸ ਧਾਰਾ ਅਧੀਨ ਜ਼ਮਾਨਤ ਲੈਣ ਵਿੱਚ ਮੁਸ਼ਕਲਾਂ ਆਉਂਦੀਆਂ ਹਨ, ਕਿਉਂਕਿ ਕਈ ਵਾਰੀ ਅਜਿਹੇ ਵਿਅਕਤੀਆਂ ਦੀ, ਕੋਈ ਵੀ ਵਿਅਕਤੀ ਜ਼ਮਾਨਤ ਦੇਣ ਲਈ ਤਿਆਰ ਨਹੀਂ ਹੁੰਦਾ।

ਇਹਨਾਂ ਸਮੱਸਿਆਵਾਂ ਦੇ ਹੱਲ ਲਈ ਭਲਾਈ ਵਿਭਾਗ ਵੱਲੋਂ ਇੱਕ ਤਜਵੀਜ਼ ਤਿਆਰ ਕੀਤੀ ਜਾ ਰਹੀ ਹੈ ਜਿਸ ਅਨੁਸਾਰ ਇਹਨਾਂ ਵਰਗਾਂ ਨਾਲ ਸਬੰਧਤ ਵਿਅਕਤੀਆਂ ਦੇ ਮਕਾਨਾਂ ਦੇ ਨੰਬਰ ਅਲਾਟ ਕੀਤੇ ਜਾਣਗੇ ਅਤੇ ਇਹਨਾਂ ਮਕਾਨਾਂ ਨੂੰ ਹੀ ਕਰਜ਼ਾ ਲੈਣ ਅਤੇ ਧਾਰਾ 107/151 ਅਧੀਨ ਜ਼ਮਾਨਤਾਂ ਕਰਾਉਣ ਲਈ ਪ੍ਰਾਪਰਟੀ ਮੰਨ ਕੇ ਗਰੰਟੀ ਵਜੋਂ ਸਵੀਕਾਰ ਕੀਤਾ ਜਾ ਸਕੇਗਾ।

# ਕੈਂਸਰ ਪੀੜਤਾਂ ਲਈ ਫੰਡ

ਸਿਹਤ ਤੇ ਪਰਿਵਾਰ ਭਲਾਈ ਮੰਤਰੀ ਸ੍ਰੀ ਸਤਪਾਲ ਗੋਸਾਈਂ ਨੇ ਦੱਸਿਆ ਹੈ ਕਿ ਕੈਂਸਰ ਦੇ ਇਲਾਜ ਲਈ ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਜਿੱਥੇ 200 ਕਰੋੜ ਦੀ ਲਾਗਤ ਨਾਲ ਐਸ.ਏ.ਐਸ. ਨਗਰ ਮੁਹਾਲੀ ਅਤੇ ਬਠਿੰਡਾ ਵਿਖੇ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਮਲਟੀਸਪੈਸ਼ਲਿਟੀ ਹਸਪਤਾਲ ਬਣਾਏ ਜਾ ਰਹੇ ਹਨ ਉਥੇ ਕੈਂਸਰ ਦੇ ਮਰੀਜ਼ਾਂ ਦੀ ਮਾਲੀ ਮਦਦ ਲਈ ਮੁੱਖ ਮੰਤਰੀ ਰਾਹਤ ਫੰਡ ਬਣਾਇਆ ਗਿਆ ਹੈ। ਇਸ ਫੰਡ ਵਿੱਚੋਂ ਕੈਂਸਰ ਦੇ ਮਰੀਜ਼ਾਂ ਨੂੰ ਇਲਾਜ ਲਈ 1.50 ਲੱਖ ਰੁਪਏ ਤੱਕ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ। ਇਸ ਤੋਂ ਪਹਿਲਾਂ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਪਰਿਵਾਰਾਂ ਨੂੰ ਵੱਖ-ਵੱਖ ਬਿਮਾਰੀਆਂ ਦੇ ਇਲਾਜ ਲਈ 1.50 ਲੱਖ ਰੁਪਏ ਤੱਕ ਦੀ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਸੀ।

ਮੁੱਖ ਮੰਤਰੀ ਰਾਹਤ ਫੰਡ ਸਰਕਾਰੀ ਫੰਡਾਂ ਅਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚੱਲੇਗਾ। ਇਸ ਫੰਡ ਵਿੱਚੋਂ ਸਹਾਇਤਾ ਲੈਣ ਲਈ ਮਰੀਜ਼ ਵੱਲੋਂ ਇਹ ਪ੍ਰਮਾਣ ਦੇਣਾ ਹੋਵਗਾ ਕਿ ਉਸ ਨੇ ਕਿਸ ਵੀ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾ ਤੋਂ ਵਿੱਤੀ ਸਹਾਇਤਾ ਨਹੀਂ ਲਈ। ਉਨ੍ਹਾਂ ਕਿਹਾ ਕਿ ਮਰੀਜ਼ ਦਾ ਇਲਾਜ ਜੇ ਕਿਸੇ ਸਰਕਾਰੀ ਹਸਪਤਾਲ ਵਿੱਚ ਚੱਲ ਰਿਹਾ ਹੈ ਤਾਂ ਉਸ ਨੂੰ ਰਾਹਤ ਫੰਡ ਵਿੱਚੋਂ ਸਰਕਾਰੀ ਹਸਪਤਾਲ ਦੇ ਰੇਟ ਅਨੁਸਾਰ ਭੁਗਤਾਨ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਮਰੀਜ਼ ਜੇਕਰ ਕੈਂਸਰ ਦਾ ਇਲਾਜ ਕਿਸੇ ਪ੍ਰਾਈਵੇਟ ਹਸਪਤਾਲ ਵਿੱਚੋਂ ਕਰਵਾ ਰਿਹਾ ਹੈ ਤਾਂ ਉਸ ਨੂੰ ਪੀ.ਜੀ.ਆਈ. ਚੰਡੀਗੜ੍ਹ ਦੇ ਰੇਟਾਂ ਅਨੁਸਾਰ ਭੁਗਤਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਐਮਰਜੈਂਸੀ ਕੇਸ ਵਿੱਚ ਮੁੱਖ ਮੰਤਰੀ ਨੂੰ ਅਪੀਲ ਕਰਨ 'ਤੇ ਸਿੱਧਾ ਭੁਗਤਾਨ ਮਿਲ ਸਕਦਾ ਹੈ।

## ਸ਼ਗਨ ਦਾ ਪੈਸਾ ਆਨਲਾਈਨ

ਪੰਜਾਬ ਸਰਕਾਰ ਨੇ ਸਾਲ 2011-12 ਤੋਂ ਸ਼ਗਨ ਸਕੀਮ ਦਾ ਦਾਇਰਾ ਵਧਾ ਕੇ ਇਸ ਸਕੀਮ ਦਾ ਲਾਭ ਪਛੜੀਆਂ ਸ਼੍ਰੇਣੀਆਂ, ਈਸਾਈ ਲੜਕੀਆਂ ਅਤੇ ਕਿਸੇ ਵੀ ਉੱਚ ਜਾਤੀ ਦੀਆਂ ਲੜਕੀਆਂ ਦੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹਨ, ਨੂੰ ਵੀ ਸ਼ਾਮਲ ਕੀਤਾ ਗਿਆ ਹੈ ਤੇ ਇਸ ਲਈ 130 ਕਰੋੜ ਰੁਪਏ ਰੱਖੇ ਹਨ। ਇਸ ਰਾਸ਼ੀ ਵਿੱਚੋਂ ਅਗਲੇ ਤਿੰਨ ਮਹੀਨਿਆਂ ਲਈ ਲਾਭਪਾਤਰੀਆਂ ਨੂੰ ਸ਼ਗਨ ਦੇਣ ਲਈ 27 ਕਰੋੜ ਦੀ ਰਾਸ਼ੀ ਜਾਰੀ ਕਰ ਦਿੱਤੀ ਹੈ।

ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਬਾਰੇ ਭਲਾਈ ਮੰਤਰੀ ਸ. ਗੁਲਜ਼ਾਰ ਸਿੰਘ ਰਣੀਕੇ ਨੇ ਦੱਸਿਆ ਕਿ ਸ਼ਗਨ ਸਕੀਮ ਲਈ 15000 ਹਜ਼ਾਰ ਰੁਪਏ ਦੀ ਰਾਸ਼ੀ ਲਾਭਪਾਤਰੀ ਦੇ ਖਾਤੇ ਵਿੱਚ ਆਨਲਾਈਨ ਜਮ੍ਹਾਂ ਕਰਵਾਈ ਜਾਏਗੀ। ਬੀ.ਪੀ.ਐਲ. ਜਾਂ ਨੀਲੇ ਕਾਰਡ-ਹੋਲਡਰ ਪਰਿਵਾਰਾਂ ਨੂੰ ਆਮਦਨ ਦੇ ਸਬੂਤ ਵਜੋਂ ਕੋਈ ਹੋਰ ਦਸਤਾਵੇਜ਼ ਪੇਸ਼ ਨਹੀਂ ਕਰਨਾ ਪਵੇਗਾ।

ਬਾਕੀ ਲਾਭਪਾਤਰੀਆਂ ਨੂੰ ਸਮਰੱਥ ਅਧਿਕਾਰੀ ਪਾਸੋਂ ਤਸਦੀਕ ਆਮਦਨ ਸਰਟੀਫਿਕੇਟ ਪੇਸ਼ ਕਰਨਾ ਪਵੇਗਾ। ਗਰੀਬ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਨੂੰ ਵੀ ਦੁਬਾਰਾ ਵਿਆਹ ਕਰਾਉਣ 'ਤੇ ਸ਼ਗਨ ਦਿੱਤਾ ਜਾਵੇਗਾ।

ਪਰਿਵਾਰ ਵੱਲੋਂ ਸ਼ਗਨ ਦਾ ਲਾਭ ਪ੍ਰਾਪਤ ਕਰਨ ਉਪਰੰਤ ਜ਼ਿਲ੍ਹਾ ਭਲਾਈ ਅਫ਼ਸਰ ਨੂੰ ਵਿਆਹ ਹੋਣ ਦਾ ਸਬੂਤ ਦੇਣਾ ਜ਼ਰੂਰੀ ਹੋਵਗਾ।

## ਸੂਚਨਾ ਤਕਨਾਲੋਜੀ ਪਾਰਕ

ਪੰਜਾਬ ਵੀ ਦੇਸ਼ ਦੇ ਉਨ੍ਹਾਂ ਮੋਹਰੀ ਸੂਬਿਆਂ ਵਿੱਚ ਇੱਕ ਹੋਵਗਾ। ਜਿੱਥੇ ਕਿ ਸੂਚਨਾ ਤਕਨਾਲੋਜੀ ਤੇ ਆਧਾਰਤ ਵੱਡੇ ਉਦਯੋਗ ਸਥਾਪਤ ਕੀਤੇ ਜਾ ਰਹੇ ਹਨ। ਇਸ ਨਾਲ ਪੰਜਾਬ ਦੇ ਨੌਜਵਾਨਾਂ ਨੂੰ ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਰੋਜ਼ਗਾਰ ਹਾਸਲ ਕਰਨ ਲਈ ਮੁੰਬਈ, ਬੈਂਗਲੌਰ, ਹੈਦਰਾਬਾਦ, ਨੋਇਡਾ ਵਰਗੇ ਸ਼ਹਿਰਾਂ ਵਿੱਚ ਨਹੀਂ ਜਾਣਾ ਪਵੇਗਾ। ਉੱਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਨੇ ਰਿਮਟ ਕਾਲਜ ਮੰਡੀ ਗੋਬਿੰਦਗੜ੍ਹ ਵਿਖੇ ਜਾਬ-ਆਫਰ ਲੈਟਰ-ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਦੱਸਿਆ ਕਿ ਮੋਹਾਲੀ ਵਿਖੇ ਸੂਚਨਾ ਤਕਨਾਲੋਜੀ ਪਾਰਕ ਸਥਾਪਤ ਕਰਨ ਦੀ ਯੋਜਨਾ ਹੈ। ਪੰਜਾਬ ਸਰਕਾਰ ਇਸ ਦੇ ਨਿਰਮਾਣ ਲਈ ਸੂਚਨਾ ਤਕਨੀਕ ਦੀਆਂ ਪ੍ਰਸਿੱਧ ਕੰਪਨੀਆਂ ਟੀ.ਸੀ.ਐਸ., ਵਿਪਰੋ ਅਤੇ ਇੰਨਫੋਸਿਸ ਦੇ ਨਾਲ ਸੰਪਰਕ ਵਿੱਚ ਹੈ। ਇਨ੍ਹਾਂ ਕੰਪਨੀਆਂ ਵੱਲੋਂ ਵੀ ਦਿਲਚਸਪੀ ਦਿਖਾਈ ਜਾ ਰਹੀ ਹੈ। ਸੂਚਨਾ ਤਕਨਾਲੋਜੀ ਇੰਡਸਟਰੀ ਤੋਂ ਇਲਾਵਾ ਕਪੂਰਥਲਾ ਵਿਖੇ ਹੈਂਡ

> ਪੰਜਾਬ ਦੇ ਨੌਜਵਾਨਾਂ ਨੂੰ ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਰੋਜ਼ਗਾਰ ਹਾਸਲ ਕਰਨ ਲਈ ਮੁੰਬਈ, ਬੈਂਗਲੌਰ, ਹੈਦਰਾਬਾਦ, ਨੋਇਡਾ ਵਰਗੇ ਸ਼ਹਿਰਾਂ ਵਿੱਚ ਨਹੀਂ ਜਾਣਾ ਪਵੇਗਾ।

ਟੂਲ ਪਾਰਕ, ਸਰਹੱਦੀ ਏਰੀਏ ਵਿੱਚ ਸ਼ੂਗਰ ਪਾਰਕ ਅਤੇ ਬਠਿੰਡਾ ਵਿਖੇ ਟੈਕਸਟਾਈਲ ਪਾਰਕ ਸਥਾਪਤ ਕਰਨ ਦੀ ਵੀ ਯੋਜਨਾ ਹੈ। ਵੱਡੀ ਪੱਧਰ 'ਤੇ ਇਹ ਉਦਯੋਗ ਸਥਾਪਤ ਹੋਣ ਨਾਲ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਹੋਣਗੇ। ਇਕੱਲੇ ਟੈਕਸਟਾਈਲ ਪਾਰਕ ਦੀ ਸਥਾਪਨਾ ਨਾਲ ਸਪਿੰਨਿੰਗ ਉਦਯੋਗ ਵਿੱਚ ਹੀ ਇੱਕ ਲੱਖ ਲੜਕੀਆਂ ਨੂੰ ਰੋਜ਼ਗਾਰ ਪ੍ਰਾਪਤ ਹੋਵੇਗਾ।

ਪਿਛਲੇ ਚਾਰ ਸਾਲਾਂ ਦੌਰਾਨ ਪੰਜਾਬ ਸਰਕਾਰ ਹੁਣ ਤੱਕ ਵੱਖ ਵੱਖ ਖੇਤਰਾਂ ਵਿੱਚ ਇੱਕ ਲੱਖ ਨੌਜਵਾਨਾਂ ਨੂੰ ਰੋਜ਼ਗਾਰ ਮੁਹੱਈਆ ਕਰਵਾ ਚੁੱਕੀ ਹੈ ਜਿਹਨਾਂ ਵਿੱਚੋਂ 70 ਹਜ਼ਾਰ ਬੇਰੋਜ਼ਗਾਰਾਂ ਨੂੰ ਇਕੱਲੇ ਸਿੱਖਿਆ ਖੇਤਰ ਵਿੱਚ ਹੀ ਹਨ। ਸਰਕਾਰੀ ਖੇਤਰ ਵਿੱਚ ਰੋਜ਼ਗਾਰ ਦੇਣ ਵਿੱਚ ਸ਼੍ਰੋਮਣੀ ਅਕਾਲੀ ਦਲ - ਭਾਜਪਾ ਸਰਕਾਰ ਨੇ ਰਿਕਾਰਡ ਕਾਇਮ ਕੀਤਾ ਹੈ। ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਤ ਕਰਨ ਲਈ ਪੰਜਾਬ ਵਿੱਚ ਅੰਤਰ-ਰਾਸ਼ਟਰੀ ਪੱਧਰ ਦਾ ਖੇਡਾਂ ਲਈ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ 150 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ ਜਿਸ ਅਧੀਨ ਵਿਸ਼ਵ-ਪੱਧਰੀ ਸਟੇਡੀਅਮ ਉਸਾਰੇ ਜਾ ਰਹੇ ਹਨ। ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਵਿਕਸਤ ਕੀਤਾ ਗਿਆ ਹੈ। ■




ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਜਲਾਲਾਬਾਦ (ਫਿਰੋਜ਼ਪੁਰ) ਦੇ ਪਿੰਡ ਪੱਕਾ ਕਾਲੇ ਵਾਲਾ ਵਿੱਚ ਬਿਜਲੀ ਦੇ 66 ਕੇ ਵੀ ਗਰਿੱਡ ਸਟੇਸ਼ਨ ਦਾ ਨੀਂਹ ਪੱਥਰ ਰੱਖਦੇ ਹੋਏ।

## ਮੁੱਖ ਮੰਤਰੀ ਵੱਲੋਂ ਹੜ੍ਹ ਰੋਕੂ ਪ੍ਰਬੰਧ ਦਾ ਜਾਇਜ਼ਾ

ਪੰਜਾਬ ਦੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਸਿੰਜਾਈ ਵਿਭਾਗ ਨੂੰ ਮੌਨਸੂਨ ਰੁੱਤ ਤੋਂ ਪੈਦਾ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੀ ਸੰਭਾਵੀ ਹਾਲਾਤ ਨਾਲ ਨਜਿੱਠਣ ਲਈ ਇਕ ਸਾਂਝੀ ਨੀਤੀ ਉਲੀਕਣ ਦੇ ਹੁਕਮ ਦਿੱਤੇ ਹਨ। ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਉਨ੍ਹਾਂ ਨੇ ਪ੍ਰਸ਼ਾਸਨ ਨੂੰ ਚੌਕਸੀ ਵਰਤਣ ਦੀ ਹਦਾਇਤ ਦਿੰਦਿਆਂ ਮੁੱਖ ਸਕੱਤਰ ਨੂੰ ਡਿਪਟੀ ਕਮਿਸ਼ਨਰਾਂ ਨੂੰ ਨਿੱਜੀ ਤੌਰ 'ਤੇ ਹੜ੍ਹ-ਰੋਕੂ ਕੰਮਾਂ, ਖਾਸ ਕਰਕੇ ਬਰਸਾਤੀ ਨਾਲਿਆਂ ਦੀ ਸਫਾਈ ਦੀ ਨਿਗਰਾਨੀ ਕਰਨ ਲਈ ਤੁਰੰਤ ਆਦੇਸ਼ ਜਾਰੀ ਕਰਨ ਲਈ ਵੀ ਆਖਿਆ। ਉਨ੍ਹਾਂ ਨੇ ਸਿੰਜਾਈ ਵਿਭਾਗ ਨੂੰ ਆਖਿਆ ਕਿ ਅਜਿਹੇ ਸਾਰੇ ਕੰਮ 15 ਜੁਲਾਈ ਤੱਕ ਬਾਰਸ਼ਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਕੀਤੇ ਜਾਣ ਤੇ ਉਨ੍ਹਾਂ ਸਾਰੇ ਨਾਜ਼ੁਕ ਖੇਤਰਾਂ 'ਤੇ ਕਰੜੀ ਨਿਗਰਾਨੀ ਰੱਖੀ ਜਾਵੇ ਜਿੱਥੇ ਭਾਰੀ ਜਾਨੀ ਤੇ ਮਾਲੀ ਨੁਕਸਾਨ ਦਾ ਖ਼ਦਸ਼ਾ ਹੈ। ਡਿਪਟੀ ਕਮਿਸ਼ਨਰਾਂ ਨੂੰ 3.60 ਕਰੋੜ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ।

ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਡਰੇਨੇਜ ਵਿਭਾਗ ਨੂੰ 122 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਹੈ ਤਾਂ ਜੋ ਸਿੰਜਾਈ ਵਿਭਾਗ ਹੜ੍ਹ-ਸੁਰੱਖਿਆ ਦੇ ਸਬੰਧ ਵਿੱਚ ਕੀਤੇ ਜਾਣ ਵਾਲੇ ਕੰਮਾਂ ਨੂੰ ਮੁਕੰਮਲ ਕਰ ਸਕੇ। 122 ਕਰੋੜ ਰੁਪਏ ਵਿੱਚੋਂ 101.75 ਕਰੋੜ ਰੁਪਏ ਨਾਬਾਰਡ ਵੱਲੋਂ ਪ੍ਰਵਾਨ ਕੀਤੇ ਗਏ ਹਨ। ਹੜ੍ਹਾਂ ਨੂੰ ਰੋਕਣ ਲਈ ਸਮਾਂ-ਬੱਧ ਸੀਮਾਂ ਅੰਦਰ ਸਾਰੇ ਕੰਮ ਮੁਕੰਮਲ ਕਰਨ ਦੀਆਂ ਸਖਤ ਹਦਾਇਤਾਂ ਜਾਰੀ ਕਰਦੇ ਹੋਏ ਸਿੰਚਾਈ ਮੰਤਰੀ ਸ. ਜਨਮੇਜਾ ਸਿੰਘ ਸੇਖੋਂ ਨੇ ਕਿਹਾ ਕਿ 1198.05 ਕਿਲੋ ਮੀਟਰ ਲੰਬੇ ਹੜ੍ਹ-ਰੋਕੂ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਵਿਭਾਗ ਦੇ ਹਰ ਮੁਲਾਜ਼ਮ ਨੂੰ ਹਦਾਇਤ ਕਰ ਦਿੱਤੀ ਗਈ ਹੈ। ਪੰਜਾਬ ਦੇ ਦੱਖਣ-ਪੱਛਮੀ ਖੇਤਰਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਰਾਜ ਸਰਕਾਰ ਨੇ ਪਹਿਲਾਂ ਹੀ ਨਾਬਾਰਡ ਦੇ ਦਿਹਾਤੀ ਬੁਨਿਆਦੀ ਢਾਂਚਾ ਅਤੇ ਵਿਕਾਸ ਫੰਡ ਹੇਠ 19 ਪ੍ਰੋਜੈਕਟਾਂ ਦੀ ਪ੍ਰਵਾਨਗੀ ਦਿੱਤੀ ਹੋਈ ਹੈ ਤੇ ਇਨ੍ਹਾਂ ਵਿੱਚੋਂ 14 ਪ੍ਰੋਜੈਕਟ ਮੁਕੰਮਲ ਹੋ ਚੁੱਕੇ ਹਨ ਤੇ ਪੰਜ ਹੋਰ ਮੁਕੰਮਲ ਹੋਣ ਦੇ ਨੇੜੇ ਹੈ। ਫਿਰੋਜ਼ਪੁਰ, ਫਰੀਦਕੋਟ ਮੁਕਤਸਰ ਅਤੇ ਹੋਰ ਜ਼ਿਲ੍ਹਿਆਂ ਦੀਆਂ ਡਰੇਨਾਂ ਵਿੱਚੋਂ ਮਾਨਸੂਨ ਤੋਂ ਪਹਿਲਾਂ ਗਾਰ ਕੱਢਣ ਦਾ ਕੰਮ ਜੰਗੀ-ਪੱਧਰ 'ਤੇ ਚੱਲ ਰਿਹਾ ਹੈ।

## ਵਿਸ਼ੇਸ਼ ਸੁਰੱਖਿਆ ਪੈਕਜ

ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਤੋਂ ਪੰਜਾਬ, ਜੋ ਕਿ ਸਰਹੱਦੀ ਰਾਜ ਹੈ, ਲਈ ਵਿਸ਼ੇਸ਼ ਸੁਰੱਖਿਆ ਪੈਕਜ ਦੀ ਮੰਗ ਕੀਤੀ ਹੈ ਤਾਂ ਜੋ ਅੰਤਰ-ਰਾਸ਼ਟਰੀ ਪੱਧਰ ਦੇ ਅੱਤਵਾਦ ਦਾ ਮੁਕਾਬਲਾ ਕਰਨ ਅਤੇ ਗੁਆਂਢੀ ਦੇਸ਼ ਤੋਂ ਨਸ਼ੀਲੀਆਂ ਵਸਤਾਂ ਦੀ ਵਧ ਰਹੀ ਤਸਕਰੀ ਨੂੰ ਨੱਥ ਪਾਉਣ ਲਈ ਪੰਜਾਬ ਪੁਲੀਸ ਦਾ ਆਧੁਨਿਕੀਕਰਨ ਕੀਤਾ ਜਾ ਸਕੇ। ਉਨ੍ਹਾਂ ਆਖਿਆ ਕਿ ਗੁਆਂਢੀ ਮੁਲਕ ਵਿੱਚ ਬੀਤੇ ਕੁਝ ਸਮੇਂ ਤੋਂ ਵਧ ਰਹੀਆਂ ਅੱਤਵਾਦੀ ਗਤੀਵਿਧੀਆਂ ਨੂੰ ਮੁੱਖ ਰੱਖਦਿਆਂ ਅਤੇ ਨਸ਼ੀਲੀਆਂ ਵਸਤੂਆਂ ਦੀ ਤਸਕਰੀ ਨੂੰ ਠੱਲ੍ਹ ਪਾਉਣ ਲਈ ਜ਼ਰੂਰੀ ਹੋ ਗਿਆ ਹੈ।

# ਤੁਹਾਡਾ ਹੁੰਗਾਰਾ

## ਨਿੱਖਰਿਆ ਹੋਇਆ ਮਿਜ਼ਾਜ

'ਜਾਗ੍ਰਤੀ' ਅਪਰੈਲ 2011 ਦਾ ਅੰਕ ਮਿਲਿਆ। ਮੈਂ ਇਹ ਪੱਤ੍ਰਿਕਾ ਇਕ ਸਾਲ ਤੋਂ ਪੜ੍ਹ ਰਹੀ ਹਾਂ ਪਰ ਇਸ ਵਾਰ ਇਸ ਦਾ ਰੰਗੀਨ ਮਿਜ਼ਾਜ ਕੁਝ ਵਧੇਰੇ ਹੀ ਨਿੱਖਰ ਕੇ ਸਾਹਮਣੇ ਆਇਆ ਹੈ। ਇਸ ਅੰਕ ਵਿੱਚ ਕੋਈ ਵੀ ਅਜਿਹਾ ਲੇਖ ਨਹੀਂ ਨਜ਼ਰ ਆਇਆ ਜਿਸ ਬਾਰੇ ਕਹਿ ਸਕੀਏ ਕਿ ਪਸੰਦ ਨਹੀਂ ਆਇਆ। ਪਰ 'ਨੰਨ੍ਹੀ ਛਾਂ ਦਾ ਫੈਲਾਅ', 'ਨਿਰਮਲ ਜਲ' ਅਤੇ 'ਦੇਸੀ ਮੇਲਾ, ਵਿਦੇਸ਼ੀ ਤੜਕਾ' ਬਹੁਤ ਪਸੰਦ ਆਏ। ਇਸ ਅੰਕ ਦਾ ਸਾਰਾ ਮੈਟਰ ਵਧੀਆ ਸੀ ਪਰ ਬੱਚਿਆਂ ਦੀ ਮਾਨਸਿਕ ਸਿਹਤ ਸੰਭਾਲ ਬਾਰੇ ਵੀ ਲੇਖ ਛਾਪੇ ਜਾਣੇ ਚਾਹੀਦੇ ਹਨ।

***ਗੁਰਉਪਦੇਸ਼ ਕੌਰ, ਅਜੀਤ ਨਗਰ, ਪਟਿਆਲਾ।***

## ਉਜਲੇ ਭਵਿੱਖ ਲਈ ਦੁਆ

'ਜਾਗ੍ਰਤੀ' ਅਪਰੈਲ 2011 ਅੰਕ ਦੇਖਿਆ ਤੇ ਚੰਗੀ ਤਰ੍ਹਾਂ ਪੜ੍ਹਿਆ। ਇਸ ਮੈਗਜ਼ੀਨ ਦਾ ਨਵਾਂ ਰੰਗ-ਰੂਪ ਬਹੁਤ ਵਧੀਆ ਲੱਗਾ ਹੈ। ਇਸ ਮੈਗਜ਼ੀਨ ਨਾਲ ਮੇਰਾ ਰਿਸ਼ਤਾ ਤਕਰੀਬਨ ਛੇ ਦਹਾਕੇ ਪੁਰਾਣਾ ਹੈ ਤੇ ਲੇਖਕ ਹੋਣ ਦੇ ਨਾਤੇ ਮੈਂ ਇਸ ਨਾਲ ਲਗਾਤਾਰ ਜੁੜਿਆ ਰਿਹਾ ਹਾਂ। ਇਸੇ ਲਈ ਇਸ ਵਿੱਚ ਲਿਆਂਦੀ ਗਈ ਉਸਾਰੂ ਤਬਦੀਲੀ ਨੂੰ ਪਿਛਲੇ ਅੰਕਾਂ ਦੇ ਮੁਕਾਬਲੇ ਏਨੇ ਗਹੁ ਨਾਲ ਵੇਖ ਸਕਿਆ ਹਾਂ। ਹੁਣ ਵੀ ਲੇਖਕ ਵਜੋਂ ਮੈਂ ਇਸ ਲਈ ਆਪਣਾ ਤਿਲ-ਫੁੱਲ ਅਰਪਿਤ ਕਰਦਾ ਰਹਾਂਗਾ। ਉਮੀਦ ਹੈ ਕਿ ਅਗਲੇ ਅੰਕਾਂ ਵਿੱਚ ਇਸ ਅੰਦਰ ਹੋਰ ਨਿਖ਼ਾਰ ਆਏਗਾ। ਇਸ ਦੇ ਉਜਲੇ ਭਵਿੱਖ ਲਈ ਦੁਆ ਕਰਦਾ ਹਾਂ।

***ਡਾ ਹਰਨੇਕ ਸਿੰਘ ਕੋਮਲ, ਗਲੀ ਵਿਕਾਸ ਪਬਲਿਕ ਸਕੂਲ, ਮਲੋਟ (ਮੁਕਤਸਰ)।***

## ਸਮਾਜਕ ਵਿਸ਼ੇ ਵੀ ਲਵੋ

ਅਪਰੈਲ ਦਾ 'ਜਾਗ੍ਰਤੀ' ਅੰਕ ਪ੍ਰਾਪਤ ਹੋਇਆ। ਤੁਸੀਂ ਇਸ ਬਾਰੇ ਪਾਠਕਾਂ ਦੇ ਸੁਝਾਅ ਮੰਗੇ ਹਨ, ਇਹ ਵੀ ਚੰਗੀ ਗੱਲ ਹੈ। ਪਰ ਵੇਖਿਆ ਹੈ ਕਿ ਇਸ ਵਿੱਚ ਰਾਜਨੀਤੀ ਦੀ ਸਾਮੱਗਰੀ ਕੁਝ ਜ਼ਿਆਦਾ ਹੈ। ਹੋਰ ਵੀ ਸਮਾਜਕ ਵਿਸ਼ੇ ਲਏ ਜਾ ਸਕਦੇ ਹਨ।

***ਸ਼ਮਿੰਦਰ ਕੌਰ, ਪੱਟੀ (ਅੰਮ੍ਰਿਤਸਰ)***

## ਪ੍ਰਚਾਰ ਮੈਗਜ਼ੀਨ ਨਾ ਬਣਾਓ

'ਜਾਗ੍ਰਤੀ' ਦੇ ਮਾਰਚ ਤੇ ਅਪਰੈਲ ਅੰਕ ਪੜ੍ਹੇ ਹਨ। ਵਿਕਾਸ ਗਤੀ ਵਿੱਚ ਨਵਾਂ ਕਰੰਟ ਤਾਂ ਨਵੀਆਂ ਯੋਜਨਾਵਾਂ ਨਾਲ ਹੀ ਭਰਿਆ ਪਿਆ ਹੈ। ਕਰੰਟ ਕਿੱਥੇ ਹੈ ? 'ਪਾਣੀਆਂ ਦਾ ਮਸਲਾ' ਲੇਖ ਪਸੰਦ ਆਇਆ ਪਰ ਇਹ ਰੇੜਕਾ ਬੀਤੀ ਸਦੀ ਦੀ ਦੇਣ ਹੈ। ਤੁਸਾਂ ਲੇਖਾਂ ਬਾਰੇ ਪਸੰਦ ਪੁੱਛੀ ਹੈ। ਖੰਡ, ਸ਼ੱਕਰ ਜਾਂ ਗੁੜ ਵਿੱਚ ਲਪੇਟ ਕੇ ਕੌੜੀ ਦਵਾ ਦਿਉ ਜੀ। ਅਪਰੈਲ ਅੰਕ ਵਿੱਚ 'ਜਾਗ੍ਰਤੀ ਬਿਊਰੋ' ਭਾਰੀ ਹੈ। ਆਪਣੀ ਸਰਕਾਰ ਦੀ ਗੱਲ ਕਰੋ ਪਰ ਉਕਾ ਹੀ ਪ੍ਰਚਾਰ ਮੈਗਜ਼ੀਨ ਨਾ ਬਣਾਓ। 75 ਫੀਸਦੀ ਸਾਹਿਤਕ ਰੱਖੋ, 25 ਫੀਸਦੀ ਸਰਕਾਰੀ ਪ੍ਰਚਾਰ। ਅੰਕ ਵਿੱਚੋਂ ਰੌਚਿਕਤਾ ਮਨਫ਼ੀ ਹੈ। ਮੈਗਜ਼ੀਨ ਦੀ ਵੰਡ ਪ੍ਰਣਾਲੀ ਠੀਕ ਨਹੀਂ।

***ਸਿਰੀ ਰਾਮ ਅਰਸ਼, 204, ਸੈਕਟਰ 65, ਮੋਹਾਲੀ।***




## ਬਹੁਤ ਚੰਗਾ ਉਪਰਾਲਾ

ਇਕ ਦਿਨ ਸਮਰਾਲੇ ਸ਼ਹਿਰ ਵਿੱਚ ਅਖ਼ਬਾਰਾਂ ਦੇ ਏਜੰਟ ਦੀ ਦੁਕਾਨ ਤੋਂ ਅਖ਼ਬਾਰ ਖਰੀਦਣ ਲੱਗਿਆ ਤਾਂ ਉਸਦੇ ਮੇਜ਼ 'ਤੇ 'ਜਾਗ੍ਰਤੀ' ਦੇ ਕਾਫੀ ਸਾਰੇ ਅੰਕ ਪਏ ਹੋਏ ਦਿਖਾਈ ਦਿੱਤੇ। ਅਖ਼ਬਾਰਾਂ ਵਾਲੇ ਨੇ ਮੈਨੂੰ ਤਿੰਨ ਮੈਗਜ਼ੀਨ ਫੜਾ ਦਿੱਤੇ। ਇਹ ਅਪਰੈਲ ਦਾ ਅੰਕ ਸੀ। ਸੱਚ ਮੰਨਣਾ, ਬਹੁਤ ਹੀ ਖ਼ੁਸ਼ੀ ਹੋਈ ਕਿ ਸਰਕਾਰ (ਬਾਦਲ) ਨੇ ਮਾਂ ਬੋਲੀ ਪੰਜਾਬੀ ਦਾ ਵਿਸ਼ੇਸ਼ ਧਿਆਨ ਦਿੰਦਿਆਂ ਇਹ ਨਿੱਗਰ ਉਪਰਾਲਾ ਕੀਤਾ ਹੈ। ਬਹੁਤ ਸ਼ਲਾਘਾਯੋਗ ਹੈ। ਮੈਗਜ਼ੀਨ ਦੇ ਅੰਤ 'ਤੇ ਜੋ ਸੁਝਾਅ ਮੰਗੇ ਗਏ ਹਨ, ਉਹ ਹੋਰ ਵੀ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ। ਪਿੰਡਾਂ 'ਚ ਰਹਿਣ ਵਾਲਾ ਪੇਂਡੂ ਹਾਂ ਪਰ ਮਾਂ ਬੋਲੀ ਪੰਜਾਬੀ ਦਾ ਦਰਦੀ ਤੇ ਕਦਰਦਾਨ ਹਾਂ। ਇਹ ਮੈਗਜ਼ੀਨ ਬਹੁਤ ਧਿਆਨ ਨਾਲ ਪੜ੍ਹਿਆ। ਸਾਰੇ ਹੀ ਲੇਖ ਪਸੰਦ ਆਏ। ਅਸੀਂ ਅਜਿਹੇ ਲੇਖ ਪੜ੍ਹਨਾ ਪਸੰਦ ਕਰਾਂਗੇ ਜਿਹੜੇ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜੇ ਹੋਏ ਹੋਣ ਅਤੇ ਜਿਨ੍ਹਾਂ 'ਚੋਂ ਮਾਂ ਬੋਲੀ ਪੰਜਾਬੀ ਪ੍ਰਤੀ ਸਤਿਕਾਰ ਝਲਕਦਾ ਹੋਵੇ। ਸਰਕਾਰ ਦੀਆਂ ਨੀਤੀਆਂ ਅਤੇ ਕੀਤੇ ਕੰਮਾਂਕਾਰਾਂ ਬਾਰੇ ਜਾਣਕਾਰੀ ਵੀ ਜ਼ਰੂਰੀ ਹੈ। ਨਵੇਂ ਲੇਖਕਾਂ ਨੂੰ ਵੀ ਥਾਂ ਦਿਉ। ਖਾਸ ਤੌਰ 'ਤੇ ਪੰਜਾਬੀ ਲੇਖਕਾਂ ਦੇ ਚੰਗੇ ਵਿਚਾਰ ਇਸ ਵਿੱਚ ਜ਼ਰੂਰ ਛਾਪੇ ਜਾਣ। ਮਾਂ ਬੋਲੀ ਪੰਜਾਬੀ ਪ੍ਰਤੀ ਸਰਕਾਰ ਕੀ-ਕੀ ਕਦਮ ਚੁੱਕ ਰਹੀ ਹੈ, ਇਸ ਬਾਰੇ ਭਰਪੂਰ ਜਾਣਕਾਰੀ ਵੀ ਦਿੱਤੀ ਜਾਵੇ। ਮੇਰਾ ਰੰਗਲਾ ਅਤੇ ਖ਼ੁਸ਼ਹਾਲ ਅਤੇ ਹਸਦਾ ਵਸਦਾ ਪੰਜਾਬ ਕਿਵੇਂ ਪੁਲਾਂਘਾਂ ਪੁੱਟ ਰਿਹਾ ਹੈ ਇਸ ਸੰਬੰਧੀ ਵੀ ਲਗਾਤਾਰ ਜਾਣਕਾਰੀ ਦਿੱਤੀ ਜਾਵੇ। ਜਿਸ ਰੂਪ ਵਿੱਚ ਇਹ ਪਰਚਾ ਛਪਣਾ ਸ਼ੁਰੂ ਹੋਇਆ ਹੈ, ਬਹੁਤ ਹੀ ਚੰਗਾ ਉਪਰਾਲਾ ਹੈ। ਮੇਰੀ ਤਮੰਨਾ ਹੈ ਕਿ 'ਜਾਗ੍ਰਤੀ' ਦਾ ਹਰ ਅੰਕ ਹਰ ਪੰਜਾਬੀ ਦੇ ਘਰ ਦਾ ਸ਼ਿੰਗਾਰ ਬਣੇ। ਉਹ ਇਸਨੂੰ ਪੜ੍ਹੇ ਅਤੇ ਆਪਣੇ ਪੰਜਾਬ ਬਾਰੇ ਜਾਣਕਾਰੀ ਹਾਸਲ ਕਰੇ। ਹੁਣ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਇਹ ਹਰ ਪੰਜਾਬੀ ਤੱਕ ਪਹੁੰਚੇ। ਇਹ ਦੱਸਣ ਦੀ ਕ੍ਰਿਪਾਲਤਾ ਕਰਨੀ ਕਿ ਹਰ ਮਹੀਨੇ ਇਹ ਕਿੱਥੋਂ ਪ੍ਰਾਪਤ ਕੀਤਾ ਜਾਵੇ। ਇਕ ਹੋਰ ਮਸ਼ਵਰਾ ਹੈ : ਪਾਠਕਾਂ ਦੀਆਂ ਚਿੱਠੀਆਂ ਲਈ ਦੋ ਸਫ਼ੇ ਰਾਖਵੇਂ ਕਰੋ। ਪਾਠਕਾਂ ਨੂੰ ਸਵਾਲ ਕਰੋ ਅਤੇ ਅਗਲੇ ਅੰਕ ਵਿੱਚ ਉਨ੍ਹਾਂ ਦੇ ਜਵਾਬ ਛਾਪੋ।

***ਤੇਜਵੰਤ ਸਿੰਘ ਭੰਡਾਲ, ਪਿੰਡ ਤੇ ਡਾਕਖਾਨਾ ਕਨੇਚ (ਲੁਧਿਆਣਾ)***




## ਨਿਵੇਕਲਾ ਕੰਮ

'ਜਾਗ੍ਰਤੀ' ਦਾ ਅਪਰੈਲ ਅੰਕ ਪੜ੍ਹਿਆ। ਸਾਰੇ ਹੀ ਲੇਖ ਪਸੰਦ ਆਏ। ਅਜਿਹੇ ਪੱਤਰ ਕੱਢ ਕੇ ਲੋਕਾਂ ਤੱਕ ਪਹੁੰਚਾਉਣ ਤੋਂ ਹੀ ਪਤਾ ਲੱਗਦਾ ਹੈ ਕਿ ਸਰਕਾਰ ਲੋਕਾਂ ਨਾਲ ਲਗਾਤਾਰ ਆਪਣਾ ਰਾਬਤਾ ਰੱਖਣਾ ਚਾਹੁੰਦੀ ਹੈ। ਲੋਕਾਂ ਲਈ ਵੀ ਆਪਣੇ ਦੁੱਖ ਤਕਲੀਫ਼ ਸਰਕਾਰ ਤੱਕ ਪਹੁੰਚਾ ਸਕਣ ਲਈ ਇਹ ਸੌਖਾ ਰਾਹ ਹੈ। ਸਰਕਾਰ ਵਧੀਆ ਹੈ ਜਿਸ ਨੇ ਸ. ਪਰਕਾਸ਼ ਸਿੰਘ ਬਾਦਲ ਅਤੇ ਸ. ਸੁਖਬੀਰ ਸਿੰਘ ਬਾਦਲ ਦੀ ਦੇਖ ਰੇਖ ਹੇਠ ਪੰਜਾਬ ਨੂੰ ਤਰੱਕੀ ਦੀਆਂ ਲੀਹਾਂ 'ਤੇ ਪਾਇਆ ਹੈ।

ਖੇਡਾਂ ਦਾ ਕੰਮ ਵੀ ਸਰਕਾਰ ਆਪਣੇ ਵੱਲੋਂ ਵਧੀਆ ਕਰ ਰਹੀ ਹੈ। ਇਕ ਗੱਲ ਕਹਾਂਗਾ ਕਿ ਸਰਕਾਰ ਪੰਜਾਬ ਰੋਡਵੇਜ਼ ਵਾਸਤੇ ਬਜਟ ਜ਼ਰੂਰ ਰੱਖੇ ਤੇ ਸਾਰੀ ਬਕਾਇਆ ਰਾਸ਼ੀ ਮੁਲਾਜ਼ਮਾਂ ਨੂੰ ਨਕਦ ਦੇਣ ਦੀ ਕੋਸ਼ਿਸ਼ ਕਰੇ।

***ਸਵਰਨ ਸਿੰਘ, ਪਿੰਡ ਤੇ ਡਾਕਖਾਨਾ ਸੂਰੇ ਵਾਲਾ, ਗਿੱਦੜਬਾਹਾ ( ਮੁਕਤਸਰ)***

# ਤੁਹਾਡੀ ਰਾਏ

1. ਜਾਗ੍ਰਤੀ ਦਾ ਇਹ ਅੰਕ ਤੁਹਾਨੂੰ ਕਿਸ ਤਰੀਕ ਨੂੰ ਮਿਲਿਆ
------------------------------------

2. ਤੁਹਾਨੂੰ ਕਿਹੜੇ ਲੇਖ ਪਸੰਦ ਆਏ
------------------------------------
------------------------------------
------------------------------------
------------------------------------

3. ਤੁਹਾਨੂੰ ਕਿਹੜੇ ਲੇਖ ਪਸੰਦ ਨਹੀਂ ਆਏ, ਵਜ੍ਹਾ ਵੀ ਲਿਖੋ
------------------------------------
------------------------------------
------------------------------------
------------------------------------

4. ਤੁਸੀਂ ਜਾਗ੍ਰਤੀ ਵਿਚ ਕਿਸ ਤਰ੍ਹਾਂ ਦੇ ਲੇਖ ਪੜ੍ਹਨਾ ਚਾਹੋਗੇ
------------------------------------
------------------------------------
------------------------------------
------------------------------------

5. ਪੱਤ੍ਰਿਕਾ ਬਾਰੇ ਤੁਹਾਡੇ ਸੁਝਾਅ
------------------------------------
------------------------------------
------------------------------------
------------------------------------

ਆਪਣਾ ਨਾਂ ------------------------------

ਪਤਾ------------------------------------

------------------------------------

------------------------------------

ਪਿੰਨ ਕੋਡ-------------- ਫੋਨ/ਮੋਬਾਇਲ ----------

--------ਈ-ਮੇਲ--------------------------

ਪੰਜਾਬ ਦੇ ਵਿਕਾਸ ਦੀ ਪੱਤ੍ਰਿਕਾ **ਜਾਗ੍ਰਤੀ** ਰਾਜ ਦੇ ਆਮ ਆਦਮੀ ਅਤੇ ਉਸਦੀ ਚੁਣੀ ਹੋਈ ਸਰਕਾਰ ਵਿਚਾਲੇ ਸੰਪਰਕ ਦਾ ਜ਼ਰੀਆ ਹੈ। ਸਮਾਜ ਅਤੇ ਉਸਦੇ ਚੁਣੇ ਹੋਏ ਨੁਮਾਇੰਦਿਆਂ ਵਿਚ ਸੰਪਰਕ ਦੇ ਇਸ ਜ਼ਰੀਏ ਨੂੰ ਜ਼ਿਆਦਾ ਅਸਰਦਾਰ ਬਣਾਉਣ ਲਈ ਇਹ ਜ਼ਰੂਰੀ ਹੈ ਕਿ ਪਤ੍ਰਿਕਾ ਦੇ ਪਾਠਕਾਂ ਦੀ ਰਹਿਨੁਮਾਈ ਸਾਨੂੰ ਮਿਲਦੀ ਰਹੇ। ਜਾਗ੍ਰਤੀ ਵਿਚ ਸ਼ਾਮਿਲ ਸਮੱਗਰੀ ਤੁਹਾਨੂੰ ਕਿਹੋ ਜਿਹੀ ਲਗਦੀ ਹੈ ਤੇ ਇਹ ਤੁਹਾਡੇ ਲਈ ਕਿੰਨੀ ਲਾਹੇਵੰਦ ਹੈ, ਇਹ ਸਾਨੂੰ ਤੁਸੀਂ ਹੀ ਦੱਸਣਾ ਹੈ। ਤੁਸੀਂ ਚਾਹੋ ਤਾਂ ਪੱਤ੍ਰਿਕਾ ਵਿਚ ਹੋਰ ਕਿਸੇ ਵਿਸ਼ੇ ਨੂੰ ਸ਼ਾਮਿਲ ਕਰਨ ਦੀ ਸਲਾਹ ਵੀ ਦੇ ਸਕਦੇ ਹੋ। ਇਸ ਮੰਤਵ ਲਈ ਕਿਰਪਾ ਕਰਕੇ ਨਾਲ ਲੱਗੇ ਫਾਰਮ ਦੀ ਵਰਤੋਂ ਕਰੋ ਤੇ ਸਾਨੂੰ ਦੱਸੋ ਕਿ ਅਸੀਂ ਤੁਹਾਡੀ ਇਸ ਪਤ੍ਰਿਕਾ ਨੂੰ ਤੁਹਾਡੇ ਲਈ ਹੋਰ ਉਪਯੋਗੀ ਕਿਵੇਂ ਬਣਾ ਸਕਦੇ ਹਾਂ। ਅਸੀਂ ਤੁਹਾਡੀ ਰਾਏ ਅਤੇ ਸੁਝਾਵਾਂ ਦਾ ਇੰਤਜ਼ਾਰ ਕਰਾਂਗੇ।


**ਐਡੀਟਰ-ਇਨ-ਚੀਫ**
**ਜਾਗ੍ਰਤੀ**
ਕਮਰਾ ਨੰ: 7, ਪੰਜਵੀਂ ਮੰਜ਼ਿਲ,
ਪੰਜਾਬ ਸਿਵਲ ਸਕੱਤਰੇਤ, ਸੈਕਟਰ-1,
ਚੰਡੀਗੜ੍ਹ-160001
email: punmedia2011@gmail.com


## ਲੇਖਕਾਂ ਵਾਸਤੇ

ਪੰਜਾਬ ਸਰਕਾਰ ਵੱਲੋਂ ਮਾਰਚ 2011 ਤੋਂ ਆਪਣੀ ਮਾਸਿਕ ਪੱਤ੍ਰਿਕਾ **ਜਾਗ੍ਰਤੀ** ਨੂੰ ਨਵੀਂ ਤੇ ਲੁਭਾਉਣੀ ਦਿੱਖ ਵਿੱਚ ਛਾਪਣਾ ਸ਼ੁਰੂ ਕੀਤਾ ਹੈ ਜਿਸ ਵਾਸਤੇ ਪੰਜਾਬ ਨਾਲ ਸਬੰਧਿਤ ਆਰਥਿਕ, ਸਮਾਜਿਕ, ਸੱਭਿਆਚਾਰਕ, ਧਾਰਮਿਕ, ਵਿੱਦਿਅਕ, ਸਾਹਿੱਤਕ, ਮਨੋਰੰਜਕ ਤੇ ਹੋਰ ਰੌਚਿਕ ਮੁੱਦਿਆਂ 'ਤੇ ਤੁਹਾਡੀਆਂ ਰਚਨਾਵਾਂ ਦੀ ਸਾਨੂੰ ਉਡੀਕ ਰਹੇਗੀ। ਇਹ ਰਚਨਾਵਾਂ ਕਾਗ਼ਜ਼ ਦੇ ਇਕ ਪਾਸੇ ਸੁੰਦਰ ਲਿਖਤ ਵਿੱਚ ਲਿਖ ਕੇ ਤੁਸੀਂ **ਐਡੀਟਰ-ਇਨ-ਚੀਫ**, **ਜਾਗ੍ਰਤੀ**, ਕਮਰਾ ਨੰਬਰ 7, ਪੰਜਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਦੇ ਪਤੇ 'ਤੇ ਜਾਂ ਫਿਰ ਇਸ ਈ-ਮੇਲ **punmedia2011@gmail.com** 'ਤੇ ਭੇਜ ਸਕਦੇ ਹੋ। ਛਪਣ ਉਪਰੰਤ ਰਚਨਾਵਾਂ ਦਾ ਯੋਗ ਮਿਹਨਤਾਨਾ ਵੀ ਦਿੱਤਾ ਜਾਵੇਗਾ। ਵਿਵਾਦ ਵਾਲੀਆਂ ਰਚਨਾਵਾਂ ਨੂੰ ਵਿਚਾਰਨਾ ਸੰਭਵ ਨਹੀਂ ਹੋਵੇਗਾ।

## ਜੂਨ ਦੇ ਦਿਨ ਤਿਉਹਾਰ

| | |
|---|---|
| 05 ਜੂਨ | ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਦੇਵ ਜੀ |
| 10 ਜੂਨ | ਕੌਮਾਂਤਰੀ ਨੇਤਰ ਦਾਨ ਦਿਵਸ |
| 12 ਜੂਨ | ਨਿਰਜਲਾ ਏਕਾਦਸ਼ੀ |
| 15 ਜੂਨ | ਕਬੀਰ ਜੈਯੰਤੀ/ਚੰਦਰਮਾ ਗ੍ਰਹਿਣ |
| 29 ਜੂਨ | ਮਹਾਰਾਜਾ ਰਣਜੀਤ ਸਿੰਘ ਜੀ ਦੀ ਬਰਸੀ |

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ, ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ।
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ਅੱਛਾ ਰੱਜ ਕੇ ਰਾਜ ਕਮਾਇ ਗਿਆ।



ਪੰਜਾਬ ਅਤੇ ਪੰਜਾਬੀਅਤ ਦੇ ਆਲੰਬਰਦਾਰ

# ਸ਼ੇਰ-ਏ-ਪੰਜਾਬ
# ਮਹਾਰਾਜਾ ਰਣਜੀਤ ਸਿੰਘ ਜੀ

ਦੀ 172ਵੀਂ ਸਾਲਾਨਾ ਬਰਸੀ ਦੇ ਮੌਕੇ ਤੇ

## ਪੰਜਾਬ ਸਰਕਾਰ

ਉਹਨਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੀ ਹੈ।



ਸ. ਸੁਖਬੀਰ ਸਿੰਘ ਬਾਦਲ
ਉਪ-ਮੁੱਖ ਮੰਤਰੀ, ਪੰਜਾਬ




ਸ. ਪਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ



ਸ਼੍ਰੀ ਤੀਕਸ਼ਣ ਸੂਦ
ਕੈਬਨਿਟ ਮੰਤਰੀ, ਪੰਜਾਬ

R.N.I. Regd. No. M. 203




If undelivered, please return to PUNMEDIA, Room No. 7, 5th Floor, Punjab Civil Secretariat, Chandigarh-160 001